ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬ੍ਰਹਮ ਗਿਆਨੀ
# ਸੰਤ ਬਾਬਾ ਹਰਨਾਮ ਸਿੰਘ ਜੀ

ਲੇਖਕ
ਦਵਿੰਦਰ ਸਿੰਘ ਗਿੱਲ
ਜੀਆ ਨੱਥਾ

ਪ੍ਰਕਾਸ਼ਕ
ਨਾਮਧਾਰੀ ਸਿੱਖ ਸੰਗਤ
ਗੁਰਦੁਆਰਾ ਸ੍ਰੀ ਭੈਣੀ ਸਾਹਿਬ

## ਏਸੇ ਕਲਮ ਤੋਂ

1. ਬ੍ਰਹਮ ਗਿਆਨੀ ਭਾਈ ਲਾਲੋ
2. ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ
3. ਸੰਤ ਵਰਿਆਮ ਸਿੰਘ ਮੁਸਵਰ - ਜੀਵਨ ਅਤੇ ਚਿੱਤਰਾਂਵਲੀ
4. ਨੰਦੇੜ ਤੋਂ ਬਾਅਦ ਦਸਮ ਗੁਰੂ ਜੀ ਦਾ ਜੀਵਨ
5. ਕਲਮ ਦੇ ਧਨੀ ਸੰਤ ਇੰਦਰ ਸਿੰਘ ਚੱਕਰਵਰਤੀ
6. ਸੰਤ ਨਿਧਾਨ ਸਿੰਘ ਆਲਮ: ਜੀਵਨ ਤੇ ਸਾਹਿਤ ਰਚਨਾ
7. ਪੰਜ ਤਖਤ ਸਾਹਿਬਾਨ ਦੀ ਮਹਾਨਤਾ
8. ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼ (ਸੰਪਾਦਨਾ)
9. ਮਹਿਮਾ ਸਤਿਗੁਰਾਂ ਦੀ (ਸੰਪਾਦਨਾ)
10. ਸੈਣੀ ਸਮਾਜ - ਜੁਗਾਂ ਦੇ ਆਰ ਪਾਰ (ਪ੍ਰੈਸ ਵਿਚ)
11. ਸੰਤ ਹਰਨਾਮ ਸਿੰਘ ਜੀ ਗੜਦੀਵਾਲ ਵਾਲੇ
12. ਅਨੇਕ ਖੋਜ ਪੱਤਰ ਅਤੇ ਲੇਖ ਦੇਸ਼ ਵਿਦੇਸ਼ ਦੀਆਂ ਅਕਬਾਰਾਂ, ਰਸਾਲਿਆਂ ਅਤੇ ਯੂਨੀਵਰਸਿਟੀਆਂ ਵਿਚ ਛੱਪ ਚੁੱਕੇ ਹਨ।

ISBN: 978-81-954954-3-6

# Brahm Giani Sant Harnam Singh Ji Garhdiwal

Brief Life sketches

by

Davinder Singh Gill

Village: Jiya Natha, PO Khuda, Teh Tanda, Hoshiarpur

Ph. 9417769103

All rights reserved

© Namdhari Sikh Sangat

# ਤਤਕਰਾ

ਪ੍ਰਵੇਸ਼ ਕਥਨ................................................................................ 5

ਗੜ੍ਹਦੀਵਾਲਾ ਕਸਬੇ ਦੀ ਪ੍ਰਾਚੀਨਤਾ  ਅਤੇ ਨਾਮਧਾਰੀ ਇਤਿਹਾਸ.............. 7

ਦਾਨੇ ਤੇ ਮਸਤਾਨੇ ਮਹਾਂਪੁਰਸ਼ ਬਾਬੇ ..................................................21

ਬੰਸਾਵਲੀ ਬਾਬਾ ਹਰਨਾਮ ਸਿੰਘ ਜੀ ................................................32

ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ..................................34

ਭੈਣੀ ਸਤਿਗੁਰੂ ਜਾਗਿਆ ...............................................................40

ਬਾਬਾ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਮਿਲਾਪ..........................47

ਬਾਬਾ ਜੀ ਦੇ ਉਪਕਾਰ....................................................................55

ਚੌਧਰੀ ਬੂੜ ਸਿੰਘ ਜੀ .....................................................................64

ਬਾਬਾ ਹਰਨਾਮ ਸਿੰਘ ਜੀ ਦਾ ਅਕਾਲ ਚਲਾਣਾ...................................71

ਬਾਬਾ ਹਰਨਾਮ ਸਿੰਘ ਜੀ ਦੇ ਆਬਾਦ ਅਤੇ  ਅਲੋਪ ਹੋ ਚੁੱਕੇ ਅਸਥਾਨ......76

ਸਹਾਇਕ ਪੁਸਤਕ ਸੂਚੀ...................................................................88

# ਪ੍ਰਵੇਸ਼ ਕਥਨ

ਪ੍ਰਵੇਸ਼ ਕਥਨ ਹੀ ਲਿਖਾਰੀ ਦੀ ਕਲਮ ਦੀ ਮਿਹਨਤ ਨੂੰ ਪਾਠਕਾਂ ਅੱਗੇ ਉਜਾਗਰ ਕਰਦਾ ਹੈ। ਉਸ ਪ੍ਰਵੇਸ਼ ਕਥਨ ਬਾਰੇ ਪਹਿਲਾਂ ਲਿਖਾਰੀ ਆਪ ਵਿਚਾਰਧਾਰਾ ਨੂੰ ਪ੍ਰਗਟ ਕਰਦਾ ਹੈ, ਫਿਰ ਉਹ ਕਲਮ ਦੀ ਨੋਕ ਨਾਲ ਆਪਣੇ ਨਾਇਕ ਦੇ ਗੁਣਾਂ ਨੂੰ ਪ੍ਰਗਟ ਕਰਦਾ ਹੈ ਅਤੇ ਉਸਦੇ ਔਗੁਣਾਂ ਗੁਣਾਂ ਦਾ ਰੂਪ ਦੇਣ ਦੀ ਕੋਸ਼ਿਸ਼ ਕਰਦਾ ਹੈ। ਨਾਇਕ ਦੀ ਆਕਰਸ਼ਿਕ ਸ਼ਖ਼ਸੀਅਤ ਨੂੰ ਪ੍ਰਗਟ ਕਰਨ ਲਈ ਇਤਿਹਾਸ ਅਤੇ ਮਿਥਿਹਾਸ ਦਾ ਮਿਲ ਗੋਭਾ ਕਰਕੇ ਆਪਣੇ ਨਾਇਕ ਨੂੰ ਪ੍ਰਗਟ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਦੇਦਾ ਹੈ।

ਬਾਬਾ ਹਰਨਾਮ ਸਿੰਘ ਜੀ ਗੜ੍ਹਦੀਵਾਲਾ ਜੀ ਸਾਡੀ ਲਿਖਤ ਦੇ ਸਰਬਪੱਖੀ ਨਾਇਕ ਹਨ। ਉਹਨਾਂ ਦਾ ਇਤਿਹਾਸ ਅਤੇ ਕੀਰਤੀ ਨੂੰ ਉਹਨਾਂ ਦੇ ਸੇਵਕਾਂ ਨੇ ਘੱਟੇ ਕੌਡੀ ਰੋਲ ਛਡਿਆ ਹੈ। ਉਹਨਾਂ ਦੀ ਕੀਰਤੀ ਨੂੰ ਬਹੁਤ ਘੱਟ ਲਿਖਾਰੀਆਂ ਨੇ ਉਜਾਗਰ ਕਰਨ ਵੱਲ ਧਿਆਨ ਦਿੱਤਾ ਹੈ। ਉਹ ਨਿਵੇਕਲੀ ਜੀਵਨ ਸ਼ੈਲੀ ਦੇ ਮਾਲਕ ਸਨ। ਉਹ, ਸਤਿਗੁਰੂ ਰਾਮ ਸਿੰਘ ਜੀ ਦੇ ਪੂਜਨੀਕ ਸੇਵਕ ਹੋਣ ਤੇ ਵੀ ਇਤਿਹਾਸ ਦੇ ਗ੍ਰੰਥਾਂ ਵਿਚ ਉਹਨਾਂ ਦਾ ਨਾਮ ਆਇਆ ਹੀ ਨਹੀਂ ਸਗੋਂ ਉਹ ਦਾਨੇ ਤੇ ਮਸਤਾਨੇ ਸੰਤ ਪਦਵੀ ਵਿਚ ਵਿਚਰਨ ਵਾਲੇ ਨਿਵੇਕਲੇ ਸੰਤ ਸਨ। ਮੈਨੂੰ ਮਾਣ ਹੈ ਕਿ ਉਹ ਸਾਡੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਾਡੇ ਪਿੰਡ ਦੇ ਨੇੜੇ ਪਿੰਡ ਭਟੀਆਂ ਵਾਲੇ ਕੂਕਿਆਂ ਦੇ ਸਿਰਜੇ ਹੋਏ ਡੇਰਿਆਂ ਵਿਚ ਜਿਆਦਾ ਸਮਾਂ ਰਹੇ ਅਤੇ ਲੋਕਾਈ ਤੇ ਅਪਾਰ ਕਿਰਪਾ ਕਰਦੇ ਰਹੇ।

ਅੱਜ ਉਹਨਾਂ ਦੇ ਭੱਟੀਆਂ ਪਿੰਡ ਵਾਲੇ ਡੇਰੇ ਵਿਚ ਬਰਸੀ ਸਮਾਗਮ ਸਮੇਂ ਅਕਾਲੀ ਵਿਚਾਰਧਾਰਾਂ ਵਾਲੇ ਬੁਲਾਰੇ ਇਕ ਹੋਰ ਹੀ ਬਾਬਾ ਹਰਨਾਮ ਸਿੰਘ (ਰਾਮਪੁਰ ਖੇੜੇ ਵਾਲੇ) ਦਾ ਜੀਵਨ ਸਟੇਜ ਤੇ ਸੁਣਾ ਜਾਂਦੇ ਹਨ ਜੋ ਹਰਚੰਦ ਸਿੰਘ ਲੋਗੋਵਾਲ ਅਤੇ ਸੰਤ ਭਿੰਡਰਾਂਵਾਲਿਆਂ ਦੇ ਸੰਗੀ ਸਾਥੀ ਸਨ। ਉਹਨਾਂ ਲੋਕਾਂ ਦੇ ਗਿਆਨ ਵਿਚ ਵਾਧਾ ਕਰਨ ਲਈ ਸੰਤ ਹਰਨਾਮ ਸਿੰਘ ਜੋ ਇਸ ਕੂਕਿਆਂ ਦੇ ਡੇਰੇ ਨਾਲ ਸੰਬੰਧਤ ਸਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ਸੇਵਕ ਸਨ, ਉਹਨਾਂ ਦਾ ਜੀਵਨ ਇਹਨਾਂ ਪੰਨਿਆਂ ਵਿਚ ਉਲੀਕਣ ਦਾ ਯਤਨ ਕੀਤਾ ਹੈ। ਆਸ ਹੈ ਕਿ ਪਾਠਿਕ ਮੇਰੀ ਇਸ ਲਿਖਤ ਨੂੰ ਪਸੰਦ ਕਰਨਗੇ।

ਪ੍ਰਿੰਸੀਪਲ ਤ੍ਰਿਲੋਕ ਸਿੰਘ ਜੀ ਦਾ ਧੰਨਵਾਦ ਹੈ ਕਿ ਉਹਨਾਂ ਨੇ ਸਮਾਂ ਕੱਢ ਕੇ ਪੂਰਾ ਸਾਥ ਦਿੱਤਾ ਅਤੇ ਪੁਸਤਕ ਲਈ ਥਾਂ-ਥਾਂ ਜਾ ਕੇ ਆਪਣੇ ਕੈਮਰੇ ਨਾਲ ਤਸਵੀਰਾਂ ਤਿਆਰ ਕਰਵਾਈਆਂ ਅਤੇ ਪੁਸਤਕ ਦੇ ਆਕਾਰ ਨਾਲ ਮੇਲ ਕਰਦੀਆਂ ਮੇਰੇ ਤੱਕ ਪਹੁੰਚਾਈਆਂ ਸੀ।

ਮੈਂ ਧੰਨਵਾਦੀ ਹਾਂ ਮਾਸਟਰ ਬਖਸ਼ੀਸ਼ ਸਿੰਘ ਜੀ ਪਿੰਡ ਖੁਣ ਖੁਣ ਕਲਾਂ ਵਾਲਿਆਂ ਦਾ, ਜਿਨ੍ਹਾਂ ਨੇ ਬਾਬਾ ਜੀ ਦੀ ਬੰਸਾਵਲੀ ਹਰਦੁਆਰ ਤੋਂ ਲਿਆਂਦੀ ਸੀ ਜੋ ਮੇਰੇ ਤੱਕ ਉਹਨਾਂ ਦੇ ਪਰਿਵਾਰ ਵਲੋਂ ਪਹੁੰਚਾਈ ਗਈ।

ਮੈਂ ਧੰਨਵਾਦੀ ਹਾਂ ਬ੍ਰਹਮ ਗਿਆਨੀ ਭਗਤ ਅਰਜਨਦਾਸ ਜੀ ਦਾ ਜੋ ਸਮੇਂ ਸਮੇਂ ਬਾਬਾ ਜੀ ਬਾਰੇ ਮੈਨੂੰ ਇਤਿਹਾਸਕ ਘਟਨਾਵਾਂ ਦੀ ਜਾਣਕਾਰੀ ਦੇਂਦੇ ਰਹੇ। ਇਹਨਾਂ ਤੋਂ ਬਿਨਾਂ ਸ. ਭੁਲਾ ਸਿੰਘ ਖੁਣ ਖੁਣ ਕਲਾਂ, ਚੌਧਰੀ ਅਨੰਤ ਰਾਮ ਖੁਣ-ਖੁਣ ਕਲਾਂ, ਸੰਤ ਸੂਰਤ ਸਿੰਘ ਨਾਮਧਾਰੀ ਖੁਣ ਖੁਣ ਕਲਾਂ, ਸੰਤ ਕਸ਼ਮੀਰ ਸਿੰਘ ਸ੍ਰੀ ਭੈਣੀ ਸਾਹਿਬ (ਪਿੰਡ ਤੋਏ ਵਾਲੇ), ਜਥੇਦਾਰ ਸੰਤ ਪ੍ਰਭਜੋਤ ਸਿੰਘ (ਰਾਣੀ ਪਿੰਡ ਵਾਲੇ) ਆਦਿਕ ਨੇ ਮੇਰੀ ਮਦਤ ਕੀਤੀ ਅਤੇ ਪੁਸਤਕ ਹਰ ਪੱਖ ਤੋਂ ਗਿਆਨ ਭਰਪੂਰ ਕਰਨ ਦੀ ਕੋਸ਼ਿਸ਼ ਕੀਤੀ ਹੈ।ਮੈਂ ਧੰਨਵਾਦੀ ਹਾਂ ਸੰਤ ਗੁਰਲਾਲ ਸਿੰਘ ਗਿੱਲ (ਸੰਪਾਦਕ ਸਤਿਜੁਗ ਅਖਬਾਰ) ਦਾ ਜਿਹਨਾਂ ਨੇ ਕੀਮਤੀ ਸੁਝਾਅ ਦਿੱਤੇ, ਸੰਤ ਤਰਨ ਸਿੰਘ ਬਲ ਨੇ ਪੂਰੀ ਦਿਲਚਸਪੀ ਨਾਲ ਇਸ ਲਿਖਤ ਨੂੰ ਟਾਇਪ ਕਰਕੇ ਡੀਜੀਟਲ ਕੀਤਾ।ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਾਰ ਕਿਰਪਾ ਕੀਤੀ ਹੈ ਜਿਨ੍ਹਾਂ ਦੀ ਅਪਾਰ ਕਿਰਪਾ ਸਦਕਾ ਮੇਰੇ ਕੋਲੋ ਪੁਸਤਕ ਲਿਖਵਾ ਕੇ ਪਾਠਕਾਂ ਦੇ ਹੱਥਾਂ ਵਿਚ ਲਿਆਂਦੀ ਹੈ।

ਪਾਠਕਾਂ ਦੇ ਹੁੰਗਾਰੇ ਦਾ ਉਡੀਕਵਾਨ


ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)
ਡਾਕ ਖਾਨਾ - ਖੁੱਡਾ 144305
ਜਿਲ੍ਹਾ - ਹੁਸ਼ਿਆਰਪੁਰ
ਮੋਬਾਇਲ - 94177-69103

ਸਤੰਬਰ, 2026

# ਗੜ੍ਹਦੀਵਾਲਾ ਕਸਬੇ ਦੀ ਪ੍ਰਾਚੀਨਤਾ ਅਤੇ ਨਾਮਧਾਰੀ ਇਤਿਹਾਸ

ਗੜ੍ਹਦੀਵਾਲਾ ਕਸਬੇ ਦਾ ਇਤਿਹਾਸ ਪੱਥਰ ਯੁਗ ਤੋਂ ਮੇਲ ਖਾਂਦਾ ਹੈ। ਪ੍ਰਾਚੀਨ ਸਮੇਂ ਅਤੇ ਵਰਤਮਾਨ ਸਮੇਂ ਵਿਚ ਇਹ ਕੰਢੀ ਇਲਾਕੇ ਦਾ ਪ੍ਰਵੇਸ਼ ਦੁਆਰ ਰਿਹਾ ਹੈ ਅਤੇ ਜ਼ਿਲਾ ਹੁਸਿਆਰ ਪੁਰ ਦੇ ਹੋਰ ਇਲਾਕਿਆਂ ਦੀ ਤਰ੍ਹਾਂ ਇਥੇ ਵੀ ਚੋਆਂ ਦੀ ਬਹੁਤਾਤ ਰਹੀ ਹੈ। ਸ਼ਿਵਾਲਕ ਪਹਾੜੀਆਂ ਦੇ ਹੇਠਾਂ ਹੁਸ਼ਿਆਰਪੁਰ ਤੋਂ ਦਸੂਹਾ ਸੜਕ ਤੇ 18 ਮੀਲ ਦੂਰੀ ਤੇ ਸਥਿਤ ਕਸਬਾ ਹੈ। ਇਸ ਸ਼ਹਿਰ ਦੀ ਪ੍ਰਾਚੀਨਤਾ ਦੀ ਗਵਾਹੀ ਢੋਲਬਾਹਾ, ਰਾਮਟਟਵਾਲੀ, ਤੱਖਣੀ, ਵਿਰਾਟ ਰਾਜ (ਦਸੂਹਾ) ਭਰਦੀਆਂ ਹਨ। ਦਸੂਹਾ ਸ਼ਹਿਰ ਜਿਸਦਾ ਮੁੱਢਲਾ ਨਾਮ ਵਿਰਾਟ ਨਗਰੀ ਸੀ, ਇਥੇ ਪੰਜਾਂ ਪਾਡਵਾਂ ਨੇ ਆ ਕੇ ਨਿਵਾਸ ਕੀਤਾ ਸੀ ਅਤੇ ਗੜ੍ਹਦੀਵਾਲਾ ਦੀ ਧਰਤੀ ਨੂੰ ਚਰਨ ਛੋਹ ਬਖਸ਼ੀ ਸੀ। ਇਥੋਂ ਦਾ ਮੈਦਾਨੀ ਇਲਾਕਾ ਸੀਰੋਵਾਲ (1088 ਈ.) ਸਮੇਂ ਇਸਲਾਮਿਕ ਸ਼ਾਸ਼ਕ ਸਮੇਂ ਇਬਰਾਹੀਮ ਘੋੜ ਅਧੀਨ ਅਤੇ ਕੰਢੀ ਦਾ ਇਲਾਕਾ ਹਿੰਦੂ ਰਾਜਪੂਤਾਂ ਅਧੀਨ ਰਿਹਾ ਹੈ। ਕਈ ਉਥਲ ਪੁਥਲ ਤੋਂ ਬਾਅਦ 1422 ਈ. ਨੂੰ ਜਸਰਥ ਖੋਖਰ ਦਾ ਵੀ ਇਥੇ ਕਬਜ਼ਾ ਰਿਹਾ। ਫਿਰ 1525 ਈ. ਵਿਚ ਬਾਬਰ ਬਾਦਸ਼ਾਹ ਨੇ ਹਰਿਆਣਾ ਭੂੰਗਾ ਦੇ ਨੇੜੇ ਮਲੌਂਦ ਦੇ ਕਿਲ੍ਹੇ ਵਿਚ ਦੌਲਤਖਾਂ ਲੋਧੀ ਨੂੰ ਘੇਰ ਕੇ ਕੈਦ ਕਰ ਲਿਆ। ਉਸ ਤੋਂ ਬਾਅਦ ਸ਼ੇਰ ਸ਼ਾਹ ਸੂਰੀ ਨੇ ਕਾਂਗੜਾ ਤੇ ਇਸ ਇਲਾਕੇ ਤੇ ਥੋੜਾ ਚਿਰ ਰਾਜ ਕੀਤਾ ਸੀ। ਫਿਰ ਇਸ ਇਲਾਕੇ ਤੇ ਡਡਵਾਲਾਂ ਨੇ ਕਬਜਾ ਕਰ ਲਿਆ ਅਤੇ 16 ਵੀ ਸਦੀ ਦੇ ਅੰਤ ਵਿਚ ਮੁਗਲਾਂ ਨੇ ਹੁਸਿਆਰਪੁਰ-ਦੁਆਬ-ਜਲੰਧਰ, ਗੜ੍ਹਦੀਵਾਲਾ ਨੂੰ ਆਪਣੇ ਅਧੀਨ ਕਰ ਲਿਆ ਸੀ। 'ਆਈ-ਨੇ ਅਕਬਰੀ' ਅਨੁਸਾਰ ਅਕਬਰ ਸਮਰਾਟ ਨੇ ਗੜ੍ਹਦੀਵਾਲਾ ਦੇ ਜੱਟ ਸਹੋਤਿਆਂ ਨੂੰ ਇਸ ਇਲਾਕੇ ਮਾਹਲਾਂ ਦੀ ਜ਼ਮੀਨ ਇਕ ਹਿੱਸਾ, ਮਾਹਿਲਪੁਰ ਦੇ ਬੈਸਾਂ ਨੂੰ ਇਕ ਹਿੱਸਾ ਤੇ ਅੱਧਾ ਹਿੱਸਾ ਬੁਢੀ ਪਿੰਡ ਦੇ ਚੌਹਾਨਾਂ ਨੂੰ ਅਲਾਟ ਕੀਤਾ ਸੀ। ਇਸ ਪਰਗਨੇ ਅੰਦਰ 58083 ਬਿਘਾ ਜ਼ਮੀਨ ਸੀ ਤੋਂ 27 ਲੱਖ ਦਾਮ (ਦਮੜਾ) ਮਾਮਲਾ ਆਉਂਦਾ ਸੀ। ਉਸ ਇਲਾਕੇ ਦੀ ਰਾਖੀ ਲਈ ਜੁੰਮੇਵਾਰੀ 20 ਘੋੜ ਸਵਾਰ ਅਤੇ 200 ਪਿਆਦੇ ਤਾਇਨਾਤ ਹੁੰਦੇ ਸਨ ਜੋ ਹਾਕਮਾਂ ਦੀ ਤਾਬਿਆਦਾਰੀ ਕਰਦੇ ਸਨ।

ਮੁਗਲ ਸਾਮਰਾਜ ਕਮਜ਼ੋਰ ਹੋਣ ਦੇ ਨਾਲ ਪੰਜਾਬ ਵਿਚ ਹੰਨੇ ਹੰਨੇ ਮੀਰੀ ਪਨਪਣ ਲੱਗੀ। ਨਾਦਰ ਸ਼ਾਹ ਅਤੇ ਫਿਰ ਅਹਿਮਦ ਸ਼ਾਹ ਅਬਦਾਲੀ ਪੰਜਾਬ ਤੇ ਹਮਲੇ ਕਰਨ ਲੱਗੇ। ਭਾਵੇਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਨਾਟਕ ਤੋਂ ਬਾਅਦ ਕੁਝ ਸਮਾਂ ਬੰਦਾ ਬਹਾਦਰ ਜੀ ਨੇ ਪੰਜਾਬ ਵਿਚ ਖਾਲਸਾ ਰਾਜ ਕਾਇਮ ਕਰਕੇ ਕੁਝ ਸਮੇਂ ਲਈ ਸ਼ਾਂਤੀ ਵਰਤਾਈ ਸੀ ਪ੍ਰੰਤੂ

1716 ਈ. ਬੰਦਾ ਬਹਾਦਰ ਦੀ ਮੌਤ ਤੋਂ ਬਾਅਦ ਇਕ ਵਾਰ ਫਿਰ ਅਸ਼ਾਂਤੀ ਪੰਜਾਬ ਵਿਚ ਪਸਰ ਗਈ। ਭਾਵੇਂ ਬੰਦਾ ਬਹਾਦਰ ਜੀ ਵਲੋਂ ਪੰਜਾਬ ਵਿਚ 'ਰਾਖੀ ਸਿਸਟਮ' ਸ਼ੁਰੂ ਕੀਤਾ ਹੋਇਆ ਸੀ ਜੋ ਖਾਲਸੇ ਦੇ ਅਧੀਨ ਹੁੰਦਾ ਸੀ, ਉਹਨਾਂ ਦੇ ਜਾਨ ਮਾਲ ਦੀ ਰਾਖੀ ਖਾਲਸਾ ਪੰਥ ਕਰਿਆ ਕਰਦਾ ਸੀ ਪ੍ਰੰਤੂ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਇਕ ਵਾਰ ਫਿਰ ਪੰਜਾਬ ਦੀ ਧਰਤੀ ਰੰਡੀ ਹੋ ਗਈ। ਕੋਈ ਵੀ ਉਸਦੀ ਦਾਦ ਫਰਿਆਦ ਸੁਣਨ ਵਾਲਾ ਨਹੀਂ ਸੀ।

ਸਮੇਂ ਦੀ ਮੰਗ ਅਨੁਸਾਰ ਬਿਦੇਸ਼ੀ ਧਾੜਵੀਆਂ, ਹਮਾਲਵਰਾਂ ਅਤੇ ਖਾਲਸਾ ਪੰਥ ਦੇ ਹੋਰ ਦੁਸ਼ਮਣਾਂ ਦਾ ਟਾਕਰਾ ਕਰਨ ਲਈ ਸਮੁੱਚਾ ਪੰਥ ਤਤ ਖਾਲਸਾ ਦਲ ਅਤੇ ਬੁੱਢਾ ਦਲ ਵਿਚ ਵੰਡਿਆਂ ਗਿਆ ਅਤੇ ਸਮੁੱਚੇ ਪੰਥ ਦੇ ਮਸਲੇ ਸ੍ਰੀ ਅਕਾਲ ਤਖਤ ਸਾਹਿਬ ਤੇ ਦੀਵਾਲੀ ਜਾਂ ਫਿਰ ਵੈਸਾਖੀ ਤੇ ਹੋਰ ਉਚੇਚੇ ਪੰਥਕ ਇਕੱਠ ਕਰਕੇ ਨਾਵਬ ਕਪੂਰ ਸਿੰਘ ਦੀ ਸਪੁਰਦਗੀ ਹੇਠ ਮਸਲੇ ਵਿਚਾਰੇ ਜਾਂਦੇ। ਸਮੇਂ ਦੀ ਮੰਗ ਅਨੁਸਾਰ 65 ਜਥੇ ਬਣ ਗਏ, ਫਿਰ ਉਹਨਾਂ ਨੂੰ ਤੋੜਕੇ 12 ਸਰਦਾਰਾਂ ਦੇ ਜਥੇ ਕਾਇਮ ਹੋਏ। ਉਹ ਜਥੇ ਹੀ ਬਾਅਦ ਵਿਚ ਬਾਰਾਂ ਮਿਸਲਾਂ ਕਹਾਏ।

ਉਹਨਾਂ 12 ਸਰਦਾਰਾਂ ਦੀ ਆਪਸ ਵਿਚ ਟਕਰ ਹੁੰਦੀ ਰਹਿੰਦੀ ਸੀ ਅਤੇ ਇਹੋ ਖਾਲਸਾ ਰਾਜ ਦੀ ਚੜਤ (1734-1849 ਈ.) ਅਤੇ ਆਪਸੀ ਕਸ਼ਮਕਸ਼ ਦਾ ਸਮਾਂ ਸੀ। ਉਸ ਸਮੇਂ ਗੜ੍ਹਦੀਵਾਲ ਦੀ ਧਰਤੀ ਦਾ ਘੱਟ ਬੋਲ ਬਾਲਾਂ ਸੀ ਪ੍ਰੰਤੂ ਰਾਮ ਪੁਰ ਖੇੜਾ ਦਾ ਥੇਹ ਦਾ ਬੋਲ ਬਾਲਾ ਜਿਆਦਾ ਸੀ। ਇਹ ਥੇਹ ਵਰਤਮਾਨ ਗੜ੍ਹਦੀਵਾਲਾ ਤੋਂ ਇਕ ਕਿਲੋਮੀਟਰ ਦੂਰ ਪਿੰਡ ਗੋਂਦਪੁਰ ਹੈ ਅਤੇ ਪਿੰਡ ਗੋਂਦਪੁਰ ਤੋਂ ਇਕ ਕਿਲੋਮੀਟਰ ਦੂਰ ਇਹ ਥੇਹ ਸੀ, ਜਿਥੇ ਅੱਜਕੱਲ੍ਹ ਬਾਬਾ ਹਰਨਾਮ ਸਿੰਘ ਅਕਾਲੀ ਜੀ ਨੇ ਬਹੁਤ ਸਮਾਂ ਤਪ ਕੀਤਾ ਸੀ। ਜਿਥੇ ਆਖਿਆ ਜਾਂਦਾ ਸੀ ਕਿ ਕੋਈ ਵੀ ਦਿਨ ਸਮੇਂ ਉਧਰ ਨਹੀਂ ਸੀ ਜਾਂਦਾ। ਲੋਕ, ਆਖਿਆ ਜਾਂਦਾ ਹੈ ਕਿ ਉਥੇ ਭੂਤਾਂ ਦਾ ਵਾਸਾ ਸੀ ਜੋ ਬਾਬਾ ਜੀ ਨੇ ਤਪ ਕਰਕੇ ਉਹਨਾਂ ਨੂੰ ਭਜਾ ਦਿੱਤਾ ਸੀ। ਉਹ ਜਨਵਰੀ 1983 ਈ. ਵਿਚ ਸੁਰਗਵਾਸ ਹੋ ਗਏ ਸਨ। ਉਹਨਾਂ ਤੋਂ ਬਾਅਦ ਸੰਤ ਸੇਵਾ ਸਿੰਘ ਜੀ ਗੁਰਦੁਆਰੇ ਦੀ ਸੇਵਾ ਤਨ ਦੇਹੀ ਨਾਲ ਨਿਭਾ ਰਹੇ ਹਨ। ਇਥੇ ਹੀ ਬਸ ਨਹੀਂ, ਉਹ ਆਪ ਮੋਖ ਰਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ, ਸੰਪਾਦਨਾ ਬਾਰੇ ਅਤੇ ਉਹਨਾਂ ਵੀ ਹਰ ਖੇਤਰ ਵਿਚ ਦੇਣ ਬਾਰੇ ਮੋਖ ਰਹਿਤ ਸਿਖ ਜਗਤ ਵਿਚ ਪੁਸਤਕਾਂ ਛਪਵਾ ਕੇ ਵੰਡ ਰਹੇ ਹਨ ਅਤੇ ਸਿਖ ਇਤਿਹਾਸ ਦੀਆਂ ਵੀਡੀਓ ਫਿਲਮਾਂ ਤਿਆਰ ਕਰਕੇ ਮੋਖ ਰਹਿਤ ਵੰਡ ਰਹੇ ਹਨ।

ਗੜ੍ਹਦੀਵਾਲਾ ਸ਼ਹਿਰ ਅਤੇ ਇਸਦਾ ਚੌਗਿਰਦਾ ਧਰਮੀ ਮਹਾਂਪੁਰਸ਼ਾਂ ਦੀ ਕਿਰਪਾ ਨਾਲ ਸਦਾ ਸਰਸ਼ਾਰ ਹੋਇਆ ਰਿਹਾ ਹੈ। ਇਸ ਤੋਂ ਲਗਭਗ ਦੋ

ਕਿਲੋਮੀਟਰ ਦੂਰ ਰਾਮਪੁਰ ਖੇੜਾ ਬਾਰੇ ਜ਼ਿਕਰ ਸੰਖੇਪ ਰੂਪ ਵਿਚ ਅਸੀਂ ਉਪਰ ਕਰ ਚੁੱਕੇ ਹਾਂ। ਦਸੂਹਾ ਵਿਰਾਟ ਨਗਰ ਜਿਥੇ ਕਦੇ ਪੰਜ ਪਾਂਡਵ ਬਨਵਾਸ ਦੇ ਆਖਰੀ ਸਾਲ ਗੁਪਤ ਰਹੇ ਸਨ ਵੀ ਖਾਸ ਮਹਤਤਾ ਰਖਦਾ ਹੈ। ਗੁਰਦੁਆਰਾ ਗਰਨਾ ਸਾਹਿਬ ਪਾਤਸ਼ਾਹੀ ਛੇਵੀ ਜੋ ਛੇਵੇ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨਾਲ ਸੰਬੰਧ ਰਖਦਾ ਹੈ, ਕੁਝ ਮੀਲਾਂ ਦੇ ਫਾਸਲੇ ਤੇ ਹੈ। ਜਿਨ੍ਹਾਂ ਨੇ ਸਿੱਖ ਪੰਥ ਨੂੰ ਨਵੀਂ ਸੇਧ ਬਖਸ਼ ਕੇ ਨਵਾਂ ਰੂਪ ਦਿੱਤਾ ਸੀ।

ਸਿੱਖ ਮਿਸਲ ਕਾਲ ਦੀ ਕਸ਼ਮਕਸ਼ ਵਿਚੋਂ ਸੁਕਰਚਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਘਰ ਮਹਾਰਾਜਾ ਰਣਜੀਤ ਸਿੰਘ ਪੈਦਾ ਹੋਇਆ ਜਿਸਨੇ ਮਿਸਲਾਂ ਦੇ ਸਿੱਖ ਸਰਦਾਰਾਂ ਦੀ ਪ੍ਰਭੂਸੱਤਾ ਖਤਮ ਕਰਕੇ ਪੂਰੇ ਪੰਜਾਬ ਨੂੰ ਇਕ ਖਾਲਸਾ ਰਾਜ ਹੇਠ ਦਸਮ ਪਾਤਸ਼ਾਹ ਦੇ ਚਿਤਵੇਂ ਰਾਜ ਨੂੰ ਹਰ ਪੱਖ ਤੋਂ ਮਜਬੂਤ ਕਰਕੇ ਕਾਇਮ ਕੀਤਾ ਸੀ। ਜਿਸ ਨਾਲ ਪਠਾਣਾਂ ਅਫਗਾਨਾਂ ਜਿਹੇ ਧਾੜਵੀਆਂ ਦੇ ਸਦਾ ਲਈ ਦਰਵਾਜੇ ਬੰਦ ਹੋ ਗਏ।

ਰਾਮਗੜ੍ਹੀਆ ਮਿਸਲ ਦੇ ਵਾਰਸ ਸ. ਜੋਧ ਸਿੰਘ ਰਾਮਗੜ੍ਹੀਆਂ ਨੇ ਗੜ੍ਹਦੀਵਾਲਾ ਵਿਖੇ 1812 ਈ. ਵਿਚ ਦਿਆਲਾ ਦੇਵੀ ਦੀ ਯਾਦ ਵਿਚ ਇਕ ਵਿਸਾਲ ਮੰਦਰ ਤਾਮੀਰ ਕਰਵਾਇਆ ਸੀ ਜਿਸਦਾ ਪਹਿਲਾਂ ਨਾਮ ਗੜ੍ਹਦੇਵੀ ਪ੍ਰਚਲਤ ਹੋਇਆ। ਫਿਰ ਲੋਕ ਉਸਦੇ ਨਾਮ ਤੇ ਗੜ੍ਹਦੇਵੀ ਨੂੰ ਗੜ੍ਹਦੀਵਾਲਾ ਆਖਣ ਲੱਗ ਪਏ। ਮਨਸਾ ਸਿੰਘ ਚੌਧਰੀ ਖਾਨਦਾਨ ਵਾਲਿਆਂ ਨੇ 1803-04 ਈ. ਵਿਚ ਕਿਲ੍ਹਾ ਵੀ ਗੜ੍ਹਦੀਵਾਲਾ ਵਿਚ ਤਿਆਰ ਕੀਤਾ ਸੀ ਜਿਸਦੀ ਬਾਅਦ ਵਿਚ ਮੁਰੰਮਤ ਜੋਧ ਸਿੰਘ ਰਾਮਗੜ੍ਹੀਆ ਨੇ ਕੀਤੀ ਸੀ ਜੋ ਗੜ੍ਹਦੀਵਾਲਾ ਕਸਬੇ ਦੀ ਦੁਸ਼ਮਣ ਤੋਂ ਬਚਾਅ ਕਰਨ ਲਈ ਸਹਾਈ ਹੋਇਆ ਕਰਦਾ ਸੀ।

ਸਰਦਾਰ ਮੁਣਸਾ ਸਿੰਘ ਗੜ੍ਹਦੀਵਾਲੀਏ ਨੇ ਗੜ੍ਹਦੀਵਾਲਾ ਕਸਬੇ ਦੀ ਹਰ ਪੱਖੋਂ ਉਨਤੀ ਕਰਨ ਵਿਚ ਯੋਗਦਾਨ ਪਾਇਆ। ਇਹ ਉਹ ਸਮਾਂ ਸੀ ਜਦੋਂ ਫੈਜ਼ਲਪੁਰੀਆ ਮਿਸਲ ਦੇ ਸਰਦਾਰ ਨੇ ਤਹਿਸੀਲ ਹੁਸ਼ਿਆਰਪੁਰ ਦੇ ਪਿੰਡ ਪੱਟੀ ਨੂੰ ਜਿਤਿਆ ਸੀ ਤੇ ਸਰਦਾਰ ਕਰੋੜਾ ਸਿੰਘ ਨੇ ਹਰਿਆਣਾ ਅਤੇ ਫਿਰ ਸ਼ਾਮ ਚੁਰਾਸੀ ਨੂੰ ਆਪਣੇ ਅਧੀਨ ਕਰ ਲਿਆ ਸੀ। ਸਰਦਾਰ ਮੁਣਸ਼ਾ ਸਿੰਘ ਗੜ੍ਹਦੀਵਾਲਾ ਨੂੰ ਚੌਧਰ ਵਿਰਸੇ ਵਿਚ ਮਿਲੀ ਸੀ। ਉਹ ਐਨਾ ਐਸ਼ਪ੍ਰਸਤ ਹੋ ਗਿਆ ਕਿ ਉਹ ਲਾਹੌਰ ਦਰਬਾਰ ਨੂੰ ਸਰਕਾਰੀ ਮਾਲੀਆ ਵੀ ਨਾ ਦੇ ਸਕਿਆ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਕਬਜੇ ਵਿਚ ਇਹ ਇਲਾਕਾ ਆ ਗਿਆ ਸੀ। ਸਰਕਾਰੀ ਮਾਲੀਆ ਨਾ ਤਾਰਨ ਕਾਰਨ ਉਸਨੂੰ ਲਾਹੌਰ ਦੀ ਜੇਲ੍ਹ ਵਿਚ ਸਜਾ ਕਟਣੀ ਪਈ ਸੀ। ਉਹ ਉਥੋਂ ਛੇਤੀ ਹੀ ਭਗੌੜਾ ਹੋ ਜਾਣ ਕਾਰਨ ਡੱਲੇਵਾਲੀਆ ਮਿਸਲ ਵਿਚ ਸ਼ਾਮਲ ਹੋ ਗਿਆ ਤੇ ਮੁੜ ਆਪਣੇ ਇਲਾਕੇ ਦਾ ਸਰਦਾਰ ਬਣ ਗਿਆ। ਬਾਅਦ ਵਿਚ ਉਸਦਾ ਪੋਤਰਾ ਸਰਦਾਰ ਮਹਿਤਾਬ

ਸਿੰਘ ਆਹਲੂਵਾਲੀਆ ਸਰਦਾਰ ਫਤਿਹ ਸਿਘ ਨਾਲ ਮਿਲਕੇ ਆਪਣੇ ਹੋਰ ਇਲਾਕਿਆਂ ਵਿਚ ਵਾਧਾ ਕੀਤਾ।

ਜਦੋਂ ਕਾਂਗੜੇ ਦਾ ਰਾਜਾ ਸੰਸਾਰ ਚੰਦ ਦੁਆਬੇ ਦੇ ਇਲਾਕੇ ਵਿਚ ਪੈਰ ਪਸਾਰਨਾ ਚਾਹੁੰਦਾ ਸੀ ਕਿਉਂਕਿ ਉਸਨੇ ਪਹਾੜੀ ਇਲਾਕਿਆਂ ਤੇ ਲਗਭਗ ਕਬਜਾ ਕਰ ਲਿਆ ਸੀ, ਉਸ ਸਮੇਂ ਸ. ਮਹਿਤਾਬ ਸਿੰਘ ਡਰੌਲੀ ਦੇ ਮੋਰਚੇ ਵਿਚ ਲੜਦਾ ਸ਼ਹੀਦ ਹੋ ਗਿਆ ਸੀ ਤਾਂ ਸੰਸਾਰ ਚੰਦ ਵੀ ਹਾਰ ਖਾ ਕੇ ਭੱਜ ਗਿਆ ਸੀ।

ਉਹਨਾਂ ਦਿਨਾਂ ਵਿਚ ਪਿੰਡ ਬਾਹਲਾ ਜੋ ਗੜ੍ਹਦੀਵਾਲਾ ਦੇ ਇਲਾਕੇ ਵਿਚ ਸਥਿਤ ਹੈ, ਉਥੋਂ ਦੇ ਵਸਨੀਕ ਭੁੱਖ ਮਰੀ ਦੇ ਸ਼ਿਕਾਰ ਹੋ ਕੇ ਉਸ ਪਿੰਡ ਨੂੰ ਛੱਡ ਗਏ। ਉਸ ਉਜੜੇ ਪਿੰਡ ਵਿਚ ਗੜ੍ਹਦੀਵਾਲਾ ਦੇ ਸਰਦਾਰ ਨੇ ਨੱਜਰ ਗੋਤ ਦੇ ਜੱਟਾਂ ਨੂੰ ਉਥੇ ਰਹਿਣ ਲਈ ਜਗ੍ਹਾ ਦਿੱਤੀ ਪ੍ਰੰਤੂ ਪਿੰਡ ਦਾ ਨਾਮ ਬਾਹਲਾ ਹੀ ਰਹਿਣ ਦਿੱਤਾ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ 1839 ਈ. ਵਿਚ ਮੌਤ ਹੋ ਗਈ ਅਤੇ ਉਸ ਤੋਂ ਲਗਭਗ ਦਸ ਸਾਲ ਬਾਅਦ 1849 ਈ. ਵਿਚ ਪੂਰਾ ਪੰਜਾਬ ਅੰਗਰੇਜ਼ ਦੀ ਝੋਲੀ ਪੈ ਗਿਆ। ਅੰਗਰੇਜ਼ ਪਹਿਲਾਂ ਤੋਂ ਜਾਣਦਾ ਸੀ ਕਿ ਐਸਾ ਹੋਣਾ ਹੀ ਸੀ ਜੋ ਉਸਨੇ 1808 ਈ. ਵਿਚ ਪੰਜਾਬ ਦੇ ਇਲਾਕਿਆਂ ਦੀ ਸਥਿਤੀ ਜਾਣਨ ਲਈ ਯਤਨ ਕਰਨੇ ਸ਼ੁਰੂ ਕਰ ਦਿੱਤੇ ਸਨ। ਅੰਗਰੇਜ਼ ਸਰਕਾਰ ਨੇ ਪੰਜਾਬ, ਜੰਮੂ, ਕਸ਼ਮੀਰ ਅਤੇ ਅਫਗਾਨਿਸਤਾਨ ਦੇ ਹਰ ਰਸਤੇ ਦੇ ਨਕਸੇ ਦਰਿਆਂ ਤੇ ਨਦੀਆਂ, ਨਾਲਿਆਂ ਦੀ ਖੁਫੀਆ ਤੌਰ ਤੇ ਠੋਸ ਜਾਣਕਾਰੀ ਹਾਸਲ ਕਰਨੀ ਸ਼ੁਰੂ ਕਰ ਦਿੱਤੀ ਇਸ ਸੰਬੰਧ ਵਿਚ ਇਕ ਅੰਗਰੇਜ਼ ਯਾਤਰੀ ਮਿਸਟਰ ਥਾਮਸ ਬੀਲ 1829 ਈ. ਦੇ ਲਗਭਗ ਦਿਲੀ ਤੋਂ ਜੰਮੂ ਕਸ਼ਮੀਰ ਨੂੰ ਜਾਂਦਾ ਹੋਇਆ ਪਾਣੀਪਤ, ਕਰਨਾਲ, ਅੰਬਾਲਾ, ਬਨੂੜ, ਰੋਪੜ, ਬਲਾਚੌਰ, ਗੜਸ਼ੰਕਰ, ਹੁਸ਼ਿਆਰਪੁਰ, ਹਰਿਆਣਾ, ਗੜ੍ਹਦੀਵਾਲਾ, ਦਸੂਹਾ, ਮੁਕੇਰੀਆਂ ਤੇ ਪਠਾਨਕੋਟ ਦੇ ਰਸਤੇ ਪੈਦਲ ਸ੍ਰੀ ਨਗਰ ਪੁੱਜਾ ਸੀ। ਬਾਅਦ ਵਿਚ ਉਸਨੇ ਵਿਸਥਾਰ ਸਹਿਤ ਰਿਪੋਰਟ ਤਿਆਰ ਕਰਕੇ ਅੰਗਰੇਜ਼ ਸਰਕਾਰ ਨੂੰ ਦਿੱਤੀ ਸੀ ਜੋ ਕਾਫੀ ਸਮਾਂ ਗੁਪਤ ਰਖੀ ਗਈ ਸੀ। ਕਾਫੀ ਸਮੇਂ ਬਾਅਦ ਉਸ ਰਿਪੋਰਟ ਨੂੰ ਪ੍ਰਕਾਸ਼ਤ ਕੀਤਾ ਗਿਆ। ਉਘੇ ਇਤਿਹਾਸਕਾਰ ਡਾ. ਬਖਸ਼ੀਸ਼ ਸਿੰਘ ਨਿੱਝਰ ਅਨੁਸਾਰ ਉਸ ਰਿਪੋਰਟ ਦਾ ਕੁਝ ਹਿੱਸਾ ਹੱਥ ਲਿਖਤ ਰੂਪ ਵਿਚ ਪੰਜਾਬ ਸਟੇਟ ਆਰਕਾਈਵਜ ਪਟਿਆਲਾ ਵਿਚ ਵੀ ਪਿਆ ਹੈ। ਡਾ. ਬਖਸ਼ੀਸ਼ ਸਿੰਘ ਨਿੱਝਰ ਉਪਰੋਕਤ ਮਹਿਕਮੇ ਦੇ ਡਾਇਰੈਕਟਰ ਰਹੇ ਸਨ, ਇਸ ਤੋਂ ਪਹਿਲਾਂ ਉਹ ਸਰਕਾਰੀ ਕਾਲਜ ਟਾਂਡਾ ਉੜਮੁੜ ਵਿਚ ਹਿਸਟਰੀ ਦੇ ਪ੍ਰੋਫੈਸਰ ਵੀ ਰਹੇ ਸਨ। ਉਸ ਰਿਪੋਰਟ ਵਿਚ ਡਾਕਟਰ ਸਾਹਿਬ ਦੇ ਲਿਖਣ ਅਨੁਸਾਰ ਗੜ੍ਹਦੀਵਾਲਾ ਦੇ

ਇਲਾਕੇ ਦਾ ਅੰਗਰੇਜ਼ ਯਾਤਰੀ ਨੇ ਭਲੀ ਭਾਂਤ ਜਿਕਰ ਕੀਤਾ ਹੈ।[1]

ਕਸਬਾ ਗੜ੍ਹਦੀਵਾਲਾ ਦਾ ਨਾਮਧਾਰੀ ਇਤਿਹਾਸ ਨਾਲ ਕਦੋਂ ਕੁ ਸੰਬੰਧ ਜੁੜਿਆ ਹੈ, ਇਸ ਬਾਰੇ ਇਤਿਹਾਸ ਦੇ ਪੰਨੇ ਕੁਝ ਬਿਆਨ ਨਹੀਂ ਕਰਦੇ। ਕਦੋਂ ਸਤਿਗੁਰੂ ਰਾਮ ਸਿੰਘ ਜੀ ਗੜ੍ਹਦੀਵਾਲਾ ਆਏ ਸਨ, ਪਤਾ ਨਹੀਂ ਲੱਗਦਾ? ਉਹਨਾਂ ਦੇ ਪ੍ਰਦੇਸ਼ ਗਵਨ ਤੋਂ ਬਾਅਦ ਨਾਮਧਾਰੀ ਪੰਥ ਤੇ ਬਿਪਤਾ ਦੇ ਪਹਾੜ ਟੁੱਟ ਪਏ। ਸ੍ਰੀ ਭੈਣੀ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ ਤੇ ਅੰਗਰੇਜ਼ ਸਰਕਾਰ ਵਲੋਂ ਪੋਲਿਸ ਚੌਂਕੀ ਤਾਇਨਾਤ ਕਰ ਦਿੱਤੀ ਸੀ ਜੋ ਸ੍ਰੀ ਭੈਣੀ ਸਾਹਿਬ ਆਏ ਦਰਸਨਾਰਥੀ ਸਿਖ ਪਿਆਰਿਆਂ ਨੂੰ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਤੋਂ ਵਾਂਝੇ ਰਖਦੇ ਸੀ। ਇਥੇ ਹੀ ਬਸ ਨਹੀਂ ਉਥੋਂ ਅੰਗਰੇਜ਼ ਸਰਕਾਰ ਵਲੋਂ ਤਾਇਨਾਤ ਮੁਸਲਮਾਨ ਹੌਲਦਾਰ ਤੇ ਸਿਪਾਹੀ, ਦਰਸ਼ਨ ਕਰਨ ਆਏ ਗੁਰਸਿੱਖਾਂ ਨੂੰ ਚਿੜਾਉਣ ਲਈ ਹੁਕਾ ਪੀਦੇਂ ਸਨ। ਗੁਰੂ ਹਰੀ ਸਿੰਘ ਜੀ ਬਾਹਰ ਤੋਂ ਆਈ ਸੰਗਤ ਨੂੰ ਅਵੇਰੇ ਸਵੇਰੇ ਬਾਹਰ ਜਾ ਕੇ ਚੌਂਕੀ ਦੇ ਸਿਪਾਹੀਆਂ ਤੋਂ ਅੱਖ ਬਚਾ ਕੇ ਬਾਹਰ ਦਰਸ਼ਨ ਦੇਂਦੇ ਸਨ। ਪੰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਕਰਨ ਦੀ ਮਨਾਹੀ ਸੀ ਜੇ ਕਿਸੇ ਨੇ ਪਾਠ ਕਰਾਉਣਾ ਹੋਵੇ ਤਾਂ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਸੀ। ਬੜੇ ਸਬਰ ਸੰਤੋਖ ਨਾਲ ਪ੍ਰਭੂ ਦਾ ਭਾਣਾ ਮੰਨਕੇ ਆਪਣਾ ਗੁਰਿਆਈ ਕਾਲ ਨੂੰ ਬਤੀਤ ਕੀਤਾ ਸੀ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਗਮਨ ਹੋਇਆ ਤਾਂ ਪੋਲੀਸ ਚੌਂਕੀ ਪ੍ਰਮੁੱਖਦਵਾਰ ਤੋਂ ਪਿਛੇ ਸਰਕਾਰ ਨੇ ਕਰ ਦਿੱਤੀ ਸੀ ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਭਵਿੱਖ ਬਾਣੀ ਕੀਤੀ ਸੀ ਘਰ ਦਾ ਮਾਲਕ ਆ ਗਿਆ ਹੈ ਇਸ ਦੇ ਸਮੇਂ ਪੰਥ ਸੁਖ ਮਾਣੇਗਾ।

## ਸਤਿਗੁਰੂ ਪ੍ਰਤਾਪ ਸਿਘ ਜੀ ਦਾ ਸਮਾਂ–

ਸਤਿਗੁਰੂ ਹਰੀ ਸਿੰਘ ਜੀ 1906 ਈ. ਵਿਚ ਜੋਤੀ ਜੋਤ ਸਮਾਂ ਗਏ। ਉਹਨਾਂ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੀ ਸਾਜੀ ਹੋਈ ਗੁਰਸਿੱਖੀ ਜਿਸਨੂੰ ਸਤਿਗੁਰੂ ਹਰੀ ਸਿੰਘ ਜੀ ਨੇ ਹਰੀ ਕਰੀ ਰੱਖਿਆ ਦੀ ਜੁੰਮੇਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਭਾਲੀ। ਸਤਿਗੁਰੂ ਜੀ ਨੇ ਗੁਰ ਸਿੱਖੀ ਨੂੰ ਅੱਗੇ ਵਧਾਇਆ ਅਤੇ ਸਾਹਿਤ ਅਤੇ ਨਾਮਧਾਰੀ ਮਿਸ਼ਨ ਦੀ ਰਾਜਸੀ ਪਾਰਟੀਆਂ ਕਦਰ ਕਰਦੀਆਂ ਸਨ। ਸਤਿਗੁਰੂ ਜੀ ਨੇ ਸੁਤੰਤਰਤਾ ਸੰਗ੍ਰਾਮ ਨੂੰ ਪ੍ਰਚੰਡ ਕਰਨ ਲਈ ਉਹਨਾਂ ਰਾਜਸੀ ਪਾਰਟੀਆਂ ਅਤੇ ਦੇਸ਼ ਭਗਤਾਂ ਦਾ ਸਾਥ ਦਿੱਤਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਿਆਰੇ ਗੁਰ ਸਿੱਖ ਦਾ ਨੈਤਿਕ ਪੱਧਰ ਉਚਾ ਕਰਨ ਲਈ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਦੇ ਵਿਛੋੜੇ

ਦੀ ਯਾਦ ਨੂੰ ਤਾਜਾ ਰੱਖਣ ਲਈ ਸਾਲ ਵਿਚ ਉਚੇਚੇ ਤੌਰ ਤੇ ਇਕ ਮਹੀਨੇ ਦਾ ਜਪੁ ਪ੍ਰਯੋਗ ਕਰਨਾ ਸ਼ੁਰੂ ਕੀਤਾ ਜੋ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹੁਣ ਸਤਿਗੁਰੂ ਉਦੇ ਸਿੰਘ ਜੀ ਦੇ ਸਮੇਂ ਅਸੂ ਦੇ ਮਹੀਨੇ ਹਰ ਸਾਲ ਕੀਤਾ ਜਾਂਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਉਚੇਚੇ ਤੌਰ ਤੇ ਬਾਬਾ ਹਰਨਾਮ ਸਿੰਘ ਜੀ ਨੂੰ ਪ੍ਰਦੇਸ਼ ਜਾਣ ਬਾਰੇ ਭਾਣਾ ਵਰਤਣ ਅਤੇ ਗੁਰਸਿੱਖੀ ਦਾ ਦੁਆਬੇ ਵਿਚ ਪ੍ਰਚਾਰ ਕਰਨ ਲਈ ਪਰੇਰਿਆ ਸੀ। ਪਿੰਡ ਭੱਟੀਆਂ ਵਿਚ ਬਾਬਾ ਜੀ ਨੇ ਲੰਬਾਂ ਸਮਾਂ ਬਿਤਾਇਆ ਸੀ ਜਿਥੋਂ ਉਹ ਆਪਣੀ ਜਨਮ ਭੂਮੀ ਸਖੋਵਾਲ ਅਤੇ ਕਾਦੀਆਂ ਵਿਚ ਜਾਇਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਨੂੰ 1872 ਈ. ਦੇ ਜਨਵਰੀ ਮਹੀਨੇ ਵਿਚ ਕਸਬਾ ਗੜ੍ਹਦੀਵਾਲਾ ਚਲੇ ਜਾਣ ਲਈ ਪਰੇਰਿਆ ਸੀ।[2] ਫਿਰ ਬਾਬਾ ਜੀ ਗੜ੍ਹਦੀਵਾਲਾ ਆ ਗਏ ਸਨ।

ਇਹੋ ਕਾਰਨ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਗੜ੍ਹਦੀਵਾਲਾ ਸੰਤਾਂ ਦੇ ਡੇਰੇ ਨੂੰ ਬਹੁਤ ਪਿਆਰ ਕਰਦੇ ਸਨ। ਉਂਝ ਵੀ ਡੇਰੇ ਦਾ ਸਾਂਤ ਵਾਤਾਵਰਣ ਅਤੇ ਬਾਬਾ ਜੀ ਦੀਆਂ ਲਗਾਈਆਂ ਟਾਹਲੀਆਂ ਅਤੇ ਡੇਰੇ ਦੇ ਦੋ ਪਾਸੇ ਚੋਅ ਵਗਦੇ ਹੋਣ ਕਾਰਨ ਗਰਮੀਆਂ ਵਿਚ ਠੰਡ ਪਸਰਨ ਕਾਰਨ ਪ੍ਰਭੂ ਭਗਤੀ ਵਿਚ ਮਨ ਲੱਗ ਜਾਂਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਛੱਡਕੇ ਜਪੁ ਪ੍ਰਯੋਗ ਕਰਨ ਇਥੇ ਆ ਜਾਇਆ ਕਰਦੇ ਸਨ। ਸਤਿਗੁਰੂ ਜੀ ਦਾ ਡੇਰੇ ਵਿਚ ਚਰਨ ਪਾਏ ਸੁਣਕੇ  ਇਲਾਕੇ ਦੀਆਂ ਸੰਗਤਾਂ ਦਰਸ਼ਨ ਕਰਨ ਆ ਜਾਇਆ ਕਰਦੀਆਂ ਸਨ। ਜੰਗਲ ਵਿਚ ਮੰਗਲ ਹੋ ਜਾਇਆ ਕਰਦਾ ਸੀ। ਬਾਣੀ ਅਤੇ ਨਾਮ ਸਿਮਰਨ ਦੀਆਂ ਗੁੰਜਾਰਾਂ ਪੈਦੀਆਂ ਮਨ ਅਤੇ ਅਨੰਦ ਬਝਿਆ ਰਹਿੰਦਾ ਸੀ। ਸਤਿਗੁਰਾਂ ਦੇ ਸਮੇਂ ਦੀਵਾਨ ਉਸ ਸਮੇਂ ਦੇ ਖਾਲਸਾ ਹਾਈ ਸਕੂਲ ਦੇ ਗਰਾਊਂਡ ਵਿਚ ਹੋਇਆ ਕਰਦਾ ਸੀ। ਅੱਜ ਕੱਲ੍ਹ ਇਸ ਸਕੂਲ ਦਾ ਨਾਮ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲਾ ਹੋ ਗਿਆ ਹੈ ਜਿਸਦੀ ਸਥਾਪਨਾ 1921 ਈ. ਵਿਚ ਹੋਈ ਸੀ, 2021 ਈ. ਵਿਚ 100 ਸਾਲਾ ਇਤਿਹਾਸ ਸ਼ਤਾਬਦੀ ਪ੍ਰਬੰਧਕਾਂ ਨੇ ਮਨਾਈ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਡੇਰੇ ਨੂੰ ਬਹੁਤ ਪਸੰਦ ਕਰਿਆ ਕਰਦੇ ਸਨ। 1924 ਈ. ਵਿਚ ਜਦੋਂ ਮਾਤਾ ਭੁਪਿੰਦਰ ਕੋਰ ਜੀ ਨੇ ਅਕਾਲ ਚਲਾਣਾ ਕੀਤਾ ਸੀ, ਉਸ ਸਮੇਂ ਸਤਿਗੁਰੂ ਜੀ ਭੇਸ ਵਟਾ ਕੇ ਗੜ੍ਹਦੀਵਾਲਾ ਤੋਂ ਰਾਤ ਸਮੇਂ ਸ੍ਰੀ ਭੈਣੀ ਸਾਹਿਬ ਪਹੁੰਚੇ ਸਨ ਅਤੇ ਫਿਰ ਦਰਸ਼ਨ ਦੇ ਕੇ ਉਥੋਂ ਰਾਤ ਸਮੇਂ ਗੜ੍ਹਦੀਵਾਲਾ ਆਏ ਸਨ।[3] ਸਤਿਗੁਰੂ ਜੀ ਇਥੇ ਜਪੁ ਪ੍ਰਯੋਗ ਕਰਨ ਨੂੰ ਪਸੰਦ ਕਰਦੇ ਸਨ ਇਥੋਂ ਦਾ ਸ਼ਾਂਤ ਵਾਤਾਵਰਣ ਮਨ ਨੂੰ ਇਕਾਗਰਤਾ ਬਖਸ਼ਦਾ ਸੀ।

ਮੇਰੇ ਪਰਮ ਮਿਤਰ ਵਿਦਵਾਨ ਸੰਤ ਸੁਵਰਨ ਸਿੰਘ ਵਿਰਕ ਆਪਣੇ ਪਿਤਾ ਜਥੇਦਾਰ ਸੰਤ ਗੁਰਮੁਖ ਸਿੰਘ ਝੱਬਰ ਦੀ ਇਕ ਰਿਕਾਰਡ ਕੀਤੀ ਕੈਸਟ ਜੋ 8 ਫਰਵਰੀ 1981 ਈ. ਨੂੰ ਰਿਕਾਰਡ ਕੀਤੀ ਸੀ, ਆਪਣੇ ਲੇਖ ਵਿਚ ਹਵਾਲਾ ਦਿੰਦੇ ਹਨ।[4]

"ਹਰਨਾਮ ਸਿੰਘ ਰਾਗੀ ਤੇ ਅਸੀਂ ਬੇਅੰਤ ਜੀ ਸਣੇ ਤਿੰਨ ਸਾਲ (1925-27 ਈ.) ਗੜ੍ਹਦੀਵਾਲੇ ਰਹੇ। ਮਹਾਰਾਜ ਬੀਰ ਸਿੰਘ, ਮਹੰਤ ਸੇਵਾ ਸਿੰਘ ਤੇ ਮਾਈ ਕਿਸ਼ਨ ਕੌਰ ਪਾਸ ਭੈਣੀ ਸਾਹਿਬ, ਦਾ ਵੀ (ਮਾਤਾ ਜੀਵਨ ਕੌਰ ਜੀ) ਕੋਲ ਹੀ ਰਹੇ....।"

"ਸੰਤ ਬਾਬਾ ਹਰਨਾਮ ਸਿੰਘ ਜੀ ਤੋਂ ਵਰੋਸਾਏ ਸੰਤ ਆਲਾ ਸਿੰਘ ਅਤੇ ਸੰਤ ਦੂਨਾ ਸਿੰਘ ਜੀ ਡੇਰੇ ਦੇ ਵਿਚ ਰਹਿੰਦੇ ਸਨ। ਬਾਬਾ ਹਰਨਾਮ ਸਿੰਘ ਜੀ ਦੀਆਂ ਲਗਾਈਆਂ ਟਾਹਲੀਆਂ ਇਮਾਰਤਸਾਜੀ ਲਈ ਤਿਆਰ ਹੋ ਗਈਆਂ ਸਨ। ਸਤਿਗੁਰੂ ਜੀ ਦੀ ਕਿਰਪਾ ਨਾਲ ਦੁੱਧ ਦੀ ਲੋੜ ਪੂਰੀ ਕਰਨ ਲਈ ਇਕ ਮੱਝ ਅਤੇ ਇਕ ਗਾਂ ਡੇਰੇ ਵਿਚ ਰਖੀਆਂ ਹੋਈਆਂ ਸਨ। ਉਹਨਾਂ ਤੋਂ ਬਿਨਾਂ ਭਾਈ ਹਰਨਾਮ ਸਿੰਘ ਰਾਗੀ ਚਵਿੰਡੇ ਵਾਲਿਆਂ ਤੇ ਫਿਰ ਭਾਈ ਲਾਲ ਸਿੰਘ 'ਤੁਸ਼ਈ' ਵੀ (ਤਾਊਸ) ਵਜਾਕੇ ਕੀਰਤਨ ਨੂੰ ਮਨਮੋਹਕ ਕਰ ਦੇਂਦੇ ਸਨ ਮਨ ਟਿਕ ਜਾਇਆ ਕਰਦਾ ਸੀ। ਭਾਈ ਕੇਹਰ ਸਿੰਘ ਦਰਜੀ ਦੇ ਦਸਣ ਅਨੁਸਾਰ ਉਹਨਾਂ ਦਾ ਵੱਡਾ ਭਰਾ ਅਮਰ ਸਿੰਘ ਅਤੇ 10-12 ਹੋਰ ਮੁੰਡੇ ਅਤੇ ਉਹਨਾਂ ਦੇ ਪਿੰਡ ਮਿਰਜ਼ਾ ਪੁਰ ਦੇ 5-7 ਮੁੰਡੇ ਵੀ ਡੇਰੇ ਵਿਚ ਬੇਅੰਤ ਜੀ ਨਾਲ ਖੇਡਾਂ ਕਰਦੇ ਸਨ ਅਤੇ ਪੜ੍ਹਿਆ ਵੀ ਕਰਦੇ ਸਨ।5 ਹਕੀਮ ਬਘੇਲ ਸਿੰਘ ਜੋ ਵੈਦ ਵੀ ਸੀ ਅਤੇ ਹਜ਼ੂਰੀ ਲਾਂਗਰੀ ਵੀ ਸੀ ਉਹ ਵੀ ਡੇਰੇ ਵਿਚ ਆ ਗਿਆ ਜੋ ਇਕ ਦਿਨ ਦੇਵਨੇਤ ਨਾਲ ਇਕ ਭਾਰੀ ਟਾਹਲੀ ਦੇ ਭਾਰੇ ਟਾਹਣ ਹੇਠ ਆ ਗਿਆ। ਤਾਂ ਸਤਿਗੁਰੂ ਜੀ ਸੰਤ ਬਹਾਦਰ ਸਿੰਘ ਕਟਿਆਂ ਵਾਲੀ ਦੇ ਨਾਲ ਲੱਗ ਕੇ ਹਕੀਮ ਬਘੇਲ ਸਿੰਘ ਨੂੰ ਭਾਰੇ ਟਾਹਣ ਹੇਠੋ ਕੱਢਿਆ ਅਤੇ ਮਾਮੂਲੀ ਜਿਹੀ ਪੱਟੀ ਕਰਵਾ ਕੇ ਉਸਨੂੰ ਰਾਜੀ ਕੀਤਾ।"[6]

ਅਚਾਨਕ ਹੀ ਉਥੇ ਇਕ ਘਟਨਾ ਘੱਟ ਗਈ, ਬਸੰਤੇ ਅਕਾਲੀ ਨੇ ਡੇਰੇ ਵਿਚ ਤਾਂ ਕੀ ਸਾਰੇ ਕਸਬਾ ਗੜ੍ਹਦੀਵਾਲਾ ਵਿਚ ਆਤੰਕ ਫੈਲਾਇਆ ਹੋਇਆ ਸੀ। ਉਸਦੇ ਅੱਗੇ ਕੋਈ ਕੁਸਕ ਨਹੀਂ ਸੀ ਸਕਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਜਥੇਦਾਰ ਗੁਰਮੁਖ ਸਿੰਘ ਝੱਬਰ ਨੇ ਦੋ ਤਿੰਨ ਸੋਟੇ ਮਾਰਕੇ ਉਸਨੂੰ ਸਿੱਧਾ ਕਰ ਦਿਤਾ ਸੀ। ਝੱਬਰ ਜੀ ਦੀ ਰੀਕਾਰਡ ਕਰਵਾਈ, ਵੀ.ਡੀ.ਓ. ਕੈਸਿਟ ਵਿਚ ਉਹਨਾਂ ਦੀ ਜ਼ਬਾਨੀ ਦੱਸਿਆ ਪੜ੍ਹੋ-[7]

"ਇਕ ਗਊ ਇਕ ਮੱਝ ਡੇਰੇ ਗੜ੍ਹਦੀਵਾਲੇ ਰਖਦੇ ਸਾਂ। ਮੈਂ ਬਾਜ਼ਾਰ

ਗਿਆ। (ਕੁਝ ਸੌਦਾ ਸੂਤ ਲੈਣ) ਗਾਂ ਬਸੰਤੇ ਤੇ ਖੇਤ ਵਿਚ ਪੈ ਗਈ। ਉਸ ਰੱਸਾ ਲਾਹ ਲਿਆ। ਜੋ ਇਕ ਨਾਲ ਹੁੰਦਾ ਸੀ ਉਹ ਤੇ ਮਹਾਰਾਜ ਜਗਜੀਤ ਸਿੰਘ (ਉਦੋਂ ਦੇ ਬੇਅੰਤ ਜੀ) ਰੱਸਾ ਲੈਣ ਗਏ। ਬਸੰਤੇ ਦਾ ਨਾਲ ਹੀ ਖੇਤ ਸੀ। ਰੱਸਾ ਨਾ ਲੱਭਿਆ। ਮੈਂ ਉਹਦਾ ਹਲ ਪੰਜਾਲੀ ਚੁੱਕ ਲਿਆਇਆ।

ਅਗਲੇ ਦਿਨ ਸਵੇਰੇ ਬਸੰਤੇ ਦੇ ਮੋਢੇ ਤੇ ਕੁਹਾੜੀ ਗਾਹਲਾਂ, ਕਢਦਾ ਆਵੇ। ਭਾਈ ਹਰਨਾਮ ਸਿੰਘ ਸਾਡੇ ਵਿਚ ਮੰਨਿਆ ਪ੍ਰਮੰਨਿਆ ਲੜਾਕਾ ਸੀ। ਉਹ ਵੀ ਅੱਗੇ ਨਾ ਹੋਇਆ। ਮੈਂ ਬਾਲੀ ਤੇ ਰਾਮ ਦੀ ਕਥਾ ਸੁਣੀ ਸੀ ਕਿ ਰਾਮ ਜੀ ਰੁਖ ਦੇ ਉਹਲੇ ਹੋ ਕੇ ਬਾਲੀ ਨੂੰ ਤੀਰ ਮਾਰਿਆ ਸੀ। ਮੈਂ ਵੀ ਤੂਤ ਦੇ ਉਹਲੇ ਹੋ ਗਿਆ। ਜਦੋਂ ਨੇੜੇ ਆਇਆ ਤਾਂ ਸੋਟਾ ਮਾਰਿਆ, ਡਿੱਗ ਪਿਆ। ਦੋ ਤਿੰਨ ਹੋਰ ਮਾਰੇ। ਮੈਂ ਦਬਕਾਇਆ। ਉਥੇ ਇਕ ਬੂੜ ਸਿੰਘ ਚੋਧਰੀ, ਸਤਿਗੁਰੂ ਪ੍ਰਤਾਪ ਸਿੰਘ ਮੇਰਾ ਜਾਣੂ ਕਰਵਾ ਆਏ ਸੀ। ਮੈਂ ਉਹਨੂੰ ਕਿਹਾ– "ਬਸੰਤੇ ਨੂੰ ਕੁਟ ਕੱਢਿਆ ਏ।" ਉਸ ਕਿਹਾ ਕੋਈ ਗਲ ਨਹੀਂ, ਇਹ ਸਾਰੇ ਪਿੰਡ ਨੂੰ ਕੁਟਦਾ ਸੀ।"

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਪਾਰ ਕਿਰਪਾ ਕਰਕੇ ਡੇਰੇ ਵਿਚ ਜੰਗਲ ਵਿਚ ਮੰਗਲ ਲੱਗਾ ਦਿੱਤਾ ਸੀ। ਦੋਆਬੇ ਦੇ ਇਲਾਕੇ ਵਿਚ ਧਰਮ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਜੀਉਣ ਦਾ ਢੰਗ ਦੱਸਿਆ। ਉਹਨਾਂ ਦੇ ਸਦ ਉਪਦੇਸ਼ਾਂ ਵਿਚ ਬਾਬਾ ਹਰਨਾਮ ਸਿੰਘ ਜੀ ਬਾਰੇ ਜ਼ਿਕਰ ਆਉਂਦਾ ਹੈ ਕਿ ਉਹ ਆਪਣੇ ਬਚਨਾਂ ਦੁਆਰਾ ਲੋਕਾਈ ਦੇ ਦੁੱਖ ਦੂਰ ਕਰ ਦੇਂਦੇ ਸਨ ਅਤੇ ਫਿਰ ਚੋਆਂ ਦੇ ਪਾਣੀ ਦਾ ਰੁੱਖ ਮੋੜ ਦੇਂਦੇ ਸਨ ਜਿਵੇ ਕਿ–[8]

"ਬਾਬਾ ਹਰਨਾਮ ਸਿੰਘ ਜੀ ਗੜ੍ਹਦੀਵਾਲੇ ਵਿਚ ਰਹਿੰਦੇ ਸਨ- ਬਸੰਤ ਨੰਬਰ ਨਿਹੰਗ ਸਿੰਘ ਵਰਗੀ ਪੀਲੇ ਬਸਤਰਾਂ ਵਾਲੀ ਤਸਵੀਰ ਤੁਸਾਂ ਵੇਖੀ ਹੋਵੇਗੀ। ਮੈਂ ਉਹਨਾਂ ਆਦਮੀਆਂ ਦੇ ਦਰਸ਼ਨ ਕੀਤੇ ਨੇ- ਜਿਹੜੇ ਸਾਲ ਅਸੀਂ ਗੜ੍ਹਦੀਵਾਲੇ ਰਹੇ ਹਾਂ- ਨੁਸਾ ਭਾਨਾ ਪਿੰਡ ਹੈ, ਭਾਈ ਉਤਮ ਸਿੰਘ ਉਥੋਂ ਦਾ ਸਿੰਘ ਸੀ, ਜਿਹੜੇ ਘਰਦਿਆਂ ਨੇ ਹੱਥ ਪੈਰ ਗਲ ਜਾਣ ਤੋਂ, ਡਿੱਗ ਜਾਣ ਤੋਂ, ਬਾਹਰ ਲਿਜਾ ਕੇ ਝੁੱਗੀ ਪਾ ਦਿੱਤੀ। ਸੰਤਾਂ ਕੋਲ ਆ ਗਿਆ। ਸੰਤਾ ਦੇਗ ਛਕਣੀ, ਜਵੈਣ ਰਗੜਨੀ ਲੂਣ ਪਾ ਕੇ ਤੇ ਸੁਖ ਨਿਧਾਨ ਉਹ ਨੂੰ ਛਕਾਉਣਾ। ਉਹਨੂੰ ਸੇਵਾ ਕਰਨ ਲਾਇਆ। ਉਹ ਖਾਈ ਬਨਾਉਣ ਲੱਗ ਪਿਆ ਉਸ ਡੇਰੇ ਦੀ। ਅਸਾਂ ਉਹਨੂੰ ਦੇਖਿਆ ਲੰਗਰ ਵਿਚ ਲੱਗਿਆ। ਉਹਦੇ ਅੰਗੂਠੇ ਦਾ ਏਨਾ ਨਿਸ਼ਾਨ ਮਾਲੂਮ ਹੁੰਦਾ ਸੀ ਤੇ ਅੰਗੂਠੇ ਦੀ ਗੰਢ ਮੋਟੀ ਹੈ। ਰੋਗ ਕੋਈ ਨਹੀਂ ਰਹਿ ਸਕਦਾ ਸਤਿਗੁਰੂ ਨੂੰ ਮਿਲਿਆਂ, ਸਤਿਗੁਰੂ ਦੀ ਸਾਧ ਸੰਗਤ ਨੂੰ ਮਿਲਿਆਂ, ਨਿਸਚਾ ਕਰਨ ਦੀ ਲੋੜ ਹੈ।"

ਸਤਿਗੁਰੂ ਪ੍ਰਤਾਪ ਸਿੰਘ ਜੀ ਉਪਦੇਸ਼ਾਂ ਵਿਚ ਇਕ ਜਗ੍ਹਾ ਹੋਰ ਕਿਰਪਾ ਕਰਦੇ ਹੋਏ ਬਚਨ ਕਰਦੇ ਹਨ–[9]

"ਫੇਰ ਬਾਬਾ ਹਰਨਾਮ ਸਿੰਘ ਜੀ ਮਹਾਰਾਜ ਗੜ੍ਹਦੀਵਾਲੇ ਉਹ ਲੋਕ ਜਾਣਦੇ ਹਨ ਜਿਹੜੇ ਬੜੇ ਮਹਾਂਪੁਰਖ ਜਿਨ੍ਹਾਂ ਦੀ ਜਿੰਦਗੀ ਬੜੀ ਉੱਚੀ ਸੀ। ਸਰੀਰ ਬੀਮਾਰ ਹੋਇਆ, ਮੰਜੇ ਦੇ ਉਤੇ ਚੁੱਕ ਕੇ ਲੈ ਜਾਣ ਉਥੇ ਚੋਅ ਪਾਣੀ ਦੇ ਵਗਦੇ, ਨੇੜੇ ਪਹਾੜ ਹੈ, ਪੂਰਬ ਦੀ ਬੋਲੀ ਬੋਲਦੇ ਸੀ, ਮੈਂ ਚੰਗੀ ਤਰ੍ਹਾਂ ਦਰਸ਼ਨ ਕੀਤਾ ਹੈ। ਛਿਟੀ ਫੜ ਕੇ ਕਹਿਣਾ, "ਇਹ ਤਰਫ਼ ਕੋ ਹੋ ਜਾਊ।" ਖੜੇ ਦਾ ਖੜਾ ਪਾਣੀ ਇਸ ਤਰ੍ਹਾਂ ਪਿਛੇ ਹਟਦਾ ਤੁਰਿਆ ਜਾਂਦਾ ਸੀ। ਇਹ ਕੋਈ ਵੱਡੀ ਚੀਜ਼ ਨਹੀਂ।"

ਸਤਿਗੁਰੂ ਜੀ ਨੇ ਬਾਬਾ ਹਰਨਾਮ ਸਿੰਘ ਜੀ ਦੇ ਡੇਰੇ ਦੀ ਸੰਭਾਲ ਕੀਤੀ, ਉਥੇ ਬਾਬਾ ਜੀ ਦੇ ਲੱਗੇ ਟਾਹਲੀਆਂ ਤੇ ਤੂਤਾਂ ਦੇ ਦਰਖਤਾਂ ਨੂੰ ਇਮਾਰਤ ਸਾਜੀ ਲਈ ਵਰਤਿਆਂ ਅਤੇ ਲਕੜ ਦਾ ਸਦ ਉਪਯੋਗ ਕੀਤਾ। ਸਤਿਗੁਰੂ ਜੀ ਕੋਲ ਉਸ ਸਮੇਂ ਉਪਰੋਕਤ ਸਿੱਖਾਂ ਤੋਂ ਬਿਨਾਂ, ਜਿਨ੍ਹਾਂ ਦਾ ਮੈਂ ਜ਼ਿਕਰ ਕਰ ਚੁੱਕਾ ਹਾਂ, ਬਾਬਾ ਜੀ ਦੇ ਨਿਕਟ ਵਰਤੀ ਸਿੱਖ ਸੇਵਕ ਬਾਬਾ ਮਾਨ ਸਿੰਘ, ਬਾਬਾ ਦੂਨਾ ਸਿੰਘ, ਬਾਬਾ ਮੱਲਾ ਸਿੰਘ, ਉਤਮ ਸਿੰਘ, ਖੇਮ ਸਿੰਘ ਅਤੇ ਮਾਤਾ ਖੇਮ ਕੌਰ ਜੀ ਜਿਹਨਾਂ ਦਾ ਜ਼ਿਕਰ ਸੰਤ ਇੰਦਰ ਸਿੰਘ ਚਕਰਵਰਤੀ ਜੀ ਨੇ ਆਪਣੇ ਲੇਖ ਵਿਚ ਕੀਤਾ ਹੈ।[10]

## ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮਾਂ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਪੰਥ ਨੇ ਹਰ ਖੇਤਰ ਵਿਚ ਬੇਹੱਦ ਤਰੱਕੀ ਕੀਤੀ ਅਤੇ ਸਮੇਂ ਦੇ ਹਾਣ ਪ੍ਰਵਾਣ ਹੋਏ। ਆਪ ਜੀ 1959 ਈ. ਵਿਚ ਜੋਤੀ ਜੋਤ ਸਮਾਂ ਗਏ ਅਤੇ ਪੰਥ ਦੀ ਰਹਿਨੁਮਾਈ ਕਰਨ ਲਈ ਜੁੰਮੇਵਾਰੀ ਬੇਅੰਤ ਜੀ ਨੂੰ ਸੰਭਾਲ ਗਏ ਸਨ। ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਬਚਪਨ ਤੋਂ ਹੀ ਅਨੇਕ ਬਚਨ ਕਈ ਵਾਰ ਕਰ ਜਾਇਆ ਕਰਦੇ ਸਨ ਜੋ ਸਮਾਂ ਆਉਣ ਤੇ ਸੱਚ ਹੋ ਜਾਇਆ ਕਰਦੇ ਸਨ।

ਉਪਰ ਅਸੀਂ ਜ਼ਿਕਰ ਕਰ ਆਏ ਹਾਂ ਬੇਅੰਤ ਜੀ 1924 ਈ. ਤੋਂ 1927 ਈ. ਤੱਕ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬਾਬਾ ਹਰਨਾਮ ਸਿੰਘ ਜੀ ਦੇ ਡੇਰੇ ਗੜ੍ਹਦੀਵਾਲਾ ਰਹੇ ਸਨ ਅਤੇ ਸਤਿਗੁਰਾਂ ਦੀ ਹਰ ਪ੍ਰਕਾਰ ਦੀ ਮੁਢਲੀ ਸਿੱਖਿਆ ਦਾ ਪ੍ਰਬੰਧ ਕੀਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਪ੍ਰਬੰਧ ਵਜੋਂ ਇਹ ਦੂਜੇ ਨੰਬਰ ਤੇ ਡੇਰੇ ਦਾ ਗੁਰਮਤਿ ਦੀ ਟਕਸਾਲ ਵਜੋਂ ਕੰਮ ਕਰ ਰਿਹਾ ਸੀ। ਕਈ ਅਸਾਧ ਰੋਗਾਂ ਦੀ ਨਵਿਰਤੀ ਲਈ ਦੂਰ ਨੇੜੇ ਦੇ ਪਿੰਡਾਂ ਦੇ ਲੋਕ ਬੇਅੰਤ ਜੀ ਕੋਲ ਆ ਜਾਇਆ ਕਰਦੇ ਸਨ ਤਾਂ ਬੇਅੰਤ ਜੀ ਸਾਧਾਰਨ ਨੁਸਖੇ

ਦੱਸ ਕੇ ਰੋਗਾਂ ਦੀ ਨਵਿੱਰਤੀ ਕਰ ਦੇਂਦੇ ਸਨ। ਸੰਤ ਕੇਹਰ ਸਿੰਘ (ਦਰਜੀ ਸਿੰਘ) ਜੋ ਬਾਬਾ ਹਰਨਾਮ ਸਿੰਘ ਜੀ ਦੇ ਡੇਰੇ ਤੋਂ ਥੋੜੀ ਦੂਰ ਪਿੰਡ ਸੀ[11], ਉਹ ਦਸਦੇ ਹਨ ਕਿ ਉਹਨਾਂ ਦੇ ਪਿੰਡ ਮਿਰਜ਼ਾਪੁਰ ਦੀ ਇਕ ਨਾਈ ਦੀ ਤਿੰਨ ਸਾਲ ਦੀ ਕੁੜੀ ਸੀ ਜਿਸਦੇ ਸਿਰ ਵਿਚ ਕੀੜੇ ਚਲਦੇ ਸਨ। ਕਿਸੇ ਨੇ ਕਿਹਾ, ਉਸ ਲੜਕੀ ਨੂੰ ਗੜ੍ਹਦੀਵਾਲਾ ਲੈ ਜਾਵੋ। ਬੇਅੰਤ ਜੀ ਨੇ ਬਚਨ ਕੀਤਾ, "ਸਿਰ ਤੇ ਨਿੰਮ ਦਾ ਤੇਲ ਲਗਾ ਦੇਵੋ, ਠੀਕ ਹੋ ਜਾਵੇਗੀ।" ਘਰ ਵਾਲਿਆਂ ਨੇ ਐਸਾ ਹੀ ਕੀਤਾ, ਚਾਰ ਪੰਜ ਦਿਨ ਨਿੰਮ ਦਾ ਤੇਲ ਸਿਰ ਵਿਚ ਲਗਾਇਆ ਤਾਂ ਉਸ ਕੁੜੀ ਦਾ ਸਿਰ ਬਿਲਕੁਲ ਠੀਕ ਹੋ ਗਿਆ।

ਬੇਅੰਤ ਜੀ ਦੇ ਬਚਪਨ ਦੀ ਇਕ ਕਥਾ ਹੋਰ ਸੁਣਨ ਵਿਚ ਆਈ ਹੈ ਜਦੋਂ ਬਾਬਾ ਹਰਨਾਮ ਸਿੰਘ ਜੀ ਦੇ ਡੇਰੇ ਦੀ ਅੱਜ ਜਿਹੀ ਸ਼ਕਲ ਨਹੀਂ ਸੀ। ਜਿਥੇ ਅੱਜ ਕੱਲ ਡੇਰੇ ਵਿਚ ਇਮਾਰਤ ਦੀ ਉਸਾਰੀ ਹੋਈ ਹੈ ਅਤੇ ਬਾਬਾ ਜੀ ਦੇ ਸਰੀਰ ਦਾ ਸੰਸਕਾਰ ਕੀਤਾ ਹੋਇਆ ਹੈ ਅਤੇ ਥੜਾ ਬਣਾਇਆ ਹੈ, ਉਥੇ ਉਸ ਸਮੇਂ (1924-1927 ਈ.) ਸਮੇਂ ਥਾਂ ਖਾਲੀ ਸੀ ਅਤੇ ਡੇਰੇ ਦੇ ਵਿਚਕਾਰ ਅਗਲੇ ਪਿੰਡਾਂ ਨੂੰ ਰਸਤਾ ਜਾਇਆ ਕਰਦਾ ਸੀ, ਉਥੇ ਕੋਈ ਚਾਰ ਦੀਵਾਰੀ ਕੋਈ ਨਹੀਂ ਸੀ। ਜਿਥੇ ਅੱਜ ਕੱਲ ਦੀਵਾਨ ਸਜਾਉਣ ਅਤੇ ਲੰਗਰ ਲਗਾਉਣ ਲਈ ਥਾਂ ਹੈ ਉਥੇ ਉਸ ਸਮੇਂ ਡੇਰੇ ਦੀ ਕੱਚੀ ਇਮਾਰਤ ਸੀ। ਡੇਰੇ ਦੇ ਦੁਆਲੇ ਦੋ ਚੋਅ ਹੁੰਦੇ ਸਨ ਜਿਥੇ ਬਰਸਾਤਾਂ ਦੇ ਮੌਸਮ ਵਿਚ ਹੜ੍ਹ ਦਾ ਪਾਣੀ ਵਗਿਆ ਕਰਦਾ ਸੀ। ਵਰਤਮਾਨ ਸਮੇਂ ਮਸਤੀਵਾਲ ਵਲ ਜਾ ਰਹੀ ਸੜਕ ਦੇ ਨੇੜੇ ਉਹ ਪਾਣੀ ਦਾ ਇਕ ਚੋਅ ਵਗਿਆ ਕਰਦਾ ਸੀ ਜੋ ਬਾਅਦ ਵਿਚ ਸੀਵਰੇਜ ਵਾਲੇ ਨਾਲੇ ਵਿਚ ਤਬਦੀਲ ਕਰ ਦਿੱਤਾ ਗਿਆ ਅਤੇ ਗੜ੍ਹਦੀਵਾਲਾ ਸ਼ਹਿਰ ਦੇ ਨਿਵਾਣ ਵਾਲੇ ਇਲਾਕੇ ਵੱਲ ਵਹਿ ਜਾਂਦਾ ਹੈ।

ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਡੇਰੇ ਬਾਬਾ ਹਰਨਾਮ ਸਿੰਘ ਜੀ ਵਿਖੇ ਖੂਹ ਦੇ ਨੇੜੇ ਇਕਲੇ ਖੇਡ ਰਹੇ ਸਨ। ਗਰਮੀਆਂ ਦਾ ਮੌਸਮ ਸੀ, ਕੇਸ ਖੁਲ੍ਹੇ ਹੋਏ ਹਨ। ਆਪਣੀ ਮੌਜ ਵਿਚ ਖੇਡ ਰਹੇ ਸਨ। ਅਚਾਨਕ ਕੀ ਦੇਖਦੇ ਹਨ ਕਿ ਡੇਰੇ ਦੇ ਵਿਚਕਾਰ ਚਲ ਰਹੇ ਰਸਤੇ ਤੇ ਇਕ ਬੀਬੀ ਉੱਚੀ-ਉੱਚੀ ਢਾਹਾਂ ਮਾਰਦੀ ਰੋਂਦੀ ਹੋਈ ਅਗਲੇ ਪਿੰਡ ਵੱਲ ਜਾ ਰਹੀ ਸੀ। ਉਸਦੀ ਅਜੀਬ ਹਾਲਤ ਵੇਖਕੇ ਬੇਅੰਤ ਜੀ ਵੀ ਖੁਲ੍ਹੇ ਹੋਏ ਕੇਸਾਂ ਸਮੇਤ ਆਪਣੀਆਂ ਬਚਪਨ ਦੀਆਂ ਖੇਡਾਂ ਛਡ ਕੇ ਉਸ ਬੀਬੀ ਨੂੰ ਕਿਹਾ ਤਾਂ ਅੱਗੋ ਉਸ ਨੇ ਮੁੜਕੇ ਦੇਖਿਆ ਅਤੇ ਕਿਹਾ, "ਤੈਨੂੰ ਕੀ, ਜਾਹ ਪਿਛੇ ਮੁੜ ਜਾ। ਬੇਅੰਤ ਜੀ ਨੇ ਫਿਰ ਬਚਨ ਕੀਤੇ, "ਬੀਬੀ ਰੋ ਨਾਂਹ, ਕੇਸ ਦੀ ਅਪੀਲ ਕਰੋ, ਤੁਹਾਡਾ ਬੱਚਾ ਬਰੀ ਹੋ ਜਾਏਗਾ।"

ਉਸ ਬੀਬੀ ਨੇ ਪਿਛੇ ਮੁੜ ਕੇ ਦੇਖਿਆ ਅਤੇ ਹੈਰਾਨ ਹੋਈ। ਬੇਅੰਤ

ਜੀ ਦੇ ਭਰੋਸੇ ਉਤੇ ਉਸ ਦੇ ਘਰ ਵਾਲੇ ਲਾਹੌਰ ਪਹੁੰਚੇ ਤਾਂ ਉਹਨਾਂ ਦਾ ਪੁੱਤਰ ਜੇਲ੍ਹ ਵਿਚ ਸੀ ਉਹ ਵੀ ਹੈਰਾਨ ਹੋਇਆ ਘਰ ਵਾਲਿਆਂ ਨੂੰ ਦਸ ਰਿਹਾ ਸੀ ਕਿ ਅੱਧੀ ਰਾਤ ਸਮੇਂ ਇਕ ਚਿਟੇ ਕਪੜਿਆਂ ਵਾਲਾ ਬਾਲਕ ਮੇਰੀ ਜੇਲ੍ਹ ਵਿਚ ਆ ਕੇ ਕਹਿ ਗਿਆ ਹੈ ਕਿ ਤੁਸੀਂ ਕੇਸ ਦੀ ਅਪੀਲ ਕਰੋ, ਬਰੀ ਹੋ ਜਾਵੋਗੇ। ਘਰ ਵਾਲਿਆਂ ਨੇ ਪੂਰੇ ਉਤਸ਼ਾਹ ਨਾਲ ਅਪੀਲ ਕੀਤੀ ਤਾਂ ਉਹ ਕੈਦੀ ਬਰੀ ਹੋ ਗਿਆ।

ਥੋੜੇ ਦਿਨਾਂ ਬਾਅਦ ਉਹ ਕੈਦੀ ਅਤੇ ਉਸਦੇ ਘਰ ਵਾਲੇ ਚਿੱਟੇ ਬਸਤਰ, ਫਲ ਫਰੂਟ ਅਤੇ ਹੋਰ ਮਿਸ਼ਠਾਨ ਪਦਾਰਥ ਲੈ ਕੇ ਬੜੀ ਸ਼ਰਧਾ ਨਾਲ ਡੇਰੇ ਬਾਬਾ ਹਰਨਾਮ ਸਿੰਘ ਜੀ ਦੇ ਆਏ ਅਤੇ ਡੇਰੇ ਵਿਚ ਕੁਝ ਸਿੰਘਾਂ ਨੂੰ ਪੁਛਣ ਲੱਗੇ ਕਿ ਅਸੀਂ ਸਤਿਗੁਰਾਂ ਨੂੰ ਮਿਲਣਾ ਹੈ, ਉਹ ਕਿਥੇ ਹਨ? ਉਹ ਦਰਸ਼ਨਾਰਥੀਆਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਲੈ ਗਏ। ਸਤਿਗੁਰਾਂ ਵੱਲ ਦੇਖਕੇ ਉਹ ਬੀਬੀ ਕਹਿਣ ਲੱਗੀ, ਇਹ ਸਾਡੇ ਸਤਿਗੁਰੂ ਨਹੀਂ ਹਨ, ਸਾਡੇ ਸਤਿਗੁਰੂ ਤਾਂ ਬਾਲ ਅਵਸਥਾ ਵਿਚ ਹਨ। ਇਹ ਗਲ ਸੁਣ ਕੇ ਸਿੱਖ ਕਮਰੇ ਅੰਦਰੋਂ ਬੇਅੰਤ ਜੀ ਨੂੰ ਲੈ ਆਏ ਤਾਂ ਉਹ ਪਰਿਵਾਰ ਬੇਅੰਤ ਜੀ ਨੂੰ ਦੇਖ ਕੇ ਪ੍ਰਸੰਨ ਹੋਇਆ, ਉਹਨਾਂ ਨੇ ਚਰਨੀਂ ਮੱਥਾ ਟੇਕਿਆ ਅਤੇ ਬੇਅੰਤ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ। ਉਹ ਪਰਿਵਾਰ ਚਰਨ ਪਰਸ ਕੇ ਖੁਸ਼ੀਆਂ ਕਰਦਾ ਆਪਣੇ ਪਿੰਡ ਵਾਪਸ ਚਲਾ ਗਿਆ। ਬਾਅਦ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ ਕਿ ਬੇਅੰਤ ਜੀ ਨੂੰ ਭੈਣੀ ਸਾਹਿਬ ਛੱਡ ਆਵੋ, ਇਹ ਤਾਂ ਹੁਣ ਤੋਂ ਹੀ ਅਨਹੋਣੀਆਂ ਗੱਲਾਂ ਕਰਨ ਲੱਗ ਪਏ ਹਨ।[12]

1959 ਈ. ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾਂ ਗਏ। ਉਹਨਾਂ ਤੋਂ ਬਾਅਦ ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੇ ਗੁਰਿਆਈ ਦੀ ਵਾਂਗਡੋਰ ਸੰਭਾਲੀ। ਹੋਰ ਇਤਿਹਾਸਕ ਸਥਾਨਾਂ ਦੀ ਦੇਖ ਭਾਲ ਜਿਵੇਂ ਯੋਗ ਹੱਥਾਂ ਵਿਚ ਦਿੱਤੀ ਸੀ ਉਸੇ ਤਰ੍ਹਾਂ ਹੀ ਡੇਰਾ ਬਾਬਾ ਹਰਨਾਮ ਸਿੰਘ ਜੀ ਦਾ ਪ੍ਰਬੰਧ ਕਰਨ ਲਈ ਯੋਗ ਕਮੇਟੀ ਬਣਾਈ ਗਈ ਅਤੇ ਅੰਤਿਮ ਫੈਸਲਾ ਪ੍ਰਬੰਧ ਬਾਰੇ, ਸ੍ਰੀ ਭੈਣੀ ਸਾਹਿਬ ਤੋਂ ਹੁੰਦਾ ਸੀ ਜੋ ਸਭ ਨੂੰ ਮਨਜ਼ੂਰ ਹੁੰਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਡੇਰੇ ਦੇ ਮਹੰਤ ਧੰਨਾ ਸਿੰਘ ਸੀ ਜੋ ਆਪਣੇ ਆਪ ਨੂੰ ਸੇਵਾਦਾਰ ਅਖਵਾਇਆ ਕਰਦੇ ਸਨ। ਉਸ ਤੋਂ ਬਾਅਦ ਜੋ ਪ੍ਰਬੰਧਕ ਮਹੰਤ ਹੋਏ ਉਹ ਇਸ ਪ੍ਰਕਾਰ ਹਨ-

ਧੰਨਾ ਸਿੰਘ (ਸੇਵਾਦਾਰ)
ਮਾਲਾ ਸਿੰਘ - ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਮਹੰਤ ਹੋਏ
ਚਰਨ ਸਿੰਘ - ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਮਹੰਤ ਹੋਏ
ਵਜੀਰ ਸਿੰਘ - ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਮਹੰਤ ਹੋਏ

ਨਿਰਮਲ ਸਿੰਘ - (ਫਤਿਹ ਗੜ੍ਹਚੂੜੀਆਂ)
ਮਹੰਤ ਸੰਤੋਖ ਸਿੰਘ - ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਮਹੰਤ ਹੋਏ
ਸੰਤ ਚਰਨ ਸਿੰਘ ਮਿਰਜਾਪੁਰ - ਸਤਿਗੁਰੂ ਉਦੇ ਸਿੰਘ ਜੀ ਦੇ ਸਮੇਂ ਮਹੰਤ ਹੋਏ ਹਨ
ਮਹੰਤ ਕਰਮ ਸਿੰਘ ਲਾਡੀ - ਸਤਿਗੁਰੂ ਉਦੇ ਸਿੰਘ ਜੀ ਦੇ ਸਮੇਂ ਮਹੰਤ ਹੋਏ ਹਨ

ਵਰਤਮਾਨ ਸਮੇਂ ਵਿਚ ਮਹੰਤ ਕਰਮ ਸਿੰਘ ਲਾਡੀ ਡੇਰੇ ਦੇ ਮਹੰਤ ਹਨ ਜੋ ਬੜੀ ਅੱਛੀ ਤਰ੍ਹਾਂ ਡੇਰੇ ਦਾ ਪ੍ਰਬੰਧ ਕਰ ਰਹੇ ਹਨ। 26-7-2025 ਈ. ਨੂੰ ਮਹੰਤ ਕਰਮ ਸਿੰਘ ਲਾਡੀ ਸਤਿਜੁਗ ਅਖਬਾਰ ਦੇ ਸਮੁੱਚੇ ਸਟਾਫ ਨਾਲ ਸਾਡੇ ਘਰ ਪਿੰਡ ਜੀਆ ਨੱਥਾ ਵਿਖੇ ਆਏ ਸਨ, ਉਹਨਾਂ ਨੇ ਮਹੰਤਾਂ ਦੀ ਲਿਸਟ ਲਿਖਵਾਈ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਡੇਰੇ ਨੇ ਹਰ ਪੱਖ ਤੋਂ ਉਨਤੀ ਕੀਤੀ ਹੈ ਅਤੇ ਸਾਰੀ ਜ਼ਮੀਨ ਨੂੰ ਸ੍ਰੀ ਭੈਣੀ ਸਾਹਿਬ ਦੇ ਪ੍ਰਬੰਧ ਹੇਠ ਲਿਆਂਦਾ, ਇਸ ਪ੍ਰਕਾਰ ਗੈਰ ਕਾਨੂੰਨੀ ਕੋਈ ਹੱਥ ਵੀ ਹੱਥ ਅਜ਼ਮਾਈ ਨਹੀਂ ਕਰ ਸਕਦਾ। ਭਟੀਆਂ ਦੇ ਡੇਰੇ ਵਿਚ ਐਸਾ ਨਹੀਂ ਹੈ ਜੋ ਬਾਬਾ ਹਰਨਾਮ ਸਿੰਘ ਜੀ ਦੇ ਡੇਰੇ ਉਹਨਾਂ ਦੇ ਸਮੇਂ ਸੇਵਕਾਂ ਨੇ ਜ਼ਮੀਨ ਬਾਬਾ ਜੀ ਨੂੰ ਦਿੱਤੀ ਸੀ ਉਹ ਅਜੇ ਵੀ ਉਹਨਾਂ ਸੇਵਕਾਂ ਦੇ ਨਾਮ ਹੀ ਹੈ, ਭਾਵੇਂ ਬਾਬਾ ਹਰਨਾਮ ਸਿੰਘ ਜੀ ਦਾ ਨਾਮ ਜ਼ਮੀਨ ਨਾਲ ਬੋਲਦਾ ਹੈ ਪ੍ਰੰਤੂ ਡੇਰੇ ਦੇ ਨਾਮ ਮਾਲਕੀ ਨਹੀਂ ਹੈ।

## ਸਤਿਗੁਰੂ ਉਦੇ ਸਿੰਘ ਜੀ ਦਾ ਸਮਾਂ

ਸਤਿਗੁਰੂ ਜਗਜੀਤ ਸਿੰਘ ਜੀ 13 ਦਸੰਬਰ 2012 ਈ. ਨੂੰ ਲੰਮੇਂ ਸਮੇਂ ਦਾ ਸੰਤਾਪ ਝਲਕੇ ਅਤੇ ਅਨੇਕ ਗੁਰਸਿੱਖ ਪਿਆਰਿਆਂ ਦੇ ਕਸ਼ਟਾਂ ਦੀ ਨਵਿਰਤੀ ਕਰਕੇ ਜੋਤੀ ਜੋਤ ਸਮਾ ਗਏ। ਕਦੇ ਮਹਾਰਾਜ ਬੀਰ ਸਿੰਘ ਅਤੇ ਕਦੇ ਅੰਤਮ ਸਮੇਂ ਠਾਕੁਰ ਦਲੀਪ ਸਿੰਘ ਬੇਮੁੱਖ ਹੋ ਗਏ। ਇਸ ਕਰਕੇ ਸਤਿਗੁਰੂ ਉਦੇ ਸਿੰਘ ਜੀ ਨੂੰ ਕੁਝ ਸਮਾਂ ਪੰਥ ਦਾ ਪ੍ਰਬੰਧਕ ਥਾਪਿਆ ਗਿਆ। ਲੱਗਭਗ ਦਸ ਦਿਨ ਬਾਅਦ 23 ਦਸੰਬਰ 2012 ਨੂੰ ਸੰਗਤ ਦੇ ਠਾਠਾਂ ਮਾਰਦੇ ਇਕੱਠ ਅਤੇ ਵੱਖ-ਵੱਖ ਧਰਮਾਂ, ਸੰਪ੍ਰਦਾਵਾਂ ਅਤੇ ਰਾਜਨੀਤਿਕ ਆਗੂਆਂ ਵਿਚ ਮਾਤਾ ਚੰਦ ਕੌਰ ਜੀ ਤੋਂ ਅਸੀਰਵਾਦ ਲੈ ਕੇ ਸਮੁੱਚੀ ਸੰਗਤ ਨੇ ਪ੍ਰਬੰਧਕ ਉਦੇ ਸਿੰਘ ਜੀ ਨੂੰ ਸਤਿਗੁਰੂ ਉਦੇ ਸਿੰਘ ਐਲਾਨਿਆ ਗਿਆ।

ਸਤਿਗੁਰੂ ਜੀ ਨੇ ਗੁਰਿਆਈ ਦੀ ਜੁੰਮੇਵਾਰੀ ਸੰਭਾਲਦੇ ਹੀ ਮਾਤਾ ਚੰਦ ਕੋਰ ਦੀ ਕਿਰਪਾ ਨਾਲ ਦੂਰ ਦੁਰਾਡੇ ਦੌਰੇ ਕਰਨੇ ਸ਼ੁਰੂ ਕੀਤੇ। ਸਭ ਤੋਂ ਪਹਿਲਾ ਦੌਰਾ ਪਾਤਸ਼ਾਹੀ ਦਸਵੀਂ ਦੇ ਇਤਿਹਾਸ ਨਾਲ ਸੰਬੰਧਤ ਸਥਾਨ ਮੁਕਤਸਰ ਦਾ ਕੀਤਾ ਗਿਆ। ਜਿਸ ਵਿਚ ਵਿਰੋਧੀਆਂ ਨੇ ਜੋ ਕਦੇ ਆਪਣੇ ਹੀ ਸਨ। ਸਤਿਗੁਰੂ

ਉਦੇ ਸਿੰਘ ਜੀ ਦੇ ਖਿਲਾਫ ਗੋਂਦਾਂ ਗੁੰਦਣ ਲੱਗੇ। ਜੋ ਪਾਤਸ਼ਾਹ ਜੀ ਨੇ ਉਹਨਾਂ ਦੇ ਯਤਨਾਂ ਨੂੰ ਬੜੀ ਸਿਆਣਪ ਨਾਲ ਖਤਮ ਕਰ ਦਿੱਤਾ। ਫਿਰ ਅੰਮ੍ਰਿਤਸਰ, ਗੜ੍ਹਦੀਵਾਲਾ, ਮੰਡੀ ਆਦਿਕ ਥਾਵਾਂ ਤੇ ਉਹਨਾਂ ਨੇ ਯਤਨ ਕੀਤੇ। ਹੋਰ ਵੇਰਵਿਆਂ ਬਾਰੇ ਪਾਠਕਾਂ ਨੇ ਜਾਣਕਾਰੀ ਲੈਣੀ ਹੋਵੇ ਤਾਂ ਸਤਿਜੁਗ (ਪੰਦਰਵਾੜਾ) ਰਿਸਾਲੇ ਦਾ ਵਿਸ਼ੇਸ਼ ਅੰਕ ਜੋ "ਗੁਰਗੱਦੀ ਦੇ ਪਹਿਲੇ ਦਹਾਕੇ ਦਾ ਯਾਦਗਾਰੀ ਅੰਕ ਹੈ ਤੋਂ 31 ਮਾਰਚ 2023 ਈ." ਨੂੰ ਪ੍ਰਕਾਸ਼ਤ ਹੋਇਆ ਸੀ ਜਿਸ ਵਿਚ ਸੂਬਾ ਬਲਵਿੰਦਰ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ ਦਾ ਲੇਖ 'ਨਾ ਭੁਲੀਆਂ ਨ ਵਿਸਰੀਆਂ ਯਾਦਾ' ਅਤੇ ਸੰਤ ਅਜੀਤ ਸਿੰਘ ਲਾਇਲ ਦਾ ਲੇਖ 'ਤਖਤ ਬਹੈ ਤਖਤੈ ਕੀ ਲਾਇਕ' ਛਪੇ ਹਨ। ਸਲਾਹੁਣ ਯੋਗ ਹਨ ਜਿਨ੍ਹਾਂ ਵਿਚ ਹਰ ਪੱਖ ਤੋਂ ਕਿਵੇਂ ਸਤਿਗੁਰੂ ਜੀ ਅਤੇ ਮਾਤਾ ਚੰਦ ਕੌਰ ਜੀ ਨੇ ਵਿਰੋਧੀ ਧੜੇ ਦੀ ਫੂਕ ਕੱਢ ਦਿੱਤੀ ਸੀ ਨੂੰ ਵਿਸ਼ੇਸ਼ ਤੌਰ ਤੇ ਵਰਨਣ ਕੀਤਾ ਹੈ।

ਸੰਤ ਬਾਬਾ ਹਰਨਾਮ ਸਿੰਘ ਜੀ ਦੇ ਡੇਰੇ ਗੜ੍ਹਦੀਵਾਲਾ ਵਿਖੇ ਵਿਰੋਧੀ ਧੜੇ ਨੇ ਲੁਟ ਮਚਾਈ ਹੋਈ ਸੀ। ਉਸਨੂੰ ਖਤਮ ਕਰਨ ਲਈ ਸਤਿਗੁਰੂ ਉਦੇ ਸਿੰਘ ਜੀ ਨੇ ਸੰਤ ਜਗਤਾਰ ਸਿੰਘ ਜੀ ਨੂੰ ਅਟਰਨੀ ਪਾਵਰ ਦੇ ਕੇ ਦਸੂਹੇ ਕੋਰਟ ਵਿਚ 29-2-2016 ਨੂੰ ਬੀਬੀ ਪ੍ਰਿਯੰਕਾ ਸ਼ਰਮਾ ਦੀ ਕੋਰਟ ਵਿਚ ਵਿਰੋਧੀ ਧੜੇ ਤੇ ਮੁਕਦਮਾ ਦਾਇਰ ਕੀਤਾ ਜਿਸ ਦਾ ਫੈਸਲਾ 18-4-2022 ਨੂੰ ਸਤਿਗੁਰੂ ਜੀ ਦੇ ਹੱਕ ਵਿਚ ਹੋਇਆ ਸੀ। ਸਤਿਗੁਰੂ ਜੀ ਦੀ ਇਹ ਜਿੱਤ ਨੇ ਵਿਰੋਧੀ ਧੜੇ ਨੂੰ ਨੇਸਤੋ ਨਾਬੂਦ ਕਰ ਦਿੱਤਾ ਹੈ। ਸਤਿਗੁਰੂ ਜੀ ਦੀ ਕਿਰਪਾ ਨਾਲ ਪਹਿਲੀ ਪ੍ਰਬੰਧਕ ਕਮੇਟੀ ਤੋੜ ਦਿੱਤੀ ਅਤੇ ਸੂਬਾ ਗੁਲਜਾਰ ਸਿੰਘ ਮਹਿਮੂਦ ਪੁਰ ਵਾਲਿਆਂ ਦੀ ਦੇਖ ਰੇਖ ਹੇਠ ਨਵੀ ਪ੍ਰਬੰਧਕ ਕਮੇਟੀ ਹੋਂਦ ਵਿਚ ਲਿਆਂਦੀ ਅਤੇ ਸੁਚਜੇ ਪ੍ਰਬੰਧ ਹੇਠ ਡੇਰੇ ਦੇ ਪ੍ਰਬੰਧ ਨੂੰ ਸੁਘੜ ਹਥਾਂ ਵਿਚ ਲਿਆਂਦਾ। ਡੇਰੇ ਦੀ ਸਾਰੀ ਜ਼ਮੀਨ ਨੂੰ ਬਾਗਬਾਨੀ ਦੇ ਯੋਗ ਬਣਾਇਆ ਅਤੇ ਨਵੀਂ ਚਾਰ-ਦੀਵਾਰੀ ਦੀ ਉਸਾਰੀ ਕੀਤੀ ਗਈ, ਇਤਿਹਾਸਕ ਪੁਰਬਾਂ ਨੂੰ ਸੰਗਤ ਬੜੇ ਉਤਸ਼ਾਹ ਨਾਲ ਮਨਾਉਂਦੀ ਹੈ। ਮੇਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਹੈ ਕਿ ਯੁਗਾਂ ਯੁਗਾਤਰਾਂ ਤੱਕ ਸਾਨੂੰ ਉਹਨਾਂ ਦੇ ਦਰਸ਼ਨ ਹੋਣ ਅਤੇ ਸਾਰੀ ਸੰਗਤ ਤੇ ਮੇਹਰ ਭਰਿਆ ਹੱਥ ਰੱਖਣ।

## ਫੁੱਟ ਨੋਟ ਅਤੇ ਟਿਪਣੀਆਂ

ਗੜ੍ਹਦੀਵਾਲਾ ਸ਼ਹਿਰ ਦਾ ਇਤਿਹਾਸ ਇਕੱਠਾ ਕਰਨ ਲਈ ਮੈਂ ਪੁਸਤਕ 'ਸੇ ਕਿਨੇਹਿਆ' ਜਿਸਨੂੰ ਸੰਤ ਸੇਵਾ ਸਿੰਘ ਜੀ ਨੇ ਐਡਿਟ ਕਰਕੇ ਪ੍ਰਕਾਸ਼ਤ ਕੀਤੀ ਹੈ ਜਿਸਦੇ ਉਹ ਆਪ ਖੁਦ ਪ੍ਰਕਾਸ਼ਕ ਹਨ ਜੋ ਇਸ ਸਮੇਂ ਗੁਰਦੁਆਰਾ ਰਾਮਪੁਰ ਖੇੜਾ ਨਾਲ ਸੰਬੰਧਤ ਹਨ। ਇਹ ਪੁਸਤਕ ਬਾਬਾ ਹਰਨਾਮ ਸਿੰਘ ਜੀ (1897 ਈ. ਤੋਂ ਜਨਵਰੀ 1982 ਈ.) ਨਾਲ ਸੰਬੰਧਤ ਹੈ ਜੋ ਇਹ ਮਹਾਂਪੁਰਸ਼

ਵੀਹਵੀ ਸਦੀ ਵਿਚ ਹੋਏ ਹਨ। ਇਹਨਾਂ ਤੋਂ ਪਹਿਲੇ ਮਹਾਂਪੁਰਸ਼ ਬਾਬਾ ਹਰਨਾਮ ਸਿੰਘ ਗੜ੍ਹਦੀਵਾਲਾ ਉਨੀਵੀ ਸਦੀ ਵਿਚ ਹੋਏ ਹਨ ਭਾਵ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮਕਾਲੀ ਬ੍ਰਹਮ ਗਿਆਨੀ ਸੰਤ ਸਨ ਜੋ ਇਸ ਪੁਸਤਕ ਨਾਲ ਸੰਬੰਧਤ ਹਨ। ਦੋਵੇਂ ਨਾਮ ਇਕੋ ਜਿਹੇ ਹੋਣ ਕਾਰਨ ਭਟੀਆਂ ਦੇ ਨਾਮਧਾਰੀ ਡੇਰੇ ਵਿਚ ਬਾਬਾ ਜੀ ਦਾ ਪੁਰਬ ਮਨਾਉਣ ਸਮੇਂ ਗੜ੍ਹਦੀਵਾਲਾ ਵਾਲੇ ਮਹਾਂਪੁਰਸ਼ਾਂ ਦੇ ਜੀਵਨ ਬਾਰੇ ਬੋਲਣਾ ਚਾਹੀਦਾ ਪਰੰਤੂ ਕਈ ਬੁਲਾਰੇ ਰਾਮ ਪੁਰ ਖੇੜੇ ਵਾਲਿਆਂ ਦੇ ਜੀਵਨ ਬਾਰੇ ਬੋਲ ਜਾਂਦੇ ਹਨ। ਇਸ ਅਧਿਆਇ ਵਿਚ ਪਾਠਕਾਂ ਲਈ ਮੈਂ ਤਾਂ ਦੋਹਾਂ ਬਾਰੇ ਜਾਣਕਾਰੀ ਦਿੱਤੀ ਹੈ।

1. ਸ. ਚੇਤਨ ਸਿੰਘ (ਰੀ. ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ) ਦੀ ਪੁਸਤਕ 'ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲਾ 100 ਸਾਲਾ ਇਤਿਹਾਸ, ਪ੍ਰਾਪਤੀਆਂ ਅਤੇ ਝਲਕੀਆਂ' ਜੋ ਸਕੂਲ ਦੇ ਪ੍ਰਬੰਧਕਾਂ ਨੇ ਆਪ ਛਪਾਈ ਅਤੇ ਪਾਠਕਾਂ ਨੂੰ ਵੰਡੀ ਸੀ, ਇਸ ਵਿਚੋਂ ਇਤਿਹਾਸ ਬਾਰੇ ਸਮਗਰੀ ਧੰਨਵਾਦ ਸਹਿਤ ਲਈ ਗਈ ਹੈ।
2. (ੳ) ਸੰਤ ਇੰਦਰ ਸਿੰਘ ਚਕਰਵਰਤੀ ਗੋਬਿੰਦ ਦਾਸ ਤੋਂ ਸੰਤ ਹਰਨਾਮ ਸਿੰਘ (ਅ) ਸਤਿਜੁਗ ਅਖਬਾਰ ਦਾ ਬਸੰਤ ਅੰਕ, ਪੰਨਾ 172, 10 ਮਾਘ 1992 ਬਿ. 1936 ਈ. (ੲ) ਦੇਵਿੰਦਰ ਸਿੰਘ ਗਿੱਲ (ਸੰਪਾਦਕ) ਮਹਿਮਾ ਸਤਿਗੁਰਾਂ ਦੀ, ਪੰਨਾ 70
3. ਸੁਵਰਨ ਸਿੰਘ ਵਿਰਕ: ਕੂਕਾ ਲਹਿਰ ਦੇ ਅਮਰ ਨਾਇਕ, ਪੰਨਾ 696-697
4. ਸੁਵਰਨ ਸਿੰਘ ਵਿਰਕ: ਓਹੀ, ਪੰਨਾ 696
5. ਸੂਬਾ ਸੁਰਿੰਦਰ ਕੌਰ ਖਰਲ: ਪ੍ਰਕਾਸ਼ ਪੁੰਜ (ਭਾਗ ਪਹਿਲਾ), ਸਤਿਗੁਰੂ ਜਗਜੀਤ ਸਿੰਘ ਜੀ ਦਾ ਜੀਵਨ, ਪੰਨਾ 101
6. ਸੰਤ ਤਰਨ ਸਿੰਘ ਵਹਿਮੀ: ਜਸ ਜੀਵਨ, ਭਾਗ ਦੂਜਾ, ਸਫਾ 93.
7. ਰੀਕਾਰਡ ਹੋਈ ਵੀ.ਡੀ.ਓ ਕੈਸਿਟ ਮਿਤੀ 8 ਫਰਵਰੀ 1981, ਸਥਾਨ ਕਰੀਵਾਲਾ (ਸਿਰਸਾ)
8. ਪ੍ਰਿੰਸੀਪਾਲ ਬੇਅੰਤ ਕੌਰ (ਸੰ.): ਲਾਲ ਏਹਿ ਰਤਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੇ ਪਵਿੱਤਰ ਉਪਦੇਸ਼, ਭਾਗ 3, ਸਫਾ 129-130
9. ਪ੍ਰਿੰਸੀਪਲ ਬੇਅੰਤ ਕੌਰ (ਸੰ.), ਓਹੀ, ਭਾਗ-2, ਪੰਨਾ 121-22
10. ਸੰਤ ਇੰਦਰ ਸਿੰਘ ਚਕਰਵਰਤੀ, ਓਹੀ, ਪੰਨਾ 172
11. ਬੀਬੀ ਸੁਰਿੰਦਰ ਕੌਰ ਖਰਲ: ਓਹੀ, ਪੰਨਾ 102
12. ਸੰਤ ਕਸ਼ਮੀਰ ਸਿੰਘ ਪਿੰਡ ਤੋਏ ਵਾਲਿਆਂ ਨੇ ਇਹ ਕਥਾ ਮੈਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੁਣਾਈ ਸੀ।

# ਦਾਨੇ ਤੇ ਮਸਤਾਨੇ ਮਹਾਂਪੁਰਸ਼ ਬਾਬੇ

ਦਾਨੇ ਤੇ ਮਸਤਾਨੇ ਮਹਾਂਪੁਰਸ਼ ਬਾਬਾ ਹਰਨਾਮ ਸਿੰਘ ਜੀ ਜਿਨ੍ਹਾਂ ਦਾ ਸੰਬੰਧ ਸ਼ੁਰੂ ਵਿਚ ਵੈਰਾਗੀ ਸੰਪ੍ਰਦਾਇ ਨਾਲ ਸੀ ਜੋ ਸੂਝ ਅਵਸਥਾ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਨਿਹੰਗ ਬਾਣਾ ਧਾਰਨ ਕਰਕੇ ਨਾਮਧਾਰੀ ਸਿੰਘ ਸਜ ਗਏ ਸਨ ਅਤੇ ਫਿਰ ਸਵਾਸ ਸਵਾਸ ਨਾਮ ਜਪਣ ਕਾਰਨ ਦਾਨੇ ਤੇ ਮਸਤਾਨੇ ਸਿੰਘਾਂ ਦੀ ਪਦਵੀ ਪ੍ਰਾਪਤ ਕਰ ਗਏ ਜੋ ਵੀ ਬਚਨ ਕਰਦੇ। ਉਹ ਪੂਰਨ ਹੋ ਜਾਂਦੇ ਸਨ। ਅਸਾਧ ਰੋਗਾਂ ਦੀ ਨਿਵਿਰਤੀ ਉਹ ਬਚਨਾਂ ਨਾਲ ਕਰ ਦੇਂਦੇ ਸਨ।

## ਭਗਤ ਨਾਮਦੇਵ ਜੀ

ਗਿਆਨੇਸ਼ਵਰ ਮਹਾਂਰਾਸ਼ਟਰ ਦੇ ਇਲਾਕੇ ਵਿਚ ਭਗਤੀ ਲਹਿਰ ਦੇ ਬੀਜ ਜੋ ਉਹਨਾਂ ਨੇ ਬੀਜੇ ਸਨ ਅਤੇ ਪ੍ਰਭੂ ਭਗਤੀ ਦਾ ਪ੍ਰਚਾਰ ਕੀਤਾ। ਪ੍ਰੰਤੂ ਭਗਤ ਨਾਮਦੇਵ ਜੀ ਗਿਆਨੇਸ਼ਵਰ ਨਾਲੋਂ ਜਿਆਦਾ ਲੋਕ ਪ੍ਰਿਯਾ ਹੋ ਗਏ। ਉਹਨਾਂ ਨੇ ਮਹਾਂਰਾਸ਼ਟਰ ਵਿਚ ਆਪਣੇ ਧਰਮ ਪ੍ਰਚਾਰ ਵਿਚ ਜਾਤ-ਪਾਤ ਦਾ ਖੰਡਨ ਕੀਤਾ ਅਤੇ ਸਮੁੱਚੀ ਮਾਨਵਤਾ ਨੂੰ ਪ੍ਰਭੂ ਦੀ ਖਲਕਤ ਕਿਹਾ। ਉਹਨਾਂ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ ਅਤੇ ਇਕ ਪ੍ਰਭੂ ਦੀ ਉਸਤਤ ਦੇ ਜ਼ੋਰ ਦਿੱਤਾ ਅਤੇ ਪ੍ਰਭੂ ਹੀ ਸਭ ਦਾ ਮਾਲਿਕ ਹੈ, ਪ੍ਰਚਾਰ ਕੀਤਾ।

ਭਗਤ ਨਾਮਦੇਵ ਜੀ ਦਾ ਜਨਮ ਕਤਕ ਸੁਦੀ ਇਕਾਦਸ਼ੀ ਮੁਤਾਬਕ 26 ਅਕਤੂਬਰ 1270 ਈ. ਨੂੰ ਨਰਸੀ ਬਾਮਣੀ ਮਹਾਂਰਾਸ਼ਟਰ ਦੇ ਜ਼ਿਲ੍ਹਾ ਹਿੰਗੋਲੀ ਵਿਖੇ ਮਾਤਾ ਗੋਣਾ ਬਾਈ ਦੀ ਕੁਖ ਤੋਂ ਬਾਬਾ ਦਾਮ ਸੇਠ ਜੀ ਦੇ ਗ੍ਰਹਿ ਵਿਖੇ ਹੋਇਆ। ਭਗਤ ਜੀ ਦਾ ਬਚਪਨ ਆਮ ਪੇਡੂ ਬੱਚਿਆਂ ਵਾਂਗ ਹੀ ਬਤੀਤ ਹੋਇਆ। ਪੰਜ ਸਾਲ ਦੀ ਉਮਰ ਵਿਚ ਉਹਨਾਂ ਨੂੰ ਪਾਂਧੇ ਕੋਲ ਪੜਨ ਲਈ ਭੇਜਿਆ ਗਿਆ ਪ੍ਰੰਤੂ ਉਹਨਾਂ ਦਾ ਮਨ ਸੰਸਾਰਕ ਵਿਦਿਆ ਤੋਂ ਉਪਰਾਮ ਰਹਿੰਦਾ ਸੀ, ਉਹਨਾਂ ਦਾ ਮਨ ਬੀਠਲ ਦੀ ਭਗਤੀ ਵਿਚ ਰੰਗਿਆ ਰਹਿੰਦਾ ਸੀ ਇਸ ਲਈ ਉਹ ਸੰਸਾਰਕ ਵਿਦਿਆ ਤੋਂ ਉਪਰਾਮ ਹੀ ਰਹੇ।

ਪੁਰਾਤਨ ਸਮੇਂ ਅਨੁਸਾਰ ਉਹਨਾਂ ਦੀ ਸ਼ਾਦੀ ਬਾਬਾ ਗੋਬਿੰਦ ਸੇਠ ਦੀ ਪੁਤਰੀ ਰਾਜਾ ਬਾਈ ਨਾਲ ਹੋ ਗਈ ਅਤੇ ਉਹਨਾਂ ਦੀ ਘਰ ਚਾਰ ਪੁੱਤਰ, ਇਕ ਪੁਤਰੀ ਪੈਦਾ ਹੋਏ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਸਨ- (ੳ) ਪੁੱਤਰ ਨਰੈਣ (ਅ) ਪੁੱਤਰ ਮਹਾਂਦੇਵ (ੲ) ਪੁੱਤਰ ਗੋਬਿੰਦ ਦਾਸ (ਸ) ਪੁੱਤਰ ਬਿਠਲ ਦਾਸ ਅਤੇ ਪੁੱਤਰੀ (ਹ) ਲਿੰਬਾ ਬਾਈ ਜੀ ਹੋਏ।

ਉਹਨਾਂ ਦਾ ਪਹਿਲੀ ਵਾਰ ਮਿਲਾਪ ਸੰਤ ਗਿਆਨਸ਼ੇਵਰ ਜੀ ਨਾਲ ਪਿੰਡ ਨਰਸੀ ਬਾਮਣੀ ਵਿਖੇ ਹੋਇਆ। ਸੰਤ ਗਿਆਨਸ਼ੇਵਰ ਦੇ ਕਹਿਣ ਤੇ ਸੰਤ ਵਿਸ਼ੋਵਾ ਖੇਚਰ ਨੂੰ ਆਪਣਾ ਗੁਰੂ ਧਾਰਨ ਕੀਤਾ। ਬਚਪਨ ਤੋਂ ਨਾਮਦੇਵ ਜੀ ਪ੍ਰਭੂ ਭਗਤੀ ਵਿਚ ਲੀਨ ਰਿਹਾ ਕਰਦੇ ਸਨ। ਉਹਨਾਂ ਦਾ ਪਿਤਾ ਸ਼ਿਵ ਭਗਤ ਸੀ, ਉਹ ਰੋਜ਼ਾਨਾ ਮੰਦਰ ਵਿਚ ਜਾ ਕੇ ਠਾਕੁਰਾਂ ਨੂੰ ਦੁੱਧ ਦਾ ਭੋਗ ਲਗਾਇਆ ਕਰਦਾ ਸੀ। ਇਕ ਦਿਨ ਕਿਸੇ ਕਾਰਨ ਉਹਨਾਂ ਦੇ ਪਿਤਾ ਨੂੰ ਬਾਹਰ ਜਾਣਾ ਪੈ ਗਿਆ। ਠੀਕ ਸਮੇਂ ਪਿਤਾ ਜੀ ਦਾ ਕਹਿਣਾ ਮੰਨ ਕੇ ਮੰਦਰ ਵਿਚ ਠਾਕੁਰਾਂ ਨੂੰ ਭੋਗ ਲਗਾਉਣ ਲਈ ਗਏ। ਪ੍ਰੰਤੂ ਨਿਰਛੱਲ ਅਤੇ ਨਿਸ਼ਕਪਟ ਨਾਮਦੇਵ ਜੀ ਜਾਣਦੇ ਨਹੀਂ ਸਨ ਕਿ ਠਾਕੁਰ ਤਾਂ ਪੱਥਰ ਹੀ ਸਨ, ਉਹਨਾਂ ਦੁੱਧ ਨਹੀਂ ਪੀਣਾ ਸੀ। ਨਾਮਦੇਵ ਜੀ ਗਲ ਵਿਚ ਪੱਲਾ ਪਾ ਕੇ ਬੈਠ ਗਏ ਅਤੇ ਠਾਕੁਰਾਂ ਨੂੰ ਪ੍ਰਤੱਖ ਆਉਣ ਲਈ ਜੋਦੜੀਆਂ ਕਰਨ ਲੱਗੇ। ਨਿਰਛਲ ਭਗਤ ਜੀ ਦੀ ਬੇਨਤੀ ਮੰਨੀ ਗਈ ਅਤੇ ਠਾਕੁਰਾਂ ਨੇ ਆ ਕੇ ਦੁੱਧ ਨੂੰ ਭੋਗ ਲਗਾ ਕੇ ਭਗਤ ਜੀ ਦੀ ਬੇਨਤੀ ਮੰਨ ਲਈ ਗਈ। ਬਾਅਦ ਵਿਚ ਉਹਨਾਂ ਨੇ ਆਪਣੀ ਰਚਿਤ ਬਾਣੀ ਵਿਚ ਜ਼ਿਕਰ ਵੀ ਕੀਤਾ ਹੈ-

ਦੂਧੁ ਕੋਟਰੈ ਗਡਵੈ ਪਾਨੀ॥
ਕਪਲ ਗਾਇ ਨਾਮੈ ਦੁਹਿ ਆਨੀ॥੧॥
ਦੂਧੁ ਪੀਉ ਮੇਰੋ ਮਨੁ ਪਤੀਆਇ॥
ਨਾਹੀ ਤ ਘਰ ਕੋ ਬਾਪੁ ਰਿਸਾਇ॥੧॥ ਰਹਾਉ॥
ਸੋੁਇਨ ਕਟੋਰੀ ਅੰਮ੍ਰਿਤ ਭਰੀ॥
ਲੈ ਨਾਮੈ ਹਰਿ ਆਗੈ ਧਰੀ॥੨॥
ਏਕ ਭਗਤੁ ਮੇਰੇ ਹਿਰਦੇ ਬਸੈ॥
ਨਾਮੇ ਦੇਖਿ ਨਰਾਇਨੇ ਹਸੈ॥੩॥
ਦੂਧੁ ਪੀਆਇ ਭਗਤੁ ਘਰਿ ਗਇਆ॥
ਨਾਮੇ ਹਰਿ ਕਾ ਦਰਸਨ ਭਇਆ॥

(ਭੈਰਉ ਬਾਣੀ ਨਾਮਦੇਉ ਜੀਉ ਕੀ, ਘਰੁ ੧, ਪੰਨਾ ੧੧੬੩)

ਸੰਤ ਗਿਆਨੇਸ਼ਵਰ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਨਾਮਦੇਵ ਜੀ ਨੇ ਮਹਾਂਰਾਸ਼ਟਰ ਛੱਡ ਦਿੱਤਾ ਅਤੇ ਹਰਦੁਆਰ ਵੱਲ ਚਲੇ ਗਏ ਫਿਰ ਉਥੋਂ ਧਰਮ ਪ੍ਰਚਾਰ ਕਰਦੇ ਹੋਏ ਪੰਜਾਬ ਵੱਲ ਆ ਗਏ ਅਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਭੂਤ ਵਿੰਡ ਆ ਟਿਕਾਣਾ ਕੀਤਾ।2 ਉਥੇ ਹੀ ਉਹਨਾਂ ਕੋਲ ਇਕ ਬਾਲਕ ਆਪਣੀ ਮਾਤਾ ਨਾਲ ਰੋਜ਼ਾਨਾ ਸਤਸੰਗ ਕਰਨ ਆਉਣ ਲੱਗਾ। ਸੰਤ ਨਾਮਦੇਵ ਜੀ ਵੀ ਉਸ ਬਾਲਕ ਨਾਲ ਬਹੁਤ ਪਿਆਰ ਕਰਨ ਲੱਗੇ। ਉਸ ਬਾਲਕ ਦਾ ਨਾਮ ਥਹੂਰੂ ਸੀ, ਇਕ ਦਿਨ ਦੇਵਨੇਤ ਉਹ ਬਾਲਕ ਸੁਰਗਵਾਸ ਹੋ ਗਿਆ।

ਉਹ ਮਾਈ ਸੰਤ ਨਾਮਦੇਵ ਹੀ ਦੇ ਚਰਨਾਂ ਵਿਚ ਉਹ ਮਰਿਆ ਪੁੱਤਰ ਲੈ ਆਈ ਅਤੇ ਵਿਰਲਾਪ ਕਰਨ ਲੱਗੀ ਸੰਤਾਂ ਨੇ ਅਰਦਾਸ ਕੀਤੀ ਤਾਂ ਬਾਲਕ ਬਹੁਰੂ ਉਠ ਖਲੋਇਆ, ਇਹੋ ਬਾਲਕ ਬਹੁਰੂ ਬਾਅਦ ਵਿਚ ਬਾਬਾ ਬਹੁਰ ਦਾਸ ਜੀ ਦੇ ਨਾਮ ਨਾਲ ਪ੍ਰਸਿੱਧ ਹੋਇਆ ਅਤੇ ਸੰਤ ਨਾਮਦੇਵ ਜੀ ਦੇ ਸੁਰਗਵਾਸ ਹੋਣ ਤੋਂ ਬਾਅਦ ਗੁਰਗੱਦੀ ਦੇ ਮਾਲਕ ਬਣੇ ਸਨ।

ਭੂਤ ਵਿੰਡ ਤੋਂ ਅੱਗੇ ਜ਼ਿਲ੍ਹਾ ਗੁਰਦਾਸ ਪੁਰ ਵਿਚ ਭਟੀਵਾਲ ਦੇ ਸਥਾਨ ਤੇ 'ਰਾਮੇ ਆਏ' ਆ ਕੇ ਕੁਲ੍ਹੀ ਪਾ ਲਈ, ਅਤੇ ਜੰਗਲ ਵਿਚ ਮੰਗਲ ਕਰ ਦਿੱਤਾ। ਬਾਬਾ ਬਹੁਰ ਦਾਸ ਵੀ ਉਥੇ ਆ ਗਏ, ਰੋਜ਼ਾਨਾ ਸਵੇਰ ਅਤੇ ਸ਼ਾਮ ਨੂੰ ਇਲਾਕੇ ਦੀ ਸੰਗਤ ਉਥੇ ਆ ਕੇ ਹਾਜ਼ਰੀ ਭਰਨ ਲੱਗੀ। ਮਾਲਵੇ ਵਿਚ ਇਕ ਵਾਰ ਕਾਲ ਪੈ ਗਿਆ ਸੀ ਤਾਂ ਘੁਮਾਣ ਜਾਤ ਦੇ ਲੋਕ ਕਾਲ ਤੋਂ ਦੁਖੀ ਹੋ ਕੇ ਭਗਤ ਜੀ ਦੀ ਮਹਿਮਾ ਸੁਣਕੇ ਏਧਰ ਆ ਗਏ ਅਤੇ ਭਗਤ ਨਾਮਦੇਵ ਜੀ ਦੇ ਸੇਵਕ ਬਣ ਗਏ, ਫਿਰ ਉਥੇ ਹੀ ਉਹਨਾਂ ਨੇ ਘੁਮਾਣ ਨਗਰ ਵਸਾਇਆ। ਉਥੇ ਹੀ ਭਾਈ ਮਠਾੜੂ ਜੋ ਕਿ ਰਾਮਗੜ੍ਹੀਆ ਸਿਖ ਸੀ ਤੇ ਭਗਤ ਜੀ ਦੀ ਕਿਰਪਾ ਹੋਈ ਅਤੇ ਭਗਤ ਨਾਮਦੇਵ ਜੀ ਦਾ ਸਿੱਖ ਸੱਚਾ ਸੁਚਾ ਬਣ ਗਿਆ। ਇਥੇ ਬਸ ਨਹੀਂ ਕਾਦੀਆਂ ਦੇ ਭਾਈ ਲੱਧਾ ਜੀ ਖਤਰੀ ਵੀ ਆਏ ਅਤੇ ਭਗਤ ਜੀ ਦੇ ਹੋਕੇ ਰਹਿ ਗਏ।

**ਗੁਰਦਿਆਲ ਸਿੰਘ ਰੀਹਲ**[3] ਅਨਸੁਾਰ ਭਗਤ ਜੀ ਨੇ ਘੁਮਾਣ ਵਿਖੇ ਵਸੇਵਾ ਕੀਤਾ ਹੋਇਆ ਕਾਫ਼ੀ ਸਮਾਂ ਗੁਜਰ ਗਿਆ ਸੀ ਅਤੇ ਉਹਨਾਂ ਦੀ ਕਾਫੀ ਬਿਰਧ ਅਵਸਥਾ ਹੋ ਗਈ ਸੀ। ਇਕ ਦਿਨ ਉਹਨਾਂ ਨੇ ਬਾਬਾ ਬਹੁਰਦਾਸ ਜੀ ਨੂੰ ਕੋਲ ਬੁਲਾਕੇ ਆਖਿਆ, "ਪੁਤਰ ਬਹੁਰੂ, ਮੇਰਾ ਜੀਅ, ਪੁੰਡਰ ਪੁਰ ਵਾਪਸ ਜਾਣ ਨੂੰ ਕਰਦਾ ਹੈ ਕਿਉਂਕਿ ਪੁੰਡਰਪੁਰ (ਮਹਾਂਰਾਸ਼ਟਰ) ਵਿਚ ਮੇਰੇ ਸਾਕ ਸੰਬੰਧੀ ਅਤੇ ਮਾਪੇ ਯਾਦ ਕਰ ਰਹੇ ਹਨ। ਇਹ ਸੁਣ ਕੇ ਸਾਰੀ ਸੰਗਤ ਵੈਰਾਗੀ ਹੋ ਗਈ ਅਤੇ ਭਗਤ ਜੀ ਨੇ ਬਾਬਾ ਬਹੁਰ ਦਾਸ ਨੂੰ ਆਪਣੀ ਜਗ੍ਹਾ ਥਾਪ ਦਿੱਤਾ ਅਤੇ ਆਪ ਜੀ ਪੁੰਡਰਪੁਰ ਚਲੇ ਗਏ ਅਤੇ ਉੱਥੇ ਹੀ 1350 ਈ. ਵਿਚ ਅਕਾਲ ਚਲਾਣਾ ਕਰ ਗਏ।[4] ਕੁਝ ਵਿਦਵਾਨ ਵਿਚਾਰਵਾਨਾਂ ਦਾ ਵਿਚਾਰ ਹੈ ਕਿ ਉਹ ਪੰਡਰਪੁਰ ਨਹੀਂ ਗਏ ਸਨ, ਸਗੋਂ ਉਹਨਾਂ ਨੇ ਆਪਣਾ ਅੰਤਿਮ ਸਮਾਂ 1350 ਈ. ਵਿਚ ਪਰਲੋਕ ਗਮਨ ਘੁਮਾਣ ਵਿਚ ਹੀ ਕੀਤਾ ਸੀ ਅਤੇ ਪ੍ਰਲੋਕ ਗਮਨ ਤੋਂ ਬਾਅਦ ਉਹਨਾਂ ਦਾ ਅੰਤਿਮ ਸਥਾਨ ਘੁਮਾਣ ਵਿਖੇ ਹੀ ਬਾਬਾ ਬਹੁਰਦਾਸ ਜੀ ਨੇ ਬਣਾਇਆ ਸੀ ਜਿਸਦੇ ਦਰਸ਼ਨ ਕਰਨ ਦਿਨ ਰਾਤ ਸੰਗਤ ਜਾਂਦੀ ਹੈ।[5] ਉਹਨਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 61 ਸ਼ਬਦ ਦਰਜ ਹਨ ਜਿਹਨਾਂ ਵਿਚ ਉਹਨਾਂ ਦੀ ਜੀਵਨ ਲੀਲਾ ਦਾ ਵਰਣਨ ਸੰਖੇਪ ਰੂਪ ਵਿਚ ਮਿਲਦਾ ਹੈ।

**ਬਾਬਾ ਲੱਧਾ ਰਾਮ ਜੀ, ਭਗਤ ਨਾਮ ਦੇਵ ਜੀ ਦੇ ਸੇਵਕ ਹੋਏ–**

ਪ੍ਰਸਿੱਧ ਵਿਦਵਾਨ ਸੰਤ ਇੰਦਰ ਸਿੰਘ ਚੱਕਰਵਰਤੀ, ਸਤਿਜੁਗ ਅਖਬਾਰ ਦੇ ਸੰਪਾਦਕ 10 ਮਾਘ 1992 ਬਿਕਰਮੀ ਨੂੰ ਬਸੰਤ ਅੰਕ ਵਿਚ ਲੇਖ ਗੋਬਿੰਦ ਦਾਸ ਤੋਂ ਸੰਤ ਹਰਨਾਮ ਸਿੰਘ ਛਪਾਇਆ ਸੀ। ਉਸ ਲੇਖ ਵਿਚ ਸੰਤ ਇੰਦਰ ਸਿੰਘ ਚਕਰਵਰਤੀ ਜੀ ਬਾਬਾ ਲੱਧਾ ਰਾਮ ਜੀ ਬਾਰੇ ਇਸ ਤਰ੍ਹਾਂ ਲਿਖਦੇ ਹਨ[6]–

"ਪੂਰਨ ਪੁਰਖ ਬ੍ਰਹਮ ਗਿਆਨੀ ਭਗਤ ਸ੍ਰੀ ਨਾਮ ਦੇਵ ਜੀ ਮਹਾਰਾਜ ਨਗਰ ਭਟੀ ਵਾਲ, ਜਿਲ੍ਹਾ ਗੁਰਦਾਸਪੁਰ 'ਰਾਮੇਆਣੇ' ਨਾਮ ਸਥਾਨ ਤੇ ਕੁਲ੍ਹੀ ਬੰਨ੍ਹ ਕੇ ਤਪ ਕਰ ਰਹੇ ਸਨ। ਅਜੇ ਆਪ ਜੀ ਨੇ ਆਪਣੇ ਆਪ ਨੂੰ ਪ੍ਰਗਟ ਨਹੀਂ ਸੀ ਕੀਤਾ। ਕਾਦੀਆਂ ਨਗਰ ਦੇ ਰਹਿਣ ਵਾਲੇ ਭਾਈ ਲੱਧਾ ਨਾਮੀ ਖਤਰੀ ਬਾਹਰਲੇ ਪਿੰਡਾਂ ਵਿਚ ਲੂਣ ਤੇਲ ਆਦਿ ਸੌਦਾ ਵੇਚਣ ਜਾਯਾ ਕਰਦੇ ਸਨ ਅਤੇ ਸ੍ਰੀ ਭਗਤ ਜੀ ਮਹਾਰਾਜ ਦੇ ਡੇਰੇ ਤੇ ਦੀਵਾ ਜਗਾ ਆਇਆ ਕਰਦੇ ਸਨ। ਇਕ ਦਿਨ ਆਪ ਜੀ ਦਾ ਸਭ ਤੇਲ ਖਤਮ ਹੋ ਗਿਆ। ਉਸ ਦਿਨ ਬਿਨਾਂ ਦਰਸ਼ਨ ਕੀਤੇ ਹੀ ਰਾਮੇ ਆਣੇ ਦੇ ਅਗੋਂ ਦੀ ਲੰਘ ਚਲੇ। ਸ੍ਰੀ ਨਾਮਦੇਵ ਜੀ ਨੇ ਆਵਾਜ਼ ਮਾਰਕੇ ਕਿਹਾ– "ਭਾਈ ਲੱਧਾ ਜੀ ਕੀ ਗਲ ਏ, ਅਜ ਲੁਕ ਕੇ ਕਿਉਂ ਜਾ ਰਹੇ ਹੋ?"

"ਦੀਨ ਦਿਆਲ, ਕੁਪੀ ਦਾ ਤੇਲ ਖਤਮ ਹੋ ਗਿਆ ਏ।"
"ਭਾਈ ਜਰਾ ਕੁੱਪੀ ਵਲ ਤੱਕ ਤੇ ਸਹੀ।"

ਜਦ ਭਾਈ ਲੱਧਾ ਰਾਮ ਜੀ ਕੁੱਪੀ ਵੱਲ ਨਜ਼ਰ ਮਾਰੀ ਤਦ ਕੁੱਪੀ ਤੇਲ ਦੀ ਭਰੀ ਹੋਈ ਜਾਪੀ। ਭਾਈ ਲਧਾ ਜੀ ਸ੍ਰੀ ਭਗਤ ਜੀ ਮਹਾਰਾਜ ਦੇ ਚਰਨੀ ਆ ਡਿੱਗੇ। ਦੀਵਾ ਜਗਾ ਕੇ ਓਥੇ ਹੀ ਬੈਠ ਗਿਆ। ਭਗਤ ਜੀ ਨੇ ਕਿਹਾ– "ਭਾਈ ਹੁਣ ਜਾਹ ਕਾਦੀਆਂ।"

"ਮਹਾਰਾਜ ਹੁਣ ਤੇ ਮੈਂ ਕਿਤੇ ਜਾਣ ਜੋਗਾ ਨਹੀਂ ਰਿਹਾ। ਮੈਨੂੰ ਪਾਵਨ ਚਰਨਾਂ ਵਿਚ ਹੀ ਹੁਣ ਰੱਖੋ।"

ਭਗਤ ਜੀ ਮਹਾਰਾਜ ਨੇ ਭਾਈ ਲਧੇ ਨੂੰ 'ਨਾਮ' ਦੀ ਦਾਤ ਬਖਸ਼ਕੇ ਨਿਹਾਲ ਕੀਤਾ ਅਤੇ ਹੁਕਮ ਕੀਤਾ ਕਿ 'ਕਾਦੀਆਂ ਥੀ' ਆ ਜਾਵੇ, ਏਥੇ ਸਾਡੇ ਨੇੜੇ ਸਖੋ ਵਾਲ ਆ ਵਸੋ। ਸਾਡਾ ਡੇਰਾ ਘੁਮਾਣਾ ਵਿਖੇ ਹੋਵੇਗਾ ਤੇ ਤੇਰਾ ਸਖੋਵਾਲ ਵਿਖੇ। ਤੇਰੇ ਡੇਰੇ ਦੀ ਯਾਤਰਾ ਬਿਨਾਂ ਸਾਡੇ ਡੇਰੇ ਦੀ ਯਾਤਰਾ ਪੂਰੀ ਨਹੀਂ ਹੋਵੇਗੀ। ਤੇਰੇ ਬੰਸ ਵਿਖੇ ਵੱਡੇ-ਵੱਡੇ ਮਹਾਤਮਾ ਜਨਮ ਧਾਰਨਗੇ। ਲੋਕੀਂ ਤੈਨੂੰ ਗੁਰੂਆਂ ਵਾਂਗੂ ਪੂਜਣਗੇ। ਏਹ ਵਰ ਲੈ ਕੇ ਭਾਈ ਲੱਧਾ ਰਾਮ ਜੀ, ਪਰਿਵਾਰ ਸਹਿਤ ਕਾਦੀਆਂ, ਪਿੰਡ ਸਖੋਵਾਲ ਵਿਖੇ ਆ ਗਏ।

**ਸੰਖੇਪ ਇਤਿਹਾਸ ਸ੍ਰੋਮਣੀ ਭਗਤ ਨਾਮਦੇਵ ਜੀ** ਵਿਚ ਪੰਨਾ 9 ਅਤੇ 10 ਭਾਈ ਲੱਧਾ ਜੀ ਬਾਰੇ ਇਸ ਪ੍ਰਕਾਰ ਲਿਖਿਆ ਹੈ-

"ਇਕ ਵਾਰ ਦੀ ਗੱਲ ਹੈ ਕਿ ਸੱਖੋਵਾਲ ਪਿੰਡ ਦਾ ਇਕ ਖੱਤਰੀ ਭਾਈ ਲੱਧਾ ਕਾਦੀਆਂ ਤੋਂ ਸ੍ਰੀ ਹਰਗੋਬਿੰਦ ਪੁਰ ਹਰ ਰੋਜ਼ ਲੂਣ ਅਤੇ ਤੇਲ ਦਾ ਵਾਪਾਰ ਕਰਨ ਜਾਂਦਾ ਹੁੰਦਾ ਸੀ ਅਤੇ ਵਾਪਸੀ ਸਮੇਂ ਬਾਬਾ ਜੀ ਦੀ ਕੁਟੀਆ ਵਿਚ ਤੇਲ ਦਾ ਦੀਵਾ ਨਿਯਮ ਨਾਲ ਜਗ੍ਹਾ ਕੇ ਜਾਂਦਾ ਸੀ। ਪਰ ਇਕ ਦਿਨ ਉਸਦੀਆਂ ਤੇਲ ਦੀਆਂ ਕੁਪੀਆਂ ਬਿਲਕੁਲ ਖਾਲੀ ਹੋ ਗਈਆਂ ਅਤੇ ਦੀਵਾ ਜਗਾਉਣ ਵਾਸਤੇ ਤੇਲ ਨਹੀਂ ਬੱਚਿਆ ਤਾਂ ਭਾਈ ਲੱਧਾ ਬਾਬਾ ਜੀ ਪਾਸ ਆਉਣ ਦੀ ਬਜਾਏ ਇਕ ਹੋਰ ਰਸਤੇ ਅੱਖ ਬਚਾ ਕੇ ਲੰਘਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਜਾਣੀ ਜਾਣ ਭਗਤ ਨਾਮਦੇਵ ਜੀ ਨੇ ਉਸਨੂੰ ਆਪਣੇ ਪਾਸ ਬੁਲਾ ਲਿਆ ਤੇ ਰਸਤਾ ਛੱਡ ਕੇ ਜਾਣ ਦਾ ਕਾਰਨ ਪੁਛਿਆ ਤਾਂ ਉਸਨੇ ਆਪਣੀ ਬੇਬਸੀ ਪ੍ਰਗਟ ਕੀਤੀ। ਬਾਬਾ ਜੀ ਨੇ ਆਖਿਆ ਭਾਈ ਲੱਧੇ ਜ਼ਰਾ ਆਪਣੀ ਕੁੱਪੀ ਖੋਲ ਕੇ ਦੇਖ ਸ਼ਾਇਦ ਥੋੜ੍ਹਾ ਬਹੁਤ ਤੇਲ ਦੀਵੇ ਵਾਸਤੇ ਬਚਿਆ ਹੋਵੇ। ਬਾਬਾ ਜੀ ਦੀ ਅਪਾਰ ਦ੍ਰਿਸ਼ਟੀ ਜਦੋਂ ਖਾਲੀ ਕੁਪੀਆਂ ਵੱਲ ਪਈ ਤਾਂ ਕੁਪੀਆਂ ਨੱਕੋ-ਨੱਕ ਭਰੀਆਂ ਹੋਈਆਂ ਸਨ। ਭਾਈ ਲੱਧਾ ਇਸ ਕੌਤਕ ਨੂੰ ਵੇਖ ਕੇ ਬਾਬਾ ਜੀ ਦੇ ਚਰਨਾਂ ਉਤੇ ਡਿੱਗ ਪਿਆ ਅਤੇ ਉਹਨਾਂ ਦਾ ਪੱਕਾ ਸੇਵਕ ਬਣ ਗਿਆ। ਪਿੰਡ ਸੱਖੋਵਾਲ ਵਿਖੇ ਭਾਈ ਲੱਧਾ ਜੀ ਦੀ ਸਮਾਧੀ ਬਣੀ ਹੋਈ ਹੈ। ਇਹ ਥਾਂ ਪਿੰਡ ਭੱਟੀਵਾਲ ਤੋਂ ਇਕ ਕਿਲੋਮੀਟਰ ਦੀ ਵਿਥ ਤੇ ਹੈ।"

**ਭਾਈ ਕਾਲਾ ਸਿੰਘ ਨਾਮਧਾਰੀਆ, ਜਨਮ ਸਾਖੀ ਬ੍ਰਹਮ ਗਿਆਨੀ ਬਾਬਾ ਨਾਮ ਦੇਵ ਜੀ**, ਪੰਨਾ 152-153 ਤੇ ਇਸ ਪ੍ਰਕਾਰ ਬੈਤਾਂ ਵਿਚ ਲਿਖਦੇ ਹਨ-

### ਪ੍ਰਸੰਗ ਭਟੀਵਾਲ ਤੇ ਸਖੋਵਾਲ ਤੇ ਕਾਦੀਆਂ ਵਾਲੇ ਬਾਬੇ ਲਧੇ ਦਾ ਚਲਿਆ

ਏਸੇ ਜ਼ਿਲ੍ਹੇ ਗੁਰਦਾਸਪੁਰ ਵਿਚ ਭਾਈ ਇਕ ਕਾਦੀਆਂ ਪਿੰਡ ਸਦਾਮਦਾ ਏ।
ਕੌਮ ਖਤ੍ਰੀ ਪ੍ਰੇਮੀ ਦਾ ਨਾਮ ਲੱਧਾ, ਲੂਣ ਤੇਲ ਬੇਚਣ ਪਿੰਡੀ ਜਾਂਮਦਾ ਏ।
ਓਸ ਉਪਮਾ ਬਾਬੇ ਦੀ ਸੁਣੀ ਕੰਨੀ, ਸੌਦਾ ਦੇਣ ਭਟੀਵਾਲ ਆਮਦਾ ਏ।
ਆ ਕੇ ਬਾਬੇ ਦਾ ਲੱਧੇ ਦੀਦਾਰ ਕੀਤਾ, ਨਾਮ ਦੇਵ ਉਪਦੇਸ਼ ਸੁਣਾਮਦਾ ਏ।
ਲੱਧੇ ਅੰਦਰ ਪ੍ਰੇਮ ਦੀ ਲਹਿਰ ਆਈ, ਹੱਥ ਜੋੜ ਕੇ ਬਚਨ ਅਲਾਮਦਾ ਏ।
ਮਹਾਂਰਾਜ ਮੈਨੂੰ ਕੋਈ ਸੇਵ ਦਸੋ, ਬਾਬੇ ਲੱਧੇ ਨੂੰ ਭਜਨ ਜ਼ਨਾਮਦਾ ਏ।
ਨਾਮ ਜਪੀ ਏਹੋ ਦਿਨ ਰਾਤ ਭਾਈ, ਸਾਡੀ ਸੇਵ ਇਹੋ ਬਾਬਾ ਗਾਮਦਾ ਏ।
ਲੱਧੇ ਸੇਵਾ ਦੀ ਮਨੋ ਦਲੀਲ ਧਾਰੀ, ਪਲੀ ਤੇਲ ਦੀ ਦੀਵੇ ਵਿਚ ਪਾਂਮਦਾ ਏ।
ਲੱਧੇ ਰੋਜ਼ ਏਹੋ ਪਰਣ ਧਾਰ ਲੀਤਾ, ਬਹੁਤ ਡੇਰ ਦੇ ਤਕ ਨਿਭਾਂਮਦਾ ਏ।
ਇਕ ਰੋਜ ਸਾਰਾ ਤੇਲ ਵਿਕ ਗਿਆ ਸੂ, ਕੁਪੀ ਖਾਲੀ ਤੇ ਖਾਲੀ ਕਰਾਂਮਦਾ ਏ।

ਚਿਤੋਂ ਸੋਚਿਆ ਤੇਲ ਵੀ ਮੁਕ ਗਿਆ, ਨਹੀ ਅਜ ਬਾਬੇ ਪਾਸ ਜਾਂਮਦਾ ਏ।
ਪਲੀਆਂ ਦੋਇ ਭਲਕੇ ਦੀਵੇ ਵਿਚ ਪਾਊਂ, ਚਿਤ ਵਿਚ ਦਲੀਲ ਦੁੜਾਂਮਦਾ ਏ।
ਏਹੋ ਸੋਚ ਦੂਰ ਦੀ ਲੰਘੂ ਦਾਸੂ, ਨਾਮ ਦੇਵ ਅਵਾਜ਼ ਅਲਾਂਮਦਾ ਏ।
ਪ੍ਰੇਮੀ ਲਧਿਆ ਦੂਰ ਦੀ ਲੰਘਦਾ ਹੈ, ਹੱਥ ਜੋੜ ਕੇ ਲਧਾ ਸੁਣਾਂਮਦਾ ਏ।
ਮਹਾਰਾਜ ਮੇਰਾ ਤੇਲ ਮੁਕ ਗਿਆ, ਖਾਲੀ ਹੱਥੀ ਮੈ ਨਾਂ ਆਉਣਾ ਚਾਂਮਦਾ ਏ।
ਬਾਬਾ ਕਹੇ ਤੂੰ ਭਜਨ ਕਰ ਵਾਹਿਗੁਰੂ ਦਾ, ਤੇਰੇ ਨਿਜਮ ਨੂੰ ਭੰਗ ਨਾ ਪਾਂਮਦਾ ਏ।
ਲਧੇ ਕੁਪੀ ਵਿਚੋਂ ਪਲੀ ਭਰੀ ਕੱਢੀ, ਛੇਤੀ ਨਾਲ ਦੀਵੇ ਵਿਚ ਪਾਂਵਦਾ ਏ।
ਹੱਥ ਜੋੜਕੇ ਬੇਨਤੀ ਨਾਲ ਆਖੇ, ਮੈਨੂੰ ਰੱਖ ਲੌ ਪਾਸ ਸੁਣਾਂਮਦਾ ਏ।
ਚਰਨੀ ਲਾਓ ਕਲੇਸ਼ਾਂ ਨੂੰ ਦੂਰ ਕਰਕੇ, ਦੁਖ ਰੂਪ ਸੰਸਾਰ ਸਦਾਂਮਦਾ ਏ।
ਮਹਾਰਾਜ ਆਖਣ ਨਾਮ ਜਪ ਭਾਈ, ਸਰਬ ਦੁਖ ਨੂੰ ਦੂਰ ਕਰਾਂਮਦਾ ਏ।
ਲਧਾ ਕਹੇ ਜੋ ਅਜਕਲ ਦੇ ਧੀ ਪੁਤ੍ਰ, ਮਾਤਾ ਪਿਤਾ ਨੂੰ ਦੁਖ ਪੁਚਾਂਮਦਾ ਏ।
ਭਜਨ ਬਾਣੀ ਦੇ ਵਲ ਨਾਂ ਖਿਆਲ ਕਰਦੇ ਕਈ ਤਰ੍ਹਾਂ ਅਧਰਮ ਕਮਾਂਵਦਾ ਏ।
ਮੈਨੂੰ ਭਾਰਾ ਕੁਟੰਬ ਨਾਂ ਦਈ ਬਾਬਾ ਇਕੋ ਪੁਤ੍ਰ ਸਪੁੱਤਰ ਬਖਸ਼ਾਂਮਦਾ ਏ।
ਬਾਬੇ ਬਚਨ ਕੀਤਾ ਲਧੇ ਸਿਖ ਤਾਂਈ, ਤੇਰੀ ਆਸ ਰਬ ਸਿਰੇ ਝੜਾਂਮਦਾ ਏ।
ਲਧਾ ਕਾਦੀਆਂ ਪਿੰਡ ਨੂੰ ਛਡ ਆਇਆ, ਸਖੋਵਾਲ ਆ ਕੇ ਵਸਜਾਂਮਦਾ ਏ।
ਹੁਣ ਤੱਕ ਏਹ ਬਾਤ ਪ੍ਰਸਿੱਧ ਸਾਰੇ, ਉਹਦੀ ਅੰਸ ਦੀ ਬਾਤ ਸੁਣਾਂਮਦਾ ਏ।
ਇਕੋ ਘਰ ਜਾਂ ਡੇਢ ਵੀ ਕਦੇ ਹੋਵੇ, ਇਕੋ ਪੁਤਰ ਆ ਕੇ ਜਨਮ ਪਾਂਮਦਾ ਏ।
ਭਟੀ ਵਾਲ ਨਾਲੇ ਸਖੋਵਾਲ ਅੰਦਰ, ਗੁਰਦਵਾਰਾ ਵੀ ਚੰਗਾ ਸੁਹਾਂਮਦਾ ਏ।
ਸਖੋਵਾਲ ਸਿਦਕੀ ਬਾਬਾ ਲਧੇ ਜੀ ਦਾ ਮੰਦਰ, ਹੁਣ ਸੋਹਣਾ ਦਿਸ ਆਂਮਦਾ ਏ।
ਕਾਲਾ ਸਿੰਘ ਪ੍ਰਸੰਗ ਏ ਭਿਆਪੂਰਾ, ਅੱਗੇ ਹਾਲ ਘੁਮਾਣਾ ਦਾ ਆਖਦਾ ਏ।

**ਪ੍ਰੋ. ਕਿਰਪਾਲ ਸਿੰਘ ਕਸੇਲ, ਵਧਾਵਾ ਸਿੰਘ ਪੁਸਤਕ ਭਗਤ ਨਾਮਦੇਵ** ਦੇ ਪੰਨਾ 43-44 ਤੇ ਭਾਈ ਲੱਧਾ ਜੀ ਬਾਰੇ ਇਸ ਪ੍ਰਕਾਰ ਲਿਖਦੇ ਹਨ-

"ਇਸ ਤੋਂ ਪਿਛੋਂ ਉਨ੍ਹਾਂ ਭਗਤ ਸ੍ਰੀ ਨਾਮਦੇਵ ਜੀ ਨੇ ਭਟੀਵਾਲ ਜਿਲ੍ਹਾ ਗੁਰਦਾਸ ਪੁਰ ਵਿਚ ਡੇਰਾ ਲਾਇਆ। ਪਿੰਡ ਦੀ ਇਕ ਬਾਹੀ ਇਕਾਂਤ ਸਥਾਨ ਤੇ ਆਪ ਨਿਵਾਸ ਰੱਖਣ ਲੱਗੇ। ਭੂਤ ਵਿੰਡ ਵਿਚ ਬਹੁੜ ਦਾਸ ਨੂੰ ਜਿਵਾਉਣ ਦੀ ਵਾਰਤਾ ਸਾਰੇ ਪ੍ਰਸਿੱਧ ਹੋ ਗਈ। ਆਪ ਦੇ ਨਾਮ ਦਾ ਰੰਗ ਵੀ ਹੁਣ ਇਸ ਧਰਤੀ ਵਿਚ ਮਹਿਕ ਵੰਡਣ ਲੱਗ ਪਿਆ ਸੀ।

ਜੋ ਦਰਸ਼ਨ ਕਰਦਾ, ਉਸ ਮਨ ਮੌਲ ਤੇ ਮਹਿਕ ਉਠਦਾ। ਸਹਿਜੇ ਸਹਿਜੇ ਕੀਰਤੀ ਸਾਰੇ ਇਲਾਕੇ ਵਿਚ ਫੈਲਣ ਲਈ। ਕਹਿੰਦੇ ਹਨ ਕਿ ਇਕ ਦਿਨ ਕਿਸੇ ਮਰਾਸੀ ਨੇ ਆ ਕੇ ਕਿਹਾ ਤੁਸੀਂ ਆਖਦੇ ਹੋ ਨਾਮਦੇਵ ਵੱਡਾ ਭਗਤ ਹੈ। ਸੁੱਕੇ ਮਨ ਹਰੇ ਕਰ ਦਿੰਦਾ ਹੈ। ਮੈਂ ਤਾਂ ਜਾਣਾਂਗਾ ਜੇ ਉਹ ਇਸ ਬੇਰੀ ਦੇ ਸੁੱਕੇ ਡੰਡੇ ਨੂੰ ਹਰਾ ਕਰ ਦੇਵੇਗਾ। ਜਦੋਂ ਉਹ ਪਿੰਡ ਦੇ ਲੋਕਾਂ ਨਾਲ ਜੋ ਸ੍ਰੀ

ਨਾਮਦੇਵ ਜੀ ਦੇ ਦਰਸ਼ਨ ਲਈ ਆ ਰਹੇ ਸਨ, ਹਜ਼ੂਰੀ ਵਿਚ ਪੁਜਾ ਉਸਨੇ ਆਪਣੀ ਉਹ ਮੂਰਖਾਂ ਵਾਲੀ ਗੱਲ ਦੁਹਰਾਈ। ਸ੍ਰੀ ਨਾਮਦੇਵ ਜੀ ਨੇ ਮੁਸਕਰਾਉਂਦੇ ਹੋਏ ਉਹ ਬੇਰੀ ਦਾ ਸੁਕਾ ਡੰਡਾ ਉਥੇ ਗੱਡ ਦਿੱਤਾ ਜਿਥੇ ਪਾਣੀ ਦੀ ਛੋਟੀ ਛੱਪੜੀ ਸੀ, ਕੁਝ ਦਿਨਾਂ ਪਿਛੋਂ ਹੀ ਡੰਡਾ ਹਰਾ ਹੋ ਗਿਆ। ਇਹ ਵਾਰਤਾ ਵੀ ਇਸ ਗੱਲ ਦਾ ਸੰਕੇਤ ਹੈ ਕਿ ਸ੍ਰੀ ਨਾਮਦੇਵ ਜੀ ਉਸ ਸਮੇਂ ਨਾਮ ਵਿਹੂਣੀ ਇਸ ਰਕੜ ਵਿਚ ਪ੍ਰਭੂ ਭਗਤੀ ਤੇ ਨਾਮ ਸਿਮਰਣ ਲਈ ਸੁਕੇ ਬੂਟਿਆਂ ਨੂੰ ਹਰਾ ਕਰਨ ਆਏ ਸਨ।

ਇਸ ਬੇਰੀ ਵਾਲੇ ਸਥਾਨ ਤੇ ਸਖੋਵਾਲ ਦਾ ਖਤਰੀ ਬਾਬਾ ਲੱਧਾ ਇਨ੍ਹਾਂ ਦਾ ਪੈਰੋਕਾਰ ਬਣਿਆ, ਉਹ ਸੁਖੋਵਾਲ ਤੋਂ ਰੋਹੀਲਾ ਜਿਥੇ ਹੁਣ ਸ੍ਰੀ ਹਰਿ ਗੋਬਿੰਦ ਪੁਰ ਹੈ, ਤੇਲ ਆਦਿ ਵਸਤਾਂ ਲੈ ਕੇ ਜਾਂਦਾ ਸੀ। ਕੁਟੀਆ ਦੇ ਦੀਵੇ ਲਈ ਰੋਜ਼ ਤੇਲ ਪਾ ਕੇ ਜਾਂਦਾ ਸੀ। ਇਕ ਦਿਨ ਤੇਲ ਮੁਕ ਗਿਆ ਤੇ ਉਹ ਸਿਰ ਨੀਵੀਂ ਪਾਈ ਕੋਲੋਂ ਲੰਘ ਰਿਹਾ ਸੀ। ਸ੍ਰੀ ਨਾਮਦੇਵ ਜੀ ਨੇ ਆਵਾਜ਼ ਦੇ ਕੇ ਆਖਿਆ, "ਭਾਈ ਲੱਧਾ ਅੱਜ ਕਿਉਂ ਆਪਣਾ ਨੇਮ ਤੋੜ ਰਿਹਾ ਹੈ।" ਲੱਧੇ ਨੇ ਜਦੋਂ ਆਪਣੇ ਤੇਲ ਦੇ ਕੁੱਪੇ ਵੱਲ ਵੇਖਿਆ ਤਾਂ ਉਸ ਵਿਚ ਕਾਫੀ ਤੇਲ ਸੀ। ਉਸਨੇ ਖਿਮਾਂ ਮੰਗੀ ਅਤੇ ਅੱਗੇ ਤੋਂ ਇਹ ਨੇਮ ਕਦੇ ਨਾ ਭੁਲਾਇਆ। ਉਹ ਸ੍ਰੀ ਨਾਮਦੇਵ ਜੀ ਦੇ ਚਰਨਾਂ ਵਿਚ ਵੀ ਰਹਿਣ ਲੱਗ ਪਿਆ ਅਤੇ ਪ੍ਰੇਮ ਭਗਤੀ ਦੇ ਰੰਗ ਵਿਚ ਗੂੜ੍ਹੀ ਤਰ੍ਹਾਂ ਰੰਗਿਆ ਗਿਆ...।"

ਚੇਤੰਨ ਸਿੰਘ (ਸੰ.): ਗੁਰਤੀਰਥ ਸਾਈਕਲ ਯਾਤਰਾ (1 ਮਾਰਚ 1930 ਤੋਂ 26 ਜੂਨ 1934) ਕ੍ਰਿਤ ਭਾਈ ਧੰਨਾ ਸਿੰਘ ਚਹਿਲ ਪਟਿਆਲਾ, ਪੰਨਾ 360-61 ਤੇ ਭਾਈ ਲੱਧਾ ਜੀ ਬਾਰੇ ਇਸ ਪ੍ਰਕਾਰ ਲਿਖਿਆ ਹੈ-

"ਇਸ ਜਗ੍ਹਾ (ਘੁਮਾਨ) ਜਾ ਕੇ ਸਸਕਾਰ ਕੀਤਾ ਸੀ, ਜਿਸ ਜਗ੍ਹਾ ਅੱਜਕੱਲ ਇਸ ਆਲੀਸ਼ਾਨ ਗੁਰਦੁਆਰਾ ਡੇਰਾ ਸਾਹਿਬ ਜੀ ਪਿੰਡ ਘੁਮਾਨ ਵਿਖੇ ਹੈ। ਇਸੀ ਪਿੰਡ ਦੀ ਉਤਰ ਦੀ 1 ਫਰਲਾਂਗ ਤੇ ਭਾਈ ਲੱਧਾ ਜੀ ਦਾ ਗੁਰਦੁਆਰਾ ਹੈ। ਜੋ ਕੇ ਛੋਟਾ ਜੇਹਾ ਪੱਕਾ ਗੁਰਦੁਆਰਾ ਪਿਆ ਹੋਆ ਹੈ ਤੇ ਨਿਸ਼ਾਨ ਝੂਲ ਰਹੇ ਹੈ। ਪਰ ਰਹਿੰਦਾ ਕੋਈ ਨਹੀਂ ਹੈ। ਏਹ ਭਾਈ ਲੱਧਾ ਜੀ ਭੀ ਭਗਤ ਨਾਮਦੇਵ ਜੀ ਦੇ ਹੀ ਸੇਵਕ ਹੋਏ ਹੈ। ਜਾਤ ਦੇ ਖਤਰੀ ਸਨ। ਇਸ ਗੁਰਦੁਆਰੇ ਨੂੰ 4 ਘੁਮਾਂ ਜ਼ਮੀਨ ਹੈ। ਜੋ ਕਿ ਦਾਣੇ ਪਿੰਡ ਸਖੋਆਲ ਦੇ ਹੀ ਖਾ ਰਹੇ ਹਨ। ਵੱਡਾ ਮਹੰਤ ਬਾਬਾ ਰਾਮ ਚੰਦ ਹੀ ਹੈ ਤੇ ਝੜਾਵਾ ਭੀ ਸਾਰਾ ਏਹੀ ਹੜੱਪ ਕਰ ਜਾਂਦੇ ਹੈ। ਪਿੰਡ ਸਖੋਆਲ ਤੇ ਭਟੀਆਣਾ ਦੋਨਾਂ ਪਿੰਡਾਂ ਦੇ ਵਿਚਾਲੇ ਭਾਈ ਲੱਧਾ ਜੀ ਦੀ ਯਾਦਗਾਰ ਹੈ। ਤਿੰਨਾਂ ਹੀ ਜਗ੍ਹਾ ਮਾਘੀ ਨੂੰ ਮੇਲਾ ਲਗਦਾ ਹੈ। ਤੇ ਝੜਾਵਾ ਬਹੁਤ ਚੜ੍ਹਦਾ ਹੈ। ਲੰਗਰ ਤਿੰਨ ਹੀ ਜਗ੍ਹਾ ਨਹੀਂ ਹੈ। ਰਹੈਸ਼ ਹੋ ਸਕਦੀ ਹੈ। ਡਾਕਖਾਨਾ ਘੁਮਾਨ ਹੈ। ਸਟੇਸ਼ਨ ਬਟਾਲੇ ਤੋਂ ਪੂਰਬ ਵਿਚ

14 ਮੀਲ ਤੇ ਹੈ। ਤਸੀਲ ਬਟਾਲਾ ਹੈ ਜਿਲ੍ਹਾ ਗੁਰਦਾਸਪੁਰ ਹੈ। ਇਸ ਜਗ੍ਹਾ ਦੂਸਨ ਕਰਕੇ ਉਤਰ ਦੀ ਤਰਫ਼ 1 ਮੀਲ ਤੇ ਪਿੰਡ ਧਾਲੀਵਾਲ ਸੋਹੀਆਂ ਪਹੁੰਚਾ।"

ਵਿਚਾਰ ਚਰਚਾ–

ਭਾਈ ਲੱਧਾ ਜੀ, ਭਗਤ ਨਾਮਦੇਵ ਜੀ ਦੀ ਨਾਂਦੀ ਬੰਸਾਵਲੀ ਵਿਚ ਇਕ ਹੀਰਾ ਮੋਤੀ ਹੈ ਜਿਨ੍ਹਾਂ ਨੇ ਭਗਤ ਜੀ ਦੀ ਸਿਖਿਆ ਤੇ ਅਮਲ ਕੀਤਾ ਅਤੇ ਆਪ ਵੀ ਅਮਰ ਹੋ ਗਏ ਅਤੇ ਅੱਗੋ ਆਪਣੇ ਬੰਸ ਵਿਚ ਪ੍ਰਭੂ ਦੇ ਨੂਰ ਨੂੰ ਸਦਾ ਲਈ ਕਾਇਮ ਕਰ ਰੱਖਿਆ ਸੀ। ਅਗੋਂ ਉਸਦੀਆਂ ਕਈ ਸਾਖਾਵਾਂ ਚਲੀਆਂ ਅਤੇ ਮਹਾਂਪੁਰਸ਼ ਪੈਦਾ ਹੁੰਦੇ ਰਹੇ।

ਭਾਈ ਲੱਧਾ ਜੀ ਕਾਦੀਆਂ ਦੇ ਵਸਨੀਕ ਅਤੇ ਜਾਤ ਦੇ ਖੱਤਰੀ ਸਨ। ਜਦੋਂ ਭਗਤ ਨਾਮਦੇਵ ਜੀ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਭੂਤ ਵਿੰਡ ਅਤੇ ਫਿਰ ਗੁਰਦਾਸਪੁਰ ਜਿਲੇ ਦੇ ਪਿੰਡ ਭਟੀਆਣਾ ਅਤੇ ਘੁਮਾਣ ਨੂੰ ਸਮੇਂ ਸਮੇਂ ਸਿਰ ਭਾਗ ਲਗਾਏ ਤਾਂ ਉਹਨਾਂ ਦੀ ਕਿਰਪਾ ਨਾਲ ਇਲਾਕੇ ਵਿਚ ਰੌਣਕਾਂ ਲੱਗ ਗਈਆਂ। ਨਾਮ ਦੀ ਪ੍ਰਾਪਤੀ ਕਰਨ ਲਈ ਜਗਿਆਸੂ ਭਗਤ ਨਾਮਦੇਵ ਜੀ ਦੀ ਚਰਨ ਸ਼ਰਨ ਵਿਚ ਦਿਨ ਰਾਤ ਆਉਣ ਲੱਗੇ।

ਭਾਈ ਲੱਧਾ ਜੀ ਕਾਦੀਆਂ ਤੋਂ ਰੋਜ਼ਾਨਾ ਸਰੋਂ ਦਾ ਤੇਲ ਤੇ ਹੋਰ ਕਰਿਆਨੇ ਦਾ ਸਾਮਾਨ ਲੈ ਕੇ ਘੁਮਾਣਾ ਆਦਿਕ ਵੱਲ ਇਲਾਕੇ ਵਿਚ ਸਾਮਾਨ ਭੇਜਿਆ ਕਰਦੇ ਸਨ ਅਤੇ ਸ੍ਰੀ ਹਰਿਗੋਬਿੰਦ ਪੁਰ ਤੱਕ ਨਿਰਵਿਘਨ ਬਿਨਾਂ ਨਾਗਾ ਪਾਇਆ ਸਾਮਾਨ ਵੇਚਿਆ ਕਰਦੇ ਸਨ ਅਤੇ ਸ਼ਾਮ ਨੂੰ ਰੋਜ਼ਾਨਾ ਤੇਲ ਦੀ ਕੁਪੀ ਵਿਚੋਂ ਤੇਲ ਦਾ ਕੁਝ ਹਿੱਸਾ ਬਚਾ ਕੇ ਰਖਦੇ ਅਤੇ ਸ਼ਾਮ ਨੂੰ ਕਾਦੀਆਂ ਨੂੰ ਜਾਂਦੇ ਸਮੇਂ ਭਗਤ ਨਾਮ ਦੇਵ ਜੀ ਦੀ ਕੁਟੀਆ ਵਿਚ ਜਗ ਰਹੇ ਦੀਵੇਂ ਵਿਚ ਉਹ ਬਚਿਆ ਹੋਇਆ ਤੇਲ ਪਾ ਜਾਂਦੇ ਤਾਂ ਕਿ ਰਾਤ ਸਮੇਂ ਕੁਟੀਆ ਵਿਚ ਰੋਸਨੀ ਰਹੇ। ਇਹ ਭਾਈ ਲੱਧਾ ਜੀ ਦਾ ਰੋਜ਼ਾਨਾ ਕਰਮ ਬਣ ਗਿਆ ਸੀ।

ਨਿਤ ਕਰਮ ਅਨੁਸਾਰ ਭਾਈ ਲੱਧਾ ਜੀ ਕਾਦੀਆਂ ਤੋਂ ਸ੍ਰੀ ਹਰਿਗੋਬਿੰਦ ਪੁਰ ਤੱਕ ਘੁੰਮ ਫਿਰ ਕੇ ਕਰਿਆਨਾ ਆਦਿਕ ਵੇਚ ਕੇ ਵਾਪਸ ਮੁੜੇ ਅਤੇ ਇਹ ਵੀ ਭੁੱਲ ਗਏ ਜੋ ਕੁਪੀਆਂ ਵਿਚ ਤੇਲ ਸੀ, ਉਹ ਸਾਰਾ ਵੇਚ ਚੁੱਕੇ ਸਨ। ਜਦੋਂ ਭਗਤ ਨਾਮ ਦੇਵ ਜੀ ਦੀ ਕੁਟੀਆ ਨੇੜੇ ਆਏ ਤਾਂ ਤੇਲ ਮੁਕਣ ਬਾਰੇ ਚੇਤਾ ਆਇਆ। ਨੇਤਰ ਨੀਵੇਂ ਪਾਈ ਭਾਈ ਲੱਧਾ ਜੀ ਕੁਟੀਆਂ ਕੋਲੋ ਲੰਘਣ ਲੱਗੇ ਤਾਂ ਭਗਤ ਜੀ ਨੇ ਆਵਾਜ਼ ਮਾਰੀ ਕਿ ਅੱਜ ਭਾਈ ਜੀ ਕੁੱਪੀ ਵਿਚੋਂ ਤੇਲ ਨਹੀਂ ਪਾਇਆ। ਭਾਈ ਜੀ ਨੇ ਕਿਹਾ, ਅੱਜ ਤੇਲ ਮੁੱਕ ਚੁੱਕਾ ਹੈ, ਯਾਦ ਨਹੀਂ ਰਿਹਾ। ਭਗਤ ਜੀ ਹੱਸ ਕੇ ਬੋਲੇ, ਤੁਸੀਂ ਕੁਪੀ ਵੱਲ ਦੇਖੋ ਤਾਂ ਸਹੀ।

ਭਾਈ ਲੱਧਾ ਜੀ ਨੇ ਕੁੱਪੀ ਵੱਲ ਦੇਖਿਆ ਤਾਂ ਕੁੱਪੀ ਵਿਚ ਤੇਲ ਨਹੀਂ ਸੀ ਜੋ ਹੁਣ ਭਰੀ ਪਈ ਸੀ। ਭਾਈ ਲੱਧਾ ਜੀ ਭਗਤ ਨਾਮਦੇਵ ਜੀ ਦੇ ਚਰਨੀਂ ਢਹਿ ਪਿਆ ਅਤੇ ਮੁਆਫੀ ਮੰਗੀ ਤੇ ਦੀਵੇ ਵਿਚ ਤੇਲ ਪਾਇਆ। ਭਗਤ ਜੀ ਨੇ ਭਾਈ ਲੱਧਾ ਜੀ ਤੇ ਅਪਾਰ ਕਿਰਪਾ ਕੀਤੀ ਅਤੇ ਉਹਨਾਂ ਨੂੰ ਕਾਦੀਆਂ ਤੋਂ ਪਿੰਡ ਸੇਖੋਵਾਲ ਆ ਜਾਣ ਲਈ ਕਿਹਾ। ਭਗਤ ਜੀ ਦਾ ਹੁਕਮ ਮੰਨ ਕੇ ਭਾਈ ਲਧਾ ਜੀ ਪਰਿਵਾਰ ਸਮੇਤ ਘੁਮਾਣ ਦੇ ਨੇੜੇ ਹੀ ਪਿੰਡ ਸਾਖੋਵਾਲ ਆ ਗਏ।

**'ਪੰਜਾਬ ਦੇ ਪਿੰਡ, ਸ਼ਹਿਰ ਅਤੇ ਕਸਬੇ'** ਪੁਸਤਕ ਦੇ ਸਫਾ 236 ਤੇ **ਸਖੋਵਾਲ ਕਸਬੇ** ਬਾਰੇ ਇਸ ਪ੍ਰਕਾਰ ਲਿਖਦੇ ਹਨ- ਸਖੋਵਾਲ- ਜਨ ਸੰਖਿਆ 1635, ਡਾਕਖਾਨਾ ਘੁਮਾਣ ਤੋਂ 3 ਕਿਲੋਮੀਟਰ ਦੂਰ ਹੈ, ਦੋ ਕਿਲੋਮੀਟਰ ਬਟਾਲਾ ਸ੍ਰੀ ਹਰਿਗੋਬਿੰਦ ਪੁਰ ਸੜਕ ਹੈ। ਕਾਦੀਆਂ ਰੇਲਵੇ ਸਟੇਸ਼ਨ 18 ਕਿਲੋਮੀਟਰ ਦੂਰ ਹੈ। ਪਿੰਡ ਵਿਚ ਸਰਕਾਰੀ ਮਿਡਲ ਸਕੂਲ ਮੌਜੂਦ ਹੈ।

ਸੰਤ ਕਾਹਲਾ ਸਿੰਘ ਨੰਗਲਾਂ ਵਾਲੇ ਦੀ ਜਨਮ ਸਾਖੀ ਭਗਤ ਨਾਮਦੇਵ ਜੀ ਅਨੁਸਾਰ ਭਗਤ ਨਾਮਦੇਵ ਜੀ ਕਿਰਪਾ ਕਰਦਿਆਂ ਕਿਹਾ ਸੀ ਹਰ ਪੀੜੀ ਵਿਚ ਇਕ ਪੁਤਰ ਹੋਇਆ ਕਰੇਗਾ ਅਤੇ ਅਗੋਂ ਇਹ ਬਚਨ ਛੇ ਸੱਤ ਪੀੜੀਆਂ ਤੱਕ ਵਧਿਆ ਫੁਲਿਆ ਸੀ।

ਭਾਈ ਲੱਧਾ ਜੀ ਦੇ ਗ੍ਰਹਿ ਵਿਖੇ ਬਾਬਾ ਸੰਤ ਰਾਮ ਜੀ ਦਾ ਜਨਮ ਭਗਤ ਨਾਮਦੇਵ ਜੀ ਦੀ ਕਿਰਪਾ ਨਾਲ ਹੋਇਆ ਸੀ ਜੋ ਭਾਈ ਲੱਧਾ ਜੀ ਦੀ ਮ੍ਰਿਤੂ ਤੋਂ ਬਾਅਦ ਉਹਨਾਂ ਦੀ ਗੱਦੀ ਤੇ ਬੈਠੇ ਸਨ। ਭਾਵੇਂ ਇਹ ਨਿਰੰਤਰ ਗੱਦੀ ਚਲ ਰਹੀ ਹੈ ਪਰੰਤੂ ਜਾਪਦਾ ਹੈ ਕਿ ਗੱਦੀ ਤੇ ਬੈਠੇ ਮਹਾਂਪੁਰਸ਼ਾਂ ਦੇ ਨਾਮ ਯਾਦ ਨਹੀਂ ਰਹੇ। ਮੈਂ ਆਪਣੇ ਕੈਮਰਾ ਮੈਨ ਪ੍ਰਿੰਸੀਪਲ ਤ੍ਰਿਲੋਕ ਸਿੰਘ ਨਾਲ 28-2-22 ਨੂੰ ਸਖੋਵਾਲ, ਘੁਮਾਣ ਅਤੇ ਕਾਦੀਆਂ ਦੀ ਯਾਤਰਾ ਤੇ ਗਿਆ ਸਾਂ ਅਤੇ ਉਹਨਾਂ ਸਥਾਨਾਂ ਤੋਂ ਕੈਮਰੇ ਨਾਲ ਫੋਟੋ ਤਿਆਰ ਕੀਤੀਆਂ ਸਨ ਅਤੇ ਫਿਰ ਸਖੋਵਾਲ ਬਾਬਾ ਲੱਧਾ ਜੀ ਦਾ ਸਥਾਨ ਦੇਖਿਆ ਅਤੇ ਜਿਸ ਜਗ੍ਹਾ ਬਾਬਾ ਲੱਧਾ ਜੀ ਤੇਲ ਦਾ ਦੀਵਾ ਜਗਾਇਆ ਕਰਦਾ ਸੀ, ਉਹ ਅਸਥਾਨ ਦੀ ਫੋਟੋ ਕੈਮਰੇ ਨਾਲ ਤਿਆਰ ਕੀਤੀ। ਵਰਤਮਾਨ ਸਮੇਂ ਅਰਦਾਸੀਆ ਜੋ ਅਰਦਾਸ ਕਰਦਾ ਹੈ, ਉਸਨੇ ਮਹਾਂਪੁਰਸ ਜੋ ਗੱਦੀ ਤੇ ਬਿਰਾਜਮਾਨ ਰਹੇ ਅਤੇ ਜੋ ਵਰਤਮਾਨ ਸਮੇਂ ਹਾਜ਼ਰ ਹਨ, ਉਹਨਾਂ ਦੇ ਨਾਮ ਇਸ ਪ੍ਰਕਾਰ ਅਰਦਾਸ ਵਿਚ ਲਏ ਗਏ-

ਭਗਤ ਨਾਮਦੇਵ
ਬਾਬਾ ਲੱਧਾ ਰਾਮ ਜੀ
ਬਾਬਾ ਸੰਤ ਰਾਮ ਜੀ
ਬਾਬਾ ਰਾਮ ਚੰਦ ਜੀ

ਬਾਬਾ ਰਾਜਪਾਲ ਜੀ ਪਠਾਨਕੋਟ ਵਾਲੇ
ਬਾਬਾ ਪਰਦੁਮਣ ਦਾਸ ਜੀ

ਇਹ ਮਹਾਂਪੁਰਸ਼ਾ ਦੀ ਨਾਮਾਵਲੀ ਅਧੂਰੀ ਜਾਪਦੀ ਹੈ ਕਿਉਂ ਕਿ ਭਗਤ ਨਾਮਦੇਵ ਜੀ ਤੋਂ ਬਾਬਾ ਰਾਜਪਾਲ ਜੀ ਪਠਾਨਕੋਟ ਵਾਲੇ ਜਿਨ੍ਹਾਂ ਦਾ ਬਸੇਰਾ ਪਠਾਨਕੋਟ ਵਿਚ ਹੈ ਤੱਕ ਬਹੁਤ ਘੱਟ ਨਾਮ ਆਏ ਹਨ। ਹਰ ਸਾਲ ਮਾਘੀ ਦਾ ਤਿਉਹਾਰ ਘਮਾਣ ਦੀ ਤਰ੍ਹਾਂ ਇਥੇ ਵੀ ਮਨਾਇਆ ਜਾਂਦਾ ਹੈ ਅਤੇ ਸੰਗਤਾਂ ਦੂਰ ਦੁਰਾਡੇ ਤੋਂ ਹੁਮ ਹੁੰਮਾ ਕੇ ਆਉਂਦੀਆਂ ਹਨ ਅਤੇ ਸਥਾਨ ਉਪਰ ਹਾਜ਼ਰੀ ਲੱਗਾ ਕੇ ਆਪਣਾ ਜਨਮ ਸਫਲਾ ਕਰਦੀਆਂ ਹਨ।

## ਫੁੱਟ ਨੋਟ ਅਤੇ ਟਿਪਣੀਆਂ


1. ਸੰਖੇਪ ਇਤਿਹਾਸ ਭਗਤ ਨਾਮ ਦੇਵ ਜੀ ਪ੍ਰਕਾਸ਼ਕ ਸ੍ਰੀ ਨਾਮ ਦੇਵ ਕਮੇਟੀ, ਸ੍ਰੀ ਨਾਮਦੇਵ ਨਗਰ, ਘੁਮਾਣ, ਪੰਨਾ 3
2. ਗੁਰਦਿਆਲ ਸਿੰਘ ਰੀਹਲ, ਰਾਮਗੜ੍ਹੀਆ ਇਤਿਹਾਸ (ਭਾਗ-ਪਹਿਲਾ), ਪੰਨਾ 23
3. ਗੁਰਦਿਆਲ ਸਿੰਘ ਰੀਹਲ: ਓਹੀ, ਪੰਨਾ 27
4. ਗੁਰਦਿਆਲ ਸਿੰਘ ਰੀਹਲ: ਓਹੀ ਪੰਨਾ 27
5. (ੳ) ਸੰਖੇਪ ਇਤਿਹਾਸ ਭਗਤ ਨਾਮਦੇਵ ਜੀ, ਘੁਮਾਣ, ਪੰਨਾ 14 (ਅ) ਸੰਤ ਬਾਬਾ ਹਰਨਾਮ ਸਿੰਘ, ਗੁਰਮਤਿ ਦੇ ਪਾਂਧੀ, ਪ੍ਰਕਾਸ਼ਕ ਗੁਰਦੁਆਰਾ ਰਾਮਪੁਰ ਖੇੜਾ, ਪੰਨਾ 52
6. ਸੰਤ ਇੰਦਰ ਸਿੰਘ ਚਕਰਵਰਤੀ: ਗੋਬਿੰਦ ਦਾਸ ਤੋਂ ਸੰਤ ਹਰਨਾਮ ਸਿੰਘ, ਸਤਿਜੁਗ ਅਖਬਾਰ ਦਾ ਬਸੰਤ ਅੰਕ, 10 ਮਾਘ 1992 ਬਿ:, (1936 ਈ.), ਪੰਨਾ 167
7. ਸੰਖੇਪ ਇਤਿਹਾਸ ਸ੍ਰੋਮਣੀ ਭਗਤ ਨਾਮਦੇਵ ਜੀ, ਪੰਨਾ 9-10 ਘੁਮਾਣ, ਜਨਵਰੀ 2012
8. ਭਾਈ ਕਾਲਾ ਸਿੰਘ ਨਾਮਧਾਰੀਆ: ਜਨਮ ਸਾਖੀ ਬ੍ਰਹਮ ਗਿਆਨੀ ਜੀ ਬਾਬਾ ਨਾਮਦੇਵ ਜੀ, ਪੰਨਾ 152-53 ਪ੍ਰਕਾਸ਼ਤ ਸੰਮਤ ਕੋਈ ਨਹੀਂ, ਛਾਪ ਕੇ ਕੱਟ ਦਿੱਤਾ ਹੈ।
9. ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਵਧਾਵਾ ਸਿੰਘ ਸੋਧਕ ਜੋਗਿੰਦਰ ਸਿੰਘ: ਭਗਤ ਨਾਮਦੇਵ, ਸਫਾ 43-44, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989 ਈ.
10. ਚੇਤਨ ਸਿੰਘ (ਡਾਇਰੈਕਟਰ ਰੀ.) ਸੰਪਾਦਕ- ਗੁਰੂ ਤੀਰਥ ਸਾਈਕਲ

ਯਾਤਰਾ (11 ਮਾਰਚ 1930 ਤੋਂ 26 ਜੂਨ 1934) ਕ੍ਰਿਤ ਭਾਈ ਧੰਨਾ ਸਿੰਘ ਚਹਿਲ ਪਟਿਆਲਵੀ ਪੰਨਾ 360.

11. ਪੰਜਾਬ ਦੇ ਪਿੰਡ ਸ਼ਹਿਰ ਅਤੇ ਕਸਬੇ ਪ੍ਰਕਾਸ਼ਕ ਅਮਰਜੀਤ ਡਾਇਰੈਕਟਰ ਅਤੇ ਪਬਲਿਸ਼ਰਜ਼ ਕੰਪਨੀ, ਪੰਨਾ 236, 2001 ਈ.

# ਬੰਸਾਵਲੀ ਬਾਬਾ ਹਰਨਾਮ ਸਿੰਘ ਜੀ

(ਹਰਦੁਆਰ ਵਿਖੇ ਵਹੀਆਂ ਅਨਸੁਾਰ)




(ਸਖੋਵਾਲ ਜਿਲ੍ਹਾ ਗੁਰਦਾਸ ਪੁਰ) ਦੇ ਮਹਾਂ ਪੁਰਸ਼ਾਂ ਦੀ ਬੰਸਾਵਲੀ ਸਵਰਗਵਾਸੀ ਮਾਸਟਰ ਬਖਸ਼ੀਸ਼ ਸਿੰਘ ਪਿੰਡ ਖੁਣ ਖੁਣ ਕਲਾਂ ਨੇ ਹਰਦੁਆਰ ਤੋਂ ਪੰਡਤਾਂ ਦੀਆਂ ਵਹੀਆਂ ਤੋਂ ਲਿਆਂਦੀ ਸੀ)

## ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਸੰਖੇਪ ਵੇਰਵਾ

1. ਸਖੋਵਾਲ ਜਿਲ੍ਹਾ ਗੁਰਦਾਸ ਪੁਰ ਵਿਖੇ ਬਾਬਾ ਕਾਹਨ ਸਿੰਘ ਜੀ ਦੇ ਘਰ ਮਾਤਾ ਆਸਾ ਦੇਵੀ ਦੀ ਕੁਖ ਤੋਂ ਜਨਮ ਹੋਇਆ - 1834 ਈ.
2. ਨਿਰਮਲੇ ਸੰਤਾਂ ਦੇ ਡੇਰੇ ਮਹੰਤ ਸੁਖਾ ਸਿੰਘ ਜੀ ਕੋਲ ਟਿਲੂਵਾਲ ਖੁਣ ਖੁਣ ਕਲਾਂ ਪੰਜ ਸਾਲ ਦੀ ਉਮਰ ਵਿਚ ਪੜ੍ਹਨੇ ਪਾਏ ਗਏ, ਦੋ ਸਾਲ ਬਾਬਾ ਜੀ ਦੇ ਡੇਰੇ ਵਿਚ ਰਹੇ- 1839 ਈ.
3. 12 ਸਾਲ ਸਹੌੜੇ ਵਾਲੀ ਪਹਾੜੀ ਤੇ ਬਾਬਾ ਨੰਦ ਲਾਲ ਸਹੌੜੇ ਵਾਲੇ, ਬਾਬਾ ਜਵਾਹਰ ਦਾਸ ਸੂਸਾ ਵਾਲਿਆਂ ਨਾਲ ਤਪ ਕੀਤਾ (1841+12=1853) - 1853 ਈ.
4. 12 ਸਾਲ ਬਿੰਦਰਾਂ ਬਨ ਗਏ ਅਤੇ ਸ੍ਰੀ ਕਿਸ਼ਨ ਜੀ ਰਾਸ ਲੀਲਾਵਾਂ ਵਿਚ ਹਿੱਸਾ ਲਿਆ 1853+12= 1865 ਈ. - 1865 ਈ.
5. ਬਾਬਾ ਜੀ ਭੱਟੀਆਂ ਜਿਲ੍ਹਾ ਹੁਸਿਆਰਪੁਰ ਵਾਪਸ ਆਏ ਅਤੇ ਰਹੇ 1865+3= 1868 ਈ. - 1868 ਈ.
6. ਸਤਿਗੁਰੂ ਰਾਮ ਸਿੰਘ ਜੀ ਤੋਂ ਪਿੰਡ ਕਾਦੀਆਂ ਜਿਲ੍ਹਾ ਗੁਰਦਾਸ ਪੁਰ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ-1868 ਈ.
7. ਤਿੰਨ ਸਾਲ ਕਾਦੀਆਂ ਵਿਖੇ ਨਾਮ ਜਪ ਕੇ ਭਟੀਆਂ ਪਿੰਡ ਵਿਖੇ ਆਏ (1868+3= 1871 ਈ.) - 1871 ਈ.
8. ਬਾਬਾ ਜੀ ਗੜ੍ਹਦੀਵਾਲ ਗਏ - 1872 ਈ.
9. ਬਾਬਾ ਜੀ ਆਪਣੇ ਪਿਤਰੀ ਪਿੰਡ ਸਖੋਵਾਲ ਜਿਲ੍ਹਾ ਗੁਰਦਾਸਪੁਰ ਵਿਖੇ 1879 ਈ. ਵਿਚ ਆਏ ਅਤੇ ਚਾਰ ਸਿੱਖਾਂ ਨੂੰ ਨਾਮਧਾਰੀ ਸਿੰਘ ਸਜਾਇਆ - 1879 ਈ.
10. ਬਾਬਾ ਹਰਨਾਮ ਸਿੰਘ ਜੀ ਜੋਤੀ ਜੋਤ ਸਮਾਏ - 1914 ਈ. 26 ਜੇਠ ਸੰਮਤ 1971 ਬਿ.
11. ਬਾਬਾ ਹਰਨਾਮ ਸਿੰਘ ਜੀ ਦੀ ਇਕ ਸੋ ਸਾਲਾ ਸ਼ਤਾਬਦੀ ਬਰਸੀ ਪੁਰਬ ਨਾਮਧਾਰੀ ਪੰਥ ਵਲੋਂ ਗੜ੍ਹਦੀਵਾਲਾ ਵਿਖੇ ਉਹਨਾਂ ਦੇ ਸਥਾਨ ਵਿਖੇ ਮਨਾਈ ਗਈ - 2014 ਈ.

   ਕੁਲ ਉਮਰ ਲਗਭਗ - 80 ਸਾਲ

# ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ

ਸੰਤ ਪਦ ਸਿੱਖ ਦੀ ਸਹਿਜ ਅਵਸਥਾ ਦਾ ਪ੍ਰਤੀਕ ਹੈ, ਜਦੋਂ ਸਿੱਖ ਦੀ ਆਤਮਿਕ ਅਵਸਥਾ ਚੌਥੇ ਪਦ ਵਿਚ ਪਹੁੰਚ ਜਾਂਦੀ ਹੈ, ਉਸਦੀ ਉਸ ਅਵਸਥਾ ਵਿਚ ਵੈਰੀ ਮਿੱਤਰ ਸਭ ਇਕੋ ਜਿਹੇ ਹੋ ਜਾਂਦੇ ਹਨ। ਉਹ ਇਨਸਾਨ ਫਿਰ ਸੰਤ ਕਹਾਉਣ ਦਾ ਹੱਕਦਾਰ ਹੋ ਜਾਂਦਾ ਹੈ। ਲੋਕਾਈ ਉਸਨੂੰ ਸੰਤ ਕਹਿਣ ਲੱਗ ਜਾਂਦੀ ਹੈ। ਸਿੱਖ ਸਾਹਿਤ ਵਿਚ ਉਸ ਪੁਰਖ ਨੂੰ ਬ੍ਰਹਮ ਗਿਆਨੀ, ਪੂਰਨ ਪੁਰਖ ਕਿਹਾ ਜਾਂਦਾ ਹੈ। ਸਿੱਖ ਸੰਗਤ ਉਸਨੂੰ ਗੁਰੂ, ਸਤਿਗੁਰੂ ਅਤੇ ਬਾਬਾ ਜੀ ਕਹਿ ਕੇ ਪੁਕਾਰਦੀ ਹੈ। ਉਹ ਆਪਣੀ ਰਸਨਾ ਤੋਂ ਜੋ ਵੀ ਕਹਿ ਦੇਵੇ ਜਾਂ ਬਚਨ ਕਰ ਦੇਵੇ, ਉਹ ਪੂਰਨ ਸਤਿ ਹੋ ਜਾਂਦਾ ਹੈ। ਐਸੇ ਮਹਾਂਪੁਰਖ ਬ੍ਰਹਮ ਗਿਆਨੀ ਜੀ ਸੰਤ ਬਾਬਾ ਹਰਨਾਮ ਸਿੰਘ ਜੀ ਹੋਏ ਹਨ ਜਿਹਨਾਂ ਨੂੰ ਗੜ੍ਹਦੀਵਾਲਾ ਵਾਲੇ ਮਹਾਂਪੁਰਖ ਅਤੇ ਭਟੀਆਂ ਵਾਲੇ ਸੰਤ ਨਾਮਾਂ ਨਾਲ ਪੁਕਾਰਿਆ ਜਾਂਦਾ ਹੈ। ਲੋਕਾਈ ਉਹਨਾਂ ਨੂੰ ਯਾਦ ਕਰਦੀ ਹੈ ਅਤੇ ਸੀਸ ਝੁਕਾਉਂਦੀ ਹੈ ਅਤੇ ਅੱਜ ਵੀ ਮੂੰਹੋ ਮੰਗੀਆਂ ਮੁਰਾਦਾਂ ਪਾਉਂਦੀ ਹੈ।

ਬਾਬਾ ਹਰਨਾਮ ਸਿੰਘ ਜੀ ਦਾ ਬਚਪਨ ਦਾ ਨਾਮ ਗੋਬੰਦ ਰਾਮ ਸੀ[1] ਇਹੋ ਨਾਮ ਸਵਰਗਵਾਸੀ ਹੈਡਮਾਸਟਰ ਬਖਸ਼ੀਸ਼ ਸਿੰਘ ਪਿੰਡ ਖੁਣ ਖੁਣ ਕਲਾਂ ਵਾਲਿਆਂ ਨੇ ਜੋ ਸੰਤਾਂ ਦੀ ਬੰਸਾਵਲੀ ਹਰਦੁਆਰ ਤੋਂ ਲਿਆਏ ਸੀ, ਵਿਚ ਦਰਜ ਹੈ। ਬੰਸਾਵਲੀ ਵਿਚ ਉਹਨਾਂ ਦਾ ਨਾਮ ਦਰਜ ਹੈ। ਗੋਬਿੰਦ ਰਾਮ ਜੀ ਲਿਖਿਆ ਹੈ।[2] ਸੰਤ ਇੰਦਰ ਸਿੰਘ ਚਕਰਵਰਤੀ ਅਨੁਸਾਰ[3] ਸੰਤਾਂ ਦਾ ਨਾਮ ਬਚਪਨ ਵਿਚ ਗੋਬਿੰਦ ਦਾਸ ਸੀ। ਬਾਬਾ ਹਰਨਾਮ ਸਿੰਘ ਜੀ ਦਾ ਜਨਮ 1834 ਈ.[4] ਨੂੰ ਪਿੰਡ ਸਖੋਵਾਲ (ਜਿਲ੍ਹਾ ਗੁਰਦਾਸਪੁਰ) ਵਿਖੇ ਬਾਬਾ ਲੱਧਾ ਜੀ ਦੇ ਖਾਨਦਾਨ ਵਿਚ ਬਾਬਾ ਕਾਹਨ ਦਾਸ ਜੀ ਦੇ ਗ੍ਰਹਿ ਵਿਖੇ ਮਾਈ ਆਸਾ ਦੇਵੀ ਜੀ ਦੇ ਕੁਖੋਂ ਪੈਦਾ ਹੋਏ। ਘਰ ਵਿਚ ਖੁਸ਼ੀਆਂ ਮਨਾਈਆਂ ਗਈਆਂ। ਬਾਲਕ ਤੇਜਸਵੀ ਚੇਹਰੇ ਦੇ ਮਾਲਕ ਸਨ।

ਬਚਪਨ ਵਿਚ ਹੀ ਨਾਮ ਜਪਣ ਲੱਗ ਪਏ ਸਨ ਅਤੇ ਘਰ ਤੋਂ ਬਾਹਰ ਨਿਕਲ ਜਾਂਦੇ ਸਨ। ਪਿੰਡ ਸਖੋਵਾਲ ਦੇ ਦੁਆਲੇ ਜੰਗਲ ਹੋਇਆ ਕਰਦੇ ਸਨ। ਇਕ ਦਿਨ ਆਪ ਜੀ ਜੰਗਲ ਵੱਲ ਜਾ ਕੇ ਨਾਮ ਜਪ ਰਹੇ ਸਨ ਤਾਂ ਇਕ ਬਘਿਆੜ ਆਇਆ ਅਤੇ ਬਾਲ ਗੋਬਿੰਦ ਰਾਮ ਜੀ ਨੂੰ ਉਠਾ ਕੇ ਲੈ ਗਿਆ[5] ਪਿੰਡ ਦੇ ਲੋਕਾਂ ਨੇ ਦੇਖਿਆ ਅਤੇ ਰੌਲਾ ਪਾਇਆ। ਲੋਕਾਂ ਦਾ ਰੋਲਾਂ ਸੁਣ ਕੇ ਬਘਿਆੜ ਦੌੜ ਗਿਆ ਅਤੇ ਬਾਬਾ ਜੀ ਆਪਣੇ ਰੰਗ ਵਿਚ ਰੰਗੇ ਹੋਏ ਮੁਸਕਰਾਉਂਦੇ ਹੋਏ ਘਰ ਆ ਗਏ। ਉਹਨਾਂ ਦੇ ਚੇਹਰੇ ਤੇ ਪ੍ਰਮੇਸ਼ਰ ਦੇ ਰੰਗ ਦੀ ਝਲਕ ਅਨੋਖੀ ਹੀ ਦਿਖਾਈ ਦੇ ਰਹੀ ਸੀ।

## ਬਾਬਾ ਜੀ ਨੂੰ ਨਿਰਮਲੇ ਸੰਤਾਂ ਦੇ ਡੇਰੇ ਵਿਚ ਪੜ੍ਹਨੇ ਪਉਣਾ-

ਹੁਣ ਬਾਬਾ ਜੀ ਲੱਗ ਭਗ ਪੰਜ ਸਾਲ ਦੇ ਹੋ ਚੁੱਕੇ ਸਨ। ਬਾਬਾ ਲੱਧਾ ਰਾਮ ਜੀ ਦੀ ਬੈਰਾਗੀ ਦੀ ਗੱਦੀ ਦਾ ਪਾਸਾਰ ਬਹੁਤ ਦੂਰ ਤੱਕ ਹੋ ਚੁੱਕਾ ਸੀ। ਬਿਆਸ ਦਰਿਆ ਤੋਂ ਪਾਰ ਟਾਂਡਾ, ਦਸੂਹਾ, ਕੰਡੀ ਏਰੀਆ, ਗੜ੍ਹਦੀਵਾਲਾ ਅਤੇ ਤਲਵਾੜੇ ਤੱਕ ਸਿਖੀ ਸੇਵਕੀ ਫੈਲੀ ਹੋਈ ਸੀ, ਇਸ ਤੋਂ ਬਿਨਾਂ ਜਾਜਾ, ਮਸੀਤੀ ਅਤੇ ਭੋਗਪੁਰ ਆਦਿਕ ਦੇ ਇਲਾਕਿਆਂ ਵਿਚ ਸਿੱਖੀ ਸੇਵਕੀ ਸੀ। ਬਾਬਾ ਕਾਹਨ ਦਾਸ ਜੀ ਆਪਣੇ ਸਪੁੱਤਰ ਗੋਬਿੰਦ ਰਾਮ ਨੂੰ ਆਪਣੀ ਸਿੱਖੀ ਸੇਵਕੀ ਨਾਲ ਮਿਲਾਉਣ ਲਈ ਦਰਿਆ ਬਿਆਸ ਪਾਰ ਕਰਕੇ ਭੇਟਾਂ ਵਾਲੇ ਪਤਣ ਤੋਂ ਪਾਰ ਹੋ ਕੇ ਦਸੂਹੇ ਵੱਲ ਆਏ। ਇਥੋਂ ਉਹ ਝਿੰਗੜਾਂ ਪਿੰਡ ਵੱਲ ਗਏ।

ਪਿੰਡ ਝਿੰਗੜਾਂ ਵਿਚ ਖੂਹ ਦਾ ਪਾੜ ਪੁਟਿਆ ਜਾ ਰਿਹਾ ਸੀ ਅਤੇ ਚੱਕ ਸੁੱਟ ਕੇ ਸ਼ਕਰ ਵੰਡੀ ਜਾ ਰਹੀ ਸੀ। ਬਾਬਾ ਗੋਬਿੰਦ ਰਾਮ ਜੀ ਨੇ ਅੱਗੇ ਹੋ ਕੇ ਦੋਵੇਂ ਹੱਥਾਂ ਦਾ ਬੁੱਕ ਬਣਾ ਕੇ ਸ਼ਕਰ ਦੀ ਮੰਗ ਕੀਤੀ ਜੋ ਉਹਨਾਂ ਨੇ ਦੋਵੇਂ ਹੱਥਾਂ ਵਿਚ ਲੈ ਕੇ ਸ਼ਕਰ ਖਾ ਲਈ। ਬਾਬਾ ਜੀ ਨੇ ਦੋਬਾਰਾ ਸ਼ਕਰ ਦੀ ਮੰਗ ਕੀਤੀ, ਵਰਤਾਵੇ ਨੇ ਸ਼ਕਰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਨਾਲ ਹੀ ਵਰਤਾਵੇ ਨੇ ਕਿਹਾ, ਬਾਬਾ ਜੀ ਸਬਰ ਕਰੋ। ਗੋਬਿੰਦ ਰਾਮ ਜੀ ਨੇ ਬਚਨ ਕੀਤਾ ਕਿ ਖੂਹ ਦਾ ਜਲ ਖਾਰਾ ਹੈ, ਇਸਨੂੰ ਸ਼ਕਰ ਨਾਲ ਮਿੱਠਾ ਕਰਨਾ ਹੈ। ਵਰਤਾਵੇ ਨੇ ਫਿਰ ਕਿਹਾ, ਜਲ ਮਿੱਠਾ ਹੈ ਪ੍ਰੰਤੂ ਜਦੋਂ ਉਥੇ ਹਾਜਰ ਲੋਕਾਂ ਨੇ ਪਾਣੀ ਪੀਤਾ ਤਾਂ ਪਾਣੀ ਖਾਰਾ ਸੀ। ਫਿਰ ਵਰਤਾਵੇ ਅਤੇ ਦੂਜੇ ਲੋਕਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਬਾਬਾ ਜੀ ਦੇ ਬਚਨਾਂ ਨਾਲ ਖਾਰਾ ਜਲ ਮਿੱਠਾ ਹੋ ਗਿਆ ਸੀ ਅਰਥਾਤ ਬਾਬਾ ਜੀ ਨੂੰ ਮੁੜ ਸ਼ਕਰ ਦਿੱਤੀ ਤਾਂ ਖਾਰਾ ਪਾਣੀ ਮਿੱਠਾ ਹੋਇਆ।

ਬਾਬਾ ਕਾਹਨ ਦਾਸ ਜੀ ਨਾਲ ਸੰਗ ਕਰਕੇ ਬਾਲਕ ਗੋਬਿੰਦ ਰਾਮ ਜੀ ਪਿੰਡ ਖੁਣ-ਖੁਣ ਕਲਾਂ ਆ ਗਏ। ਹੁਣ ਤੱਕ ਗੋਬਿੰਦ ਰਾਮ ਜੀ ਪੰਜ ਸਾਲ ਦੀ ਉਮਰ ਦੇ ਹੋ ਗਏ ਸਨ। ਸੋਚ ਵਿਚਾਰ ਕਰਕੇ ਬਾਬਾ ਕਾਹਨ ਦਾਸ ਜੀ ਨੇ ਪਿੰਡ ਖੁਡਾ ਦੇ ਚੜ੍ਹਦੇ ਪਾਸੇ ਖੁਣ ਖੁਣ ਕਲਾਂ ਨੂੰ ਜਾਣ ਵਾਲੀ ਸੜਕ ਦੇ ਨੇੜੇ ਜੋ ਉਸ ਸਮੇਂ ਕਚਾ ਰਸਤਾ ਹੀ ਸੀ ਕਸਬਾ ਗੜ੍ਹਦੀਵਾਲਾ ਨੂੰ ਜਾਂਦਾ ਸੀ। ਉਸ ਰਸਤੇ ਤੇ ਨਿਰਮਲੇ ਸੰਤਾਂ ਦਾ ਡੇਰਾ ਜਿਸਦਾ ਨਾਮ ਡੇਰਾ ਪਿਪਲੀ ਸਾਹਿਬ ਅਖਵਾਉਂਦਾ ਸੀ ਜਿਥੇ ਹਰ ਸਾਲ ਹਾਥੀਆਂ ਵਾਲਾ ਸੰਤਾਂ ਦਾ ਰਮਤ ਅਖਾੜਾ ਆਉਂਦਾ ਸੀ ਅਤੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ ਤਿਆਰ ਕੀਤੀਆਂ ਜਾਂਦੀਆਂ ਸਨ। ਉਥੋਂ ਦੇ ਪ੍ਰਸਿੱਧ ਮਹੰਤ ਸੁਖਾ ਸਿੰਘ ਜੀ ਜੋ ਅੱਛੇ ਕਵੀ ਹੋਏ ਹਨ, ਉਹਨਾਂ ਰਚਿਤ ਰਚਨਾ ਸ੍ਰੀਹਰਫੀ ਪੁਰਾਣੇ ਵਿਦਵਾਨਾਂ

ਕੋਲ ਮਿਲਦੀ ਹੈ ਜੋ 1896 ਈ. ਵਿਚ ਪ੍ਰਕਾਸ਼ਤ ਕੀਤੀ ਗਈ ਸੀ। ਉਸ ਦੇ ਆਖਰੀ ਪੰਨੇ ਤੇ ਡੇਰਾ ਪਿਪਲੀ ਸਾਹਿਬ ਦੀ ਉਸਤਤ ਕੀਤੀ ਗਈ ਹੈ, ਇਸ ਪ੍ਰਕਾਰ ਹੈ-

ੴ ਸਤਿਗੁਰੂ ਪ੍ਰਸਾਦਿ॥
ਗੁਰਦਵਾਰਾ ਪਿਪਲੀ ਸਾਹਿਬ ਜੀ ਕੀ ਉਸਤਤ
ਚੌਪਈ॥
ਖੁੱਡਾ ਏਕ ਓਰ ਪਹਚਾਨਹੁ॥
ਗੰਭੋਵਾਲ ਸੁ ਦੂਜਾ ਪਛਾਨਹੁ॥
ਖੁਣ ਖੁਣ ਤੀਜੀ ਓਟ ਪਛਾਨ॥
ਬੇਗੋਲਾ ਕੁਰਾਲਾ ਮਾਨ॥੧॥
ਚਾਰੋ ਓਰ ਮਿਦਾਨ ਬਿਰਾਜਿਤ॥
ਮੱਧ ਪਿਪਲੀ ਤਾਕੇ ਛਾਜਿਤ॥
ਸੁੰਦ੍ਰ ਬਾਗ ਕੂਪ ਤਿਸ ਮਾਹੀ॥
ਸੁਰ ਨਰ ਕੌਤਕ ਦੇਖ ਸਲਾਹੀ॥੨॥
ਸ੍ਰੀ ਗੁਰ ਆਤਮ ਸਿੰਘ ਕ੍ਰਿਪਾਲਾ॥
ਸੁੰਦਰ ਸੁਘਰ ਸਰੂਪ ਬਿਸਾਲਾ॥
ਤਾ ਕੀ ਉਪਮਾ ਕਹਨ ਨਾ ਆਵੈ॥
ਤਾਕੀ ਓਪ ਤਾਸ ਬਨਿ ਆਵੈ॥੩॥
ਨਿਹਾਲ ਸਿੰਘ ਗੁਰ ਤਾਤੇ ਭਯੋ॥
ਮੱਧਿ ਪਿਪਲੀ ਵਾਸਾ ਲਯੋ॥
ਤਾਕੇ ਮਾਝ ਸੁ ਪੋਥੀ ਲਿਖੀ॥
ਭਾਂਤ ਭਾਂਤ ਅਰਥਨ ਸੰਗ ਪਿਖੀ॥੪॥
ਛਪੈ॥ ਸੁਭ ਮੂਰਤ ਸੁਭ ਬੰਸ ਸੁਘਰ ਸੁੰਦ੍ਰ ਚਤੁਰਾਨਨ॥
ਕ੍ਰਿਪਾ ਸਿੰਧ ਕ੍ਰਿਪਾਲ ਦੂਖ ਸਭ ਭੂਖ ਉਤਾਰਨ॥
ਚਰਨ ਕਮਲ ਚਿਤ ਰੁਚੈ ਜਾਸ ਸਭ ਹੀ ਸੁਖ ਪਾਵੈ॥
ਸਭ ਮਨਸਾ ਕੋ ਚੇਤ ਧਰ ਰਿਦ ਮਹਿ ਜੋ ਆਵੈ॥
ਸ੍ਰੀ ਆਤਮ ਸਿੰਘ ਕ੍ਰਿਪਾਲ ਗੁਰ ਤਿਹ ਪ੍ਰਸਾਦਿ ਬਰਨਨ ਕੀਯੋ॥
ਦੋ ਕਰ ਜੋਰ ਅਰਦਾਸ ਖੁਸ਼ੀ ਪ੍ਰਭੂ ਮੋ ਪਰ ਥੀਓ॥੫॥

ਉਸ ਗੁਣੀ ਗਿਆਨੀ ਮਹੰਤ ਸੁਖਾ ਸਿੰਘ ਜੀ ਬਾਬਾ ਗੋਬਿੰਦ ਰਾਮ ਦੇ ਅਧਿਆਪਕ ਬਣੇ ਅਤੇ ਲਗਭਗ ਦੋ ਸਾਲ ਨਿਰਮਲੇ ਸੰਤਾਂ ਦੇ ਡੇਰੇ ਵਿਚ ਰਹਿ ਕੇ ਬਾਲ ਗੋਬਿੰਦ ਰਾਮ ਜੀ ਸਾਰੀ ਭਾਂਤ ਦੀ ਵਿਦਿਆ ਪ੍ਰਾਪਤ ਕਰ ਲਈ। ਉਹਨਾਂ ਦੋ ਸਾਲਾਂ ਵਿਚ ਇਕ ਘਟਨਾ ਵਾਪਰੀ ਪਿੰਡ ਟਿਲੂਵਾਲ ਵਲੋਂ ਸਾਂਝੇ ਚੌਂਕ ਵਿਚਕਾਰ ਸਾਂਝਾ ਖੂਹ ਲਗਾਉਣਾ ਸ਼ੁਰੂ ਕੀਤਾ ਅਤੇ ਤੱਗ ਠੀਕ ਆ ਜਾਣ

ਤੇ ਚੱਕ ਖੂਹ ਵਿਚਕਾਰ ਪਾ ਦਿੱਤਾ ਅਤੇ ਢੋਲ ਵਜਾਉਣਾ ਸ਼ੁਰੂ ਕਰ ਦਿੱਤਾ। ਵਰਤਾਵੇ ਨੇ ਖੁਸ਼ੀ ਖੁਸ਼ੀ ਸਕਰ ਵਰਤਾਉਣੀ ਸ਼ੁਰੂ ਕਰ ਦਿੱਤੀ। ਮਹੰਤ ਸੁਖਾ ਸਿੰਘ ਨੇ ਬਾਬਾ ਗੋਬਿੰਦ ਰਾਮ ਨੂੰ ਸ਼ਕਰ ਲਿਆਉਣ ਲਈ ਕਿਹਾ ਗੋਬਿੰਦ ਰਾਮ ਨੇ ਜਾਂਦਿਆ ਹੀ ਵਰਤਾਵੇ ਨੂੰ ਕਿਹਾ ਕਿ ਮੈਂ ਬਟੀ ਸ਼ਕਰ ਲੈਣੀ ਹੈ ਅਤੇ ਲੈਣੀ ਵੀ ਤਕੜੀ ਨਾਲ ਤੋਲ ਕੇ। ਅਗੋਂ ਵਰਤਾਵੇ ਨੇ ਕਿਹਾ ਬੱਟੀ ਸ਼ਕਰ ਨਹੀਂ ਮਿਲਣੀ। ਅੱਗੋਂ ਬਾਬਾ ਜੀ ਨੇ ਆਪਣੇ ਰੰਗ ਵਿਚ ਕਹਿ ਦਿੱਤਾ, ਖੂਹ ਵਿਚ ਪਾਣੀ ਨਹੀਂ ਆਵੇਗਾ ਅਤੇ ਸਾਰੀਆਂ ਇੱਟਾਂ ਪਿਪਲੀ ਸਾਹਿਬ ਨਿਰਮਲੇ ਸੰਤਾਂ ਦੇ ਡੇਰੇ ਵਿਚ ਹੀ ਆਉਣਗੀਆਂ। ਬਾਬਾ ਜੀ ਕਹਿ ਕੇ ਪਿਪਲੀ ਸਾਹਿਬ ਡੇਰੇ ਵੱਲ ਦੌੜ ਗਏ।

ਰਾਤ ਪਿੰਡ ਟਿਲੂਵਾਲ ਵਿੱਚ ਪਲੇਗ ਪੈ ਗਈ ਅਤੇ ਲੋਕ ਮਰਨ ਲੱਗੇ। ਹੁਣ ਲੋਕਾਂ ਨੂੰ ਦਿਨ ਸਮੇਂ ਤਕੜੀ ਨਾਲ ਬੱਟੀ ਸ਼ਕਰ ਗੋਬਿੰਦ ਰਾਮ ਜੀ ਵਲੋਂ ਜੋਖ ਕੇ ਮੰਗਣਵਾਲੀ ਘਟਨਾ ਯਾਦ ਆਈ। ਸਵੇਰ ਸਾਰੇ ਪਿੰਡ ਦੇ ਲੋਕ ਦੌੜ ਕੇ ਡੇਰਾ ਪਿਪਲੀ ਸਾਹਿਬ ਵੱਲ ਆਏ ਅਤੇ ਮਹੰਤ ਸੁਖਾ ਸਿੰਘ ਕੋਲੋਂ ਮੁਆਫੀ ਮੰਗਣ ਲੱਗੇ। ਅਗੋਂ ਮਹੰਤ ਸੁਖਾ ਸਿੰਘ ਜੀ ਨੇ ਕਿਹਾ, ਬਾਬਾ ਗੋਬਿੰਦ ਰਾਮ ਜੀ ਹੱਥ ਚਾਬੀ ਹੈ, ਉਹੋ ਹੀ ਮਸਲਾ ਹਲ ਕਰ ਸਕਦੇ ਹਨ। ਲੋਕਾਂ ਨੇ ਬਾਬਾ ਗੋਬਿੰਦ ਰਾਮ ਜੀ ਕੋਲੋਂ ਗਲਤੀ ਦੀ ਮੁਆਫੀ ਮੰਗੀ ਅਤੇ ਲੋਕਾਂ ਨੇ ਬੱਟੀ ਸ਼ਕਰ ਤਕੜੀ ਨਾਲ ਤੋਲ ਕੇ ਗੋਬਿੰਦ ਰਾਮ ਜੀ ਨੂੰ ਦਿੱਤੀ। ਫਿਰ ਪਿੰਡ ਵਿਚੋਂ ਪਲੇਗ ਦੀ ਬੀਮਾਰੀ ਹੱਟ ਗਈ ਅਤੇ ਪਿੰਡ ਵਿਚ ਸ਼ਾਤੀ ਹੋਈ।

## ਸਹੌੜੇ ਵਾਲੀ ਪਹਾੜੀ ਤੇ ਤਪ ਕਰਨਾ-

ਦੋ ਸਾਲ ਨਿਰਮਲੇ ਸੰਤਾਂ ਦੇ ਡੇਰੇ ਪਿਪਲੀ ਸਾਹਿਬ ਵਿਚ ਹਰ ਗ੍ਰੰਥ ਦੀ ਪੜ੍ਹਾਈ ਕੀਤੀ। ਪੁਰਾਤਨ ਗ੍ਰੰਥਾਂ ਦਾ ਅਭਿਆਸ ਕਰਕੇ ਮਨ ਵਿਚ ਵੈਰਾਗ ਜਾਗਿਆ ਅਤੇ ਪ੍ਰਭੂ ਭਗਤੀ ਵਿਚ ਹੋਰ ਪਰਪੱਕ ਹੋਣ ਲਈ ਤਲਵਾੜੇ ਦੇ ਜਾਣ ਵਾਲੇ ਰਸਤੇ ਤੇ ਮੌਜੂਦ ਸਹੌੜੇ ਵਾਲੀ ਉੱਚੀ ਪਹਾੜੀ ਤੇ ਤਪ ਕਰਨਾ ਸ਼ੁਰੂ ਕਰ ਦਿੱਤਾ। ਬਾਬਾ ਜੀ ਦੀ ਸੰਤ ਬਿਰਤੀ ਦੇਖ ਕੇ ਬਾਬਾ ਨੰਦ ਲਾਲ ਸਹੌੜੇ ਵਾਲੇ ਅਤੇ ਬਾਬਾ ਜਵਾਹਰ ਦਾਸ ਜੀ ਸੂਸਾ ਵਾਲੇ ਵੀ ਉਥੇ ਆ ਗਏ ਅਤੇ ਇਕੋ ਧੂਣੇ ਤੇ ਤਪ ਕਰਨ ਲੱਗੇ। ਜਿਉਂ ਜਿਉਂ ਤਪ ਕਰਦੇ ਸਨ ਤਿਉਂ ਤਿਉਂ ਉਹ ਤਿੰਨੋਂ ਮਹਾਂਪੁਰਸ਼ ਰੱਬੀ ਰੰਗ ਵਿਚ ਰੰਗੇ ਜਾ ਰਹੇ ਸਨ। ਦੁਨਿਆਵੀ ਗਲਾਂ ਬਾਤਾਂ ਕੋਈ ਨਹੀਂ ਸੀ ਕਰਦੇ। ਭਗਤੀ ਕਰਦੇ ਅਤੇ ਦਿਨ ਰਾਤ ਨਾਮ ਸਿਮਰਨ ਵਿਚ ਰੁਝੇ ਰਹਿੰਦੇ ਸਨ ਅਤੇ ਇਕ ਧੂਣੇ ਤੇ ਹਾਜ਼ਰ ਰਹਿੰਦੇ ਸਨ। ਸੰਗਤ ਦਿਨ ਰਾਤ ਉਹਨਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਆਉਂਦੀ ਅਤੇ ਸੰਗਤ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਸਨ। ਇਸ ਪ੍ਰਕਾਰ ਤਿੰਨ ਮਹਾਂਪੁਰਸ਼ਾਂ ਨੇ ਇਕ ਟੱਕ ਬਾਰਾਂ ਸਾਲ ਭਗਤੀ ਕੀਤੀ ਅਤੇ ਭਾਰਤੀ ਪਰੰਪਰਾ ਅਨੁਸਾਰ ਭਗਤੀ

ਦੀ ਬਾਰਾਂ ਸਾਲ ਦੀ ਜੋਗ ਦੀ ਪ੍ਰੰਪਰਾ ਨੂੰ ਪੂਰਿਆਂ ਕੀਤਾ। ਬਾਰਾਂ ਸਾਲ ਬਾਅਦ ਤਿੰਨਾਂ ਮਹਾਂਪੁਰਸ਼ਾਂ ਨੂੰ ਜਦੋਂ ਧੂਣੇ ਦਾ ਤਿਆਗ ਕੀਤਾ ਅਤੇ ਬਾਬਾ ਗੋਬਿੰਦ ਰਾਮ ਪਹਾੜੀ ਤੋਂ ਥੱਲੇ ਉਤਰਨ ਲੱਗੇ ਤਾਂ ਬਾਬਾ ਨੰਦ ਲਾਲ ਸਹੌੜੇ ਵਾਲਿਆਂ ਆਖਿਆ ਬਾਬਾ ਗੋਬਿੰਦ ਰਾਮ ਜੀ ਪਿਆਸ ਨੇ ਬਹੁਤ ਸਤਾਇਆ ਹੈ, ਕੁਝ ਕਰੋ। ਬਾਬਾ ਗੋਬਿੰਦ ਰਾਮ ਜੀ ਹੱਥ ਵਿਚ ਤੀਰ ਰੱਖਦੇ ਸਨ। ਬਾਬਾ ਜੀ ਨੇ ਖੁਸ਼ਕ ਪਹਾੜੀ ਤੋਂ ਦੂਰ ਤੱਕ ਦੇਖਿਆ ਅਤੇ ਜਿਥੇ ਖੜ੍ਹੇ ਸਨ ਪਾਣੀ ਕਿਧਰੇ ਨਹੀਂ ਸੀ । ਫਿਰ ਜੋਰ ਨਾਲ ਪਹਾੜੀ ਤੇ ਤੀਰ ਮਾਰਿਆਂ ਜਦੋਂ ਤੀਰ ਪੁਟਿਆ ਤਾਂ ਪਹਾੜ ਉਪਰ ਜਲ ਦੀ ਧਾਰਾ ਵਹਿ ਤੁਰੀ।

ਬਾਬਾ ਗੋਬਿੰਦ ਰਾਮ ਜੀ, ਬਾਬਾ ਨੰਦ ਲਾਲ ਜੀ ਨੂੰ ਮੁਖਾਤਿਬ ਹੋ ਕੇ ਕਹਿਣ ਲੱਗੇ, ਲਓ ਜੀ ਜਿੰਨਾ ਮਰਜ਼ੀ ਪਾਣੀ ਪੀ ਲਵੋ। ਬਾਬਾ ਨੰਦ ਲਾਲ ਜੀ ਕਹਿਣ ਲੱਗੇ, ਬਸ! ਬਸ! ਮੈਨੂੰ ਪਿਆਸ ਨਹੀਂ ਸੀ, ਮੈਂ ਤਾਂ ਤੁਹਾਡੀ ਤਾਕਤ ਦੇਖਣੀ ਸੀ। ਬਾਰਾਂ ਸਾਲ ਵੀ ਗੁਜਾਰੇ, ਕੁਝ ਪ੍ਰਾਪਤੀ ਵੀ ਹੋਈ ਹੈ ਕਿ ਨਹੀਂ। ਤੁਸੀਂ, ਮੈਂ ਦੇਖ ਲਿਆ ਹੈ, ਤੁਸੀਂ ਭਗਤੀ ਵਿਚ ਪੂਰੇ ਹੋ ਗਏ। ਦੁਨੀਆਂ ਤੁਹਾਡਾ ਨਾਮ ਜਪੇਗੀ। ਉਥੋਂ ਬਾਬਾ ਜੀ ਕੁਝ ਦਿਨਾਂ ਲਈ ਆਪਣੇ ਡੇਰੇ ਭਟੀਆਂ ਆ ਗਏ ਅਤੇ ਬਾਬਾ ਜਵਾਹਰ ਦਾਸ ਪਿੰਡ ਸੂਸਾਂ ਵਾਲੇ ਜੋ ਜਟ ਕੌਮ ਨਾਲ ਸੰਬੰਧਤ ਸਨ, ਆਪਣੇ ਖੇਤਾਂ ਵਿਚ ਚਲੇ ਗਏ ਅਤੇ ਡੇਰਾ ਲੱਗਾ ਲਿਆ।ਬਾਬਾ ਨੰਦ ਲਾਲ ਜੀ ਸਹੌੜੇ ਪਹਾੜੀ ਤੇ ਇਕ ਗਏ।

## ਗੋਬਿੰਦ ਰਾਮ ਜੀ ਬਿੰਦਰਾ ਬਨ ਵਲ ਚਲੇ ਗਏ–

1853 ਈ. ਦਾ ਸਾਲ ਬਤੀਤ ਹੋ ਰਿਹਾ ਸੀ, ਹੁਣ ਤਕ ਬਾਬਾ ਗੋਬਿੰਦ ਰਾਮ ਜੀ ਦਾ ਘੁਮਕੜ ਸੁਭਾਅ ਬਣ ਚੁੱਕਾ ਸੀ ਜੋ ਵੀ ਮੂੰਹੋ ਕਹਿ ਦੇਂਦੇ ਸਨ, ਬਚਨ ਪੂਰਾ ਹੋ ਜਾਂਦਾ ਸੀ। ਨਾਮ ਸਿਮਰਨ ਵਿਚ ਪਰਪਕਤਾ ਹਾਸਲ ਹੋ ਗਈ ਸੀ ਆਪਣੇ ਰੰਗ ਵਿਚ ਰੰਗੇ ਰਹਿੰਦੇ ਸਨ। ਹੁਣ ਤੱਕ ਬਾਬਾ ਗੋਬਿੰਦ ਰਾਮ ਜੀ ਦੀ (1834 ਈ. ਤੋਂ 1865 ਈ.) 31 ਸਾਲ ਦੀ ਉਮਰ ਹੋ ਚੁੱਕੀ ਸੀ। ਬਾਬਾ ਜੀ ਦਾ ਸਰੀਰ ਭਰਪੂਰ ਜਵਾਨ ਸੀ। ਨੈਣ ਪ੍ਰਭੂ ਦੀ ਖੁਮਾਰੀ ਵਿਚ ਰੰਗ ਰੱਤੇ ਰਹਿੰਦੇ ਸਨ। ਕਿਸੇ ਵੱਲ ਵੀ ਘੱਟ ਹੀ ਤਕਦੇ ਸਨ। ਛੇਤੀ ਹੀ ਬਾਬਾ ਜੀ ਬਿੰਦਰਾਬਨ ਚਲ ਚਲੇ ਗਏ। ਇਹ ਉਹ ਇਲਾਕਾ ਹੈ ਜਿਥੇ ਦੁਆਪਰ ਯੁੱਗ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆ ਨਾਲ ਲੀਲਾਵਾਂ ਕੀਤੀਆਂ ਸਨ। ਗਊਆਂ ਚਰਾਈਆਂ ਸਨ ਅਤੇ ਮਧੁਰ ਸੁਰ ਵਿਚ ਬਾਂਸੁਰੀ ਵਜਾਈ ਸੀ। ਬਾਬਾ ਜੀ ਦੀ ਮਸਤਾਨੀ ਚਾਲ ਅਤੇ ਬਸੰਤੀ ਬਸਤਰ ਪਹਿਨਕੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਸਰੂਪ ਲੱਗ ਰਹੇ ਸਨ। ਭਗਵਾਨ ਜੀ ਦੇ ਮੰਦਰਾਂ ਵਿਚ ਜਾਣਾ ਅਤੇ ਰਾਸ ਲੀਲਾਵਾਂ ਦੇਖਣੀਆਂ ਅਤੇ ਆਪ ਵੀ ਰਾਸ ਲੀਲਾ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ, ਲੋਕਾਈ ਨੂੰ ਅਚੰਭਿਤ ਕਰ ਰਿਹਾ ਸੀ। ਉਥੇ ਲਗਭਗ ਬਾਰਾਂ

ਸਾਲ ਰਹੇ ਅਤੇ ਸੰਸਕ੍ਰਿਤ, ਹਿੰਦੀ ਆਦਿਕ ਭਾਸ਼ਾਵਾਂ ਵਿਚ ਪ੍ਰਕਾਸ਼ਤ ਤੇ ਲਿਖਤ ਗ੍ਰੰਥ ਅਰਥਾਂ ਸਹਿਤ ਪੜ੍ਹੇ। ਇਹੋ ਕਾਰਨ ਹੈ ਕਿ ਉਹਨਾਂ ਦੀ ਬੋਲ ਚਾਲ ਭਾਸ਼ਾ ਤੇ ਬੋਲੀ ਵਿਚ ਰਲਵੀ ਹਿੰਦੀ, ਬ੍ਰਿਜ ਭਾਸ਼ਾ ਦਾ ਪੰਜਾਬੀ ਵਿਚ ਪ੍ਰਭਾਵ ਸੀ।

ਬਾਰਾਂ ਸਾਲ ਬਾਬਾ ਜੀ ਬ੍ਰਿੰਦਾਬਨ ਰਹੇ ਅਤੇ 1865 ਈ. ਵਿਚ ਵਾਪਸ ਪੰਜਾਬ ਅਤੇ ਡੇਰਾ ਭਟੀਆਂ ਵਿਚ ਆ ਕੇ ਨਿਵਾਸ ਕੀਤਾ ਅਤੇ ਲਗਭਗ ਤਿੰਨ ਸਾਲ ਉਥੇ ਰਹੇ। ਉਸ ਸਮੇਂ ਤੱਕ ਪੰਜਾਬ ਵਿਚ 1857 ਈ. ਦੀ ਵਿਸਾਖੀ ਦੇ ਦਿਹਾੜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ (ਜਿਲ੍ਹਾ ਲੁਧਿਆਣਾ) ਵਿਚ ਸੰਤ ਖਾਲਸਾ ਦੀ ਸਾਜਨਾ ਕਰ ਚੁੱਕੇ ਸਨ। ਉਹਨਾਂ ਦੀਆਂ ਕਾਰਵਾਈਆਂ ਨੇ ਅੰਗਰੇਜ਼ ਸਰਕਾਰ ਦੀਆਂ ਨੀਹਾਂ ਹਿਲਾ ਦਿੱਤੀਆਂ ਸਨ, ਜਿਹਨਾਂ ਬਾਰੇ ਮੈਂ ਕੁਝ ਜ਼ਿਕਰ ਅਗਲੇ ਅਧਿਆਇ ਵਿਚ ਕਰਾਂਗਾ।

## ਫੁੱਟ ਨੋਟ ਅਤੇ ਟਿਪਣੀਆਂ

1. ਜਸਵਿੰਦਰ ਸਿੰਘ ਹਿਸਟੋਰੀਅਨ: ਕੂਕਾਜ ਆਫ ਨੋਟ ਇਨਦੀ ਪੰਜਾਬ, ਪੰਨਾ 92-93 ਤੇ ਜਾਣਕਾਰੀ ਇਸ ਪ੍ਰਕਾਰ ਛਪਾਉਂਦੇ ਹਨ- "ਲਾਹੌਰ ਸਰਕਲ, ਜ਼ਿਲ੍ਹਾ ਗੁਰਦਾਸ ਪੁਰ, ਸੀਰੀਅਲ ਨੰ.1 ਗੋਬਿੰਦ ਰਾਮ ਪੁਤਰ ਮੂਲਾ (ਨਾਮ ਗਲਤ ਹੈ) ਧੰਧਾ ਕੋਈ ਨਹੀਂ, ਪਿੰਡ ਸੰਗਤੂ ਵਾਲ (ਸਖੋਵਾਲ), ਥਾਣਾ ਸ੍ਰੀ ਗੋਬਿੰਦ ਪੁਰ (ਸ੍ਰੀ ਹਰਿ ਗੋਬਿੰਦ ਪੁਰ) ਪਹਿਚਾਣ: ਪੱਕਾ ਰੰਗ, ਲੰਬਾ ਕੱਦ, ਉਮਰ 45 ਸਾਲ ਦੇ ਲਗਭਗ, (1879 ਈ.) ਇਕ ਅਕਾਲੀ ਨਿਹੰਗ ਵਰਗਾ ਬਾਣਾ ਪਹਿਨਦਾ ਹੈ ਖਾਸੀਅਤ ਸੁਭਾਉ: ਕੂਕਾ ਰਹਿਤ ਮਰਯਾਦਾ ਪੱਕਾ ਧਾਰਨੀ ਹੈ ਪਿੰਡ ਤੋਂ ਕੁਝ ਸਮੇਂ ਲਈ ਗੈਰ ਹਾਜ਼ਰ ਸਨ, 1879 ਈ. (ਜਦੋਂ ਬਾਬਾ ਜੀ ਗੋਬਿੰਦ ਰਾਮ ਲਗਭਗ 45 ਸਾਲ ਦੇ ਸਨ) ਵਾਪਸ ਮੁੜੇ ਅਤੇ ਉਦੋਂ ਦੋ ਚਾਰ ਕੂਕੇ ਬਣਾਏ।"
2. ਮਾਸਟਰ ਬਖਸ਼ੀਸ਼ ਸਿੰਘ (ਸਵਰਗਵਾਸੀ) ਜੋ ਹਰਦੁਆਰ ਤੋਂ ਬਾਬਾ ਜੀ ਦੀ ਬੰਸਾਵਲੀ ਲਿਆਏ ਸਨ।
3. ਸੰਤ ਇੰਦਰ ਸਿੰਘ ਚਕਰਵਰਤੀ: ਗੋਬਿੰਦ ਦਾਸ ਤੋਂ ਸੰਤ ਹਰਨਾਮ ਸਿੰਘ, ਸਤਿਜੁਗ ਅਖਬਾਰ ਦਾ ਬਸੰਤ ਅੰਕ 10 ਮਾਘ 1992 ਬਿ: (1936 ਈ.) ਪੰਨਾ 167.
4. ਜਸਵਿੰਦਰ ਸਿੰਘ ਹਿਸਟੋਰੀਅਨ: ਓਹੀ, ਪੰਨਾ 92-93.
5. ਸੰਤ ਇੰਦਰ ਸਿੰਘ ਚਕਰਵਰਤੀ ਆਪਣੇ ਲੇਖ ਗੋਬਿੰਦ ਦਾਸ ਤੋਂ ਸੰਤ ਹਰਨਾਮ ਸਿੰਘ ਜੀ ਵਿਚ ਭਵਿੱਖ ਬਾਣੀ, ਬਾਬਾ ਸੰਤ ਰਾਮ ਤੋਂ ਕਰਵਾਈ ਹੈ ਕਿ ਬਾਬਾ ਗੋਬਿੰਦ ਦਾਸ ਨਿਹੰਗ ਸਿੰਘ ਬਣੇਗਾ, ਉਸਨੂੰ ਬਘਿਆੜ ਨਹੀਂ ਖਾ ਸਕਦਾ ਪ੍ਰੰਤੂ ਬਾਬਾ ਗੋਬਿੰਦ ਰਾਮ ਜੀ ਦੀ ਬੰਸਾਵਲੀ ਵਿਚ ਬਾਬਾ ਸੰਤ ਰਾਮ ਜੀ ਦਾ ਕੋਈ ਨਾਮ ਨਹੀਂ ਹੈ। ਇਹ ਚਕਰਵਰਤੀ ਜੀ ਦੀ ਕਪੋਲ ਕਲਪਨਾ ਹੈ।
6. ਸੰਤ ਇੰਦਰ ਸਿੰਘ ਚਕਰਵਰਤੀ: ਓਹੀ, ਪੰਨਾ 168.

# ਭੈਣੀ ਸਤਿਗੁਰੂ ਜਾਗਿਆ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸਾ ਰਾਜ ਜੋ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ 20 ਸਾਲ ਬਾਅਦ ਐਸੀ ਅਪਾਰ ਕਿਰਪਾ ਪੰਜਾਬ ਤੇ ਕੀਤੀ ਖਾਲਸਾ ਸਪਿਰਟ ਜੋ ਅੰਗਰੇਜ਼ ਨੇ ਪੰਜਾਬ ਵਿਚੋਂ ਖਤਮ ਕਰ ਦਿੱਤੀ ਸੀ, ਉਸਨੂੰ ਸਤਿਗੁਰੂ ਜੀ ਨੇ ਮੁੜ ਜਗਾਇਆ ਜਿਸਨੂੰ ਅੱਜ ਵੀ ਪੁਰਾਣੇ ਨਾਮਧਾਰੀ ਸਿੱਖ ਯਾਦ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਤਾਜ਼ਾ ਕਰਦੇ ਹਨ ਅਤੇ ਆਖਦੇ ਹਨ-

ਭੈਣੀ ਸਤਿਗੁਰੂ ਜਾਗਿਆ
ਹੋਰ ਕੂੜ ਜਹਾਨਾ॥

ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸਾ ਰਾਜ ਦੀ ਨੌਕਰੀ ਸਮੇਂ ਕਿਵੇਂ ਖਾਲਸਾ ਰਾਜ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਚਾਲੀ ਸਾਲ ਰਾਜ ਕਰਕੇ ਗਏ ਨੂੰ ਸਿਰਫ ਈਸਟ ਇੰਡੀਆ ਕੰਪਨੀ ਦੇ ਵਪਾਰੀਆਂ ਨੇ ਦਸ ਸਾਲ ਵਿਚ ਹੀ ਖਤਮ ਕਰ ਦਿੱਤਾ ਸੀ। ਪੰਜਾਬ ਦੀ ਇਹ ਦਰਦਨਾਕ ਹਾਲਤ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਅੱਖੀਂ ਦੇਖੀ ਸੀ ਅਤੇ ਸਿੱਖ, ਅੰਗਰੇਜ਼ ਯੁੱਧ ਵਿਚ ਸਿੱਖ ਜਿੱਤ ਕੇ ਵੀ ਲੀਡਰਾਂ ਦੀ ਨਮਕ ਹਰਾਮੀ ਕਰਕੇ ਹਾਰ ਗਏ। ਸਤਿਗੁਰੂ ਜੀ ਪੰਜਾਬ ਦੇ ਇਕ ਗੁੰਮਨਾਮ ਪਿੰਡ ਭੈਣੀ ਜੋ ਬਾਅਦ ਸ੍ਰੀ ਭੈਣੀ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ ਸੀ। ਉਹਨਾਂ ਨੇ 1857 ਈ. ਦੀ ਵਿਸਾਖੀ ਨੂੰ 'ਸੰਤ ਖਾਲਸਾ' ਦੀ ਸਾਜਨਾ ਕਰਕੇ ਸ਼ਾਂਤੀ ਦਾ ਪ੍ਰਤੀਕ ਚਿੱਟਾ ਝੰਡਾ ਸ੍ਰੀ ਭੈਣੀ ਸਾਹਿਬ ਵਿਚ ਲਹਿਰਾਇਆ ਅਤੇ ਫਿਰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲੱਗੇ। ਉਹਨਾਂ ਦੇ ਸਮਕਾਲੀ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਸੁਪ੍ਰਸਿੱਧ ਇਤਿਹਾਸਕਾਰ 'ਸ੍ਰੀ ਗੁਰੂ ਪੰਥ ਪ੍ਰਕਾਸ' ਵਿਚ ਲਿਖਦੇ ਹਨ-

ਪਾਇ ਏਹ ਹੁਕਮ ਪਰਮੇਸ ਕਾ ਵਿਸ਼ੇਸ਼ ਫਿਰ,
ਰਾਮ ਮ੍ਰਿਗੇਸ਼ ਉਪਦੇਸ਼ ਦੈਨ ਲਾਗਿਓ।
ਹੁਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ,
ਸੁਧਾ ਛਕ ਥਾਏ ਸਿੱਖ ਭਾਗ ਜਿਨਾ ਜਾਗਿਓ।
ਫੈਲਿਓ ਜਸ ਭਾਰੀ ਸਿੱਖ ਥੀਏ ਤਾਹਿ ਕੇ ਅਪਾਰੀ,
ਸਿਖ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠਗੀ, ਤਜ ਥੀਏ ਸੰਤ, ਸਤਿਜੁਗ ਆਗਿਓ।

ਸਤਿਗੁਰੂ ਜੀ ਨੇ ਕਿਰਪਾ ਕੀਤੀ, ਸ੍ਰੀ ਭੈਣੀ ਸਾਹਿਬ ਵਿਚ ਗੁਰੂ ਨਾਨਕ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਸੁਰਜੀਤ ਕੀਤਾ ਅਤੇ ਜੋ ਹੁਣ ਤੱਕ ਅਲੋਪ ਹੋ ਚੁੱਕੀ ਸੀ। ਉਸ ਨੂੰ ਮੁੜ ਸੁਰਜੀਤ ਕਰਕੇ ਸੰਤ ਖਾਲਸਾ ਕਾਇਮ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਮਾਣ ਮਰਯਾਦਾ ਨੂੰ ਬਹਾਲ ਕੀਤਾ ਸੀ। ਉਹਨਾਂ ਨੇ ਆਲਿਆ ਬੁਖਾਰਚਿਆਂ ਵਿਚ ਕੀੜਾ ਲਗੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਝਾੜ ਪੂੰਜ ਕਰਕੇ ਉਹਨਾਂ ਦਾ ਕਿਵੇਂ ਪ੍ਰਕਾਸ਼ ਕਰਨਾ ਉਸਦੀ ਮਰਯਾਦਾ ਸੰਗਤ ਨੂੰ ਸਿਖਾਈ। ਭਾਈ ਸਾਹਿਬ ਭਾਈ ਕਪੂਰ ਸਿੰਘ ਨੈਸ਼ਨਲ ਪ੍ਰੋਫੈਸਰ ਆਫ਼ ਸਿਖਇਜਮ ਪੁਸਤਕ 'ਸਪਤ ਸ੍ਰਿੰਗ' ਵਿਚ ਲੇਖ 'ਬਾਬਾ ਰਾਮ ਸਿੰਘ ਕੂਕਾ' ਵਿਚ ਲਿਖਦੇ ਹਨ-

'ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹ ਨਹੀਂ ਹੋਇਆ, ਜਿਸ ਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰੱਖਿਆ ਹੋਵੇ, ਜਿਸਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ ਸਮਾਜਕ ਤੌਰ ਤੇ ਅਤੇ ਰਾਜਸੀ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਸਨੂੰ ਉਨਤੀ ਦੇ ਸਿੱਖਰ ਉਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ। ਇਸ ਲਈ ਸ਼ਰਧਾਲੂਆਂ ਦੇ ਮਨ ਉਤੇ ਬਾਬਾ ਰਾਮ ਸਿੰਘ ਦੇ ਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ, ਇਹ ਕੁਦਰਤੀ ਜਿਹੀ ਗੱਲ ਸੀ।'

ਸਤਿਗੁਰੂ ਰਾਮ ਸਿੰਘ ਜੀ ਨੇ ਥੋੜੇ ਸਮੇਂ ਵਿਚ ਹੀ ਧਰਮ ਦੇ ਠੇਕੇਦਾਰਾਂ ਅਤੇ ਅੰਗਰੇਜ਼ ਹਾਕਮਾਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਨਵੇਂ ਸਿਰਜੇ ਸੰਤ ਖਾਲਸਾ, ਸਤਿਗੁਰੂ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਬਾਰ੍ਹਵਾ ਸਰੂਪ ਸਮਝਣ ਲੱਗ ਪਏ ਸਨ। ਸਮਕਾਲੀ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਗ੍ਰੰਥ 'ਪੰਥ ਪ੍ਰਕਾਸ' ਵਿਚ ਲਿਖਦੇ ਹਨ-

ਐਪੇ ਗੁਰ ਦਸਮ ਦਰਸ ਦੈ ਕਹਿਓ ਤਾਹਿ
ਮੇਰੋ ਅਵਤਾਰ ਅੰਸ ਰਾਮ ਸਿੰਘ ਹਵੈ ਭਰੇ।

ਭਾਵੇਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਖਾਲਸਾ ਰਾਜ ਕਹਾਉਂਦਾ ਸੀ ਪ੍ਰੰਤੂ ਉਸ ਸਮੇਂ ਦਰਬਾਰੀ ਅਤੇ ਸੈਨਿਕ ਮਾਸ, ਸਰਾਬ, ਚੋਰੀ ਯਾਰੀ, ਰੰਡੀ ਬਾਜ਼ੀ ਅਤੇ ਹੋਰ ਕੁਰੀਤੀ ਐਬ ਆਦਿਕ ਵਿਚ ਉਸ ਸਮੇਂ ਸਿੱਖ ਫਸ ਚੁੱਕੇ ਸਨ। ਇਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਵੀ ਸ਼ਰਾਬ ਪੀਣ ਦਾ

ਆਦੀ ਸੀ ਅਤੇ ਉਸਨੂੰ ਅੰਗਰੇਜ਼ਾਂ ਨੇ ਹੌਲੀ-ਹੌਲੀ ਸ਼ਰਾਬ ਅਸਰ ਕਰਨ ਵਾਲੀ ਪਿਆਈ ਸੀ ਅਤੇ ਇਸਦਾ ਜ਼ਿਕਰ ਜਾਫਰ ਬੇਗ ਨੇ ਆਪਣੀ ਰਚਿੱਤ ਸੀ-ਹਰਫੀ ਵਿਚ ਕੀਤਾ ਹੈ। ਉਹ ਸੀ ਹਰਫੀ ਨੂੰ ਪ੍ਰੋਫੈਸਰ ਪਿਆਰਾ ਸਿੰਘ ਪਦਮ ਨੇ ਸੰਪਾਦਤ ਕੀਤੀ ਅਤੇ ਪੁਸਤਕ 'ਮਹਾਰਾਜਾ' ਵਿਚ ਸ਼ਾਮਲ ਕੀਤਾ ਹੈ। ਗੁਰੂ ਕਾ ਸਿਖ ਇਕ ਇਸਤਰੀ ਨਾਲ ਗ੍ਰਹਿਸਥ ਭੋਗ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਦੀਆਂ 16 ਰਾਣੀਆਂ ਸਨ। ਸਿੱਖ ਸਮਾਜ ਬਹੁ ਵਿਆਹ, ਜੰਮਦਿਆਂ ਕੁੜੀ ਮਾਰ ਦੇਣੀ, ਬਾਲ ਵਿਆਹ ਦੀਆਂ ਕੁਰੀਤੀਆਂ ਵਿਚ ਫਸ ਚੁੱਕਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ 'ਸੰਤ ਖਾਲਸਾ' ਦੀ ਸਾਜਨਾ ਦੀ ਸਥਾਪਨਾ ਕਰਨ ਤੋਂ ਬਾਅਦ ਇਹਨਾਂ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ। ਸਤਿਗੁਰੂ ਜੀ ਨੇ ਬਾਲ ਵਿਆਹ, ਸਤੀ ਪ੍ਰਥਾ ਜਿਹੀਆਂ ਕੁਰੀਤੀਆਂ ਨੂੰ ਛਡਣ ਲਈ ਪ੍ਰੇਰਿਆ। ਅੰਮ੍ਰਿਤ ਵੇਲੇ ਉਠਕੇ ਸਣਕੇਸੀ ਇਸ਼ਨਾਨ ਕਰਕੇ, ਧੋਤੇ ਹੋਏ ਬਸਤਰ ਪਹਿਨਕੇ ਪੰਜਾਂ ਬਾਣੀਆਂ ਦਾ ਪਾਠ ਕਰਨ ਅਤੇ ਨਾਮ ਸਿਮਰਨ ਉਨ ਦੀ ਮਾਲਾ ਨਾਲ ਕਰਨ ਦੀ ਪਿਰਤ ਪਾ ਕੇ ਸਿਧੀਆਂ ਪਗੜੀਆਂ ਅਤੇ ਚਿੱਟੇ ਬਸਤਰ ਧਾਰਨ ਕਰਕੇ ਨੀਲੇ ਅਤੇ ਕਾਲੇ ਰੰਗ ਦਾ ਤਿਆਗ ਕਰਵਾ ਕੇ ਸਿੱਖ ਸਮਾਜ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਜੁਗ ਦਾ ਪਹਿਰਾ ਲੱਗਾ ਦਿੱਤਾ।

ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਧਰਮ ਪ੍ਰਚਾਰ ਦੇ ਦੌਰੇ ਕਰਨੇ ਸ਼ੁਰੂ ਕਰ ਦਿੱਤੇ। ਧਰਮ ਪ੍ਰਚਾਰ ਦੇ ਦੌਰਿਆਂ ਸਮੇਂ ਅੰਗਰੇਜ਼ ਸਰਕਾਰ ਦੇ ਖਿਲਾਫ ਵੀ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਸਤਿਗੁਰੂ ਜੀ ਭਲੀ ਭਾਂਤ ਜਾਣਦੇ ਸਨ ਕਿ ਸਿੱਖਾਂ ਦਾ ਨੈਤਿਕ ਪੱਧਰ ਵੀ ਉੱਚਾ ਹੋਣਾ ਚਾਹੀਦਾ ਹੈ। ਸਤਿਗੁਰੂ ਜੀ ਨੇ ਲੰਗਰ ਦੀ ਪ੍ਰਥਾ ਨੂੰ ਵਿਆਪਕ ਪੱਧਰ ਤੇ ਸ਼ੁਰੂ ਕੀਤਾ। ਬਿਨਾਂ ਕਿਸੇ ਜਾਤ-ਪਾਤ ਤੇ ਵਿਤਕਰੇ ਦੇ ਗੁਰਬਾਣੀ ਸੁਣਨ ਅਤੇ ਨਾਮ ਜੱਪਣ ਦੀ ਖੁਲ੍ਹ ਦਿੱਤੀ ਗਈ। ਪੰਜਾਬ ਵਿਚ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਰਹਿਤ ਮਰਯਾਦਾ ਜੋ ਖਤਮ ਹੋ ਚੁੱਕੀ ਸੀ, ਉਸਨੂੰ ਮੁੜ ਚਾਲੂ ਕਰਨ ਲਈ 1860 ਈ. ਵਿਚ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਵਿਚ ਪਿੰਡ ਮਦੀਹਰ (ਜਿਲ੍ਹਾ ਫਿਰੋਜਪੁਰ) ਦੇ ਵਾਸੀ ਭਾਈ ਰਾਇ ਸਿੰਘ ਨੂੰ ਲੰਗਰ ਦੀ ਮਰਯਾਦਾ ਲਿਆਉਣ ਲਈ ਭੇਜਿਆ। ਜਦੋਂ ਭਾਈ ਰਾਇ ਸਿੰਘ ਜੀ 1861 ਈ. ਵਿਚ ਸ੍ਰੀ ਭੈਣੀ ਸਾਹਿਬ ਆਏ ਤਾਂ ਉਸ ਸਾਲ ਗੁਰੂ ਗੋਬਿੰਦ ਸਿੰਘ ਦੁਆਰਾ ਲੰਗਰ ਦੀ ਚਲਾਈ ਪਰੰਪਰਾ ਨੂੰ ਸਤਿਗੁਰੂ ਜੀ ਨੇ ਸ਼ੁਰੂ ਕੀਤਾ ਸੀ। ਸਤਿਗੁਰੂ ਜੀ ਨੇ ਪੰਜਾਬ ਵਿਚ ਸੂਬਾ ਪ੍ਰਣਾਲੀ ਸ਼ੁਰੂ ਕੀਤੀ ਜਥੇਦਾਰ ਅਤੇ ਮਹੰਤ ਨਿਯੁਕਤ ਕੀਤੇ ਜੋ ਸਤਿਗੁਰੂ ਜੀ ਦਾ ਸੁਨੇਹਾ ਅਤੇ ਸੰਗਤ ਦੀਆਂ ਦੁਖ ਤਕਲੀਫਾਂ ਸੁਣਨ ਲਈ ਤਾਲਮੇਲ ਬਣਾਈ ਰਖਦੇ ਸਨ। ਸ੍ਰੀ ਭੈਣੀ ਸਾਹਿਬ ਵਲੋਂ ਸੂਬਾ ਪ੍ਰਣਾਲੀ ਸ਼ੁਰੂ ਕੀਤੀ ਜਿਨ੍ਹਾਂ ਦੀ ਗਿਣਤੀ 22 ਦਸੀ ਜਾਂਦੀ ਸੀ ਜੋ ਲੋੜ ਅਨੁਸਾਰ ਹੋਰ ਨਿਯੁਕਤ ਕੀਤੇ ਜਾਂਦੇ ਰਹੇ। ਨਾਮਧਾਰੀ ਪੰਥ ਦੀਆਂ ਗਤੀ ਵਿਧੀਆਂ ਦੇਖ ਕੇ

ਅੰਗਰੇਜ਼ ਸਰਕਾਰ ਚੌਕੰਨੀ ਹੋ ਗਈ ਸੀ, ਨਾਮਧਾਰੀ ਪੰਥ ਦੀ ਹਰ ਗਤੀ ਵਿਧੀ ਤੇ ਸਰਕਾਰ ਨੇ ਨਜ਼ਰ ਰੱਖਣੀ ਸ਼ੁਰੂ ਕੀਤੀ। ਪਿੰਡਾਂ ਤੇ ਕਸਬਿਆਂ ਵਿਚ ਨੰਬਰਦਾਰ, ਸਫੈਦ ਪੋਸ, ਜੈਲਦਾਰਾਂ ਨੂੰ ਸਰਕਾਰ ਨੇ ਹੁਕਮ ਕਰ ਦਿੱਤੇ ਕਿ ਉਹ ਥਾਣਿਆਂ ਅਤੇ ਸਰਕਾਰੀ ਅਦਾਰਿਆਂ ਵਿਚ ਨਾਮਧਾਰੀਆਂ ਦੀ ਰੋਜ਼ਾਨਾ ਰਿਪੋਰਟ ਦਿਆ ਕਰਨ।

ਸਤਿਗੁਰੂ ਰਾਮ ਸਿੰਘ ਜੀ ਨੇ ਸਰਕਾਰ ਦਾ ਮੁਕਾਬਲਾ ਕਰਨ ਲਈ ਅਤੇ ਸੁਤੰਤਰਤਾ ਸੰਗ੍ਰਾਮ ਨੂੰ ਪ੍ਰਚੰਡ ਕਰਨ ਲਈ ਅੰਗਰੇਜ਼ ਦੇ ਖਿਲਾਫ ਨਾ ਮਿਲਵਰਤਨ ਲਹਿਰ ਨੂੰ ਪ੍ਰਚੰਡ ਕੀਤਾ। ਜਿਥੇ ਵੀ ਅੰਗਰੇਜ਼ ਸਰਕਾਰ ਨੇ ਨਾਮਧਾਰੀ ਜਗਤ ਦਾ ਸਹਿਯੋਗ ਮੰਗਿਆ, ਉਸਨੇ ਸਰਕਾਰ ਦਾ ਬਾਈਕਾਟ ਕੀਤਾ। ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲਾ ਸਾਰਥਕ ਯਤਨ ਸੀ ਜੋ ਸਰਕਾਰ ਦੇ ਖਿਲਾਫ ਲੋਕਾਈ ਨੇ ਪ੍ਰਵਾਨ ਕੀਤਾ। ਅੰਗਰੇਜ਼ੀ ਵਿਦਿਆ ਅਤੇ ਸਕੂਲਾਂ ਦਾ ਬਾਈਕਾਟ ਕੀਤਾ। ਅੰਗਰੇਜ਼ ਦੇ ਡਾਕ ਮਹਿਕਮੇ ਦਾ ਬਾਈਕਾਟ ਕੀਤਾ ਇਸਦੇ ਉਲਟ ਨਾਮਧਾਰੀ ਪੰਥ ਨੇ ਆਪਣਾ ਡਾਕ ਪ੍ਰਬੰਧ ਸ਼ੁਰੂ ਕੀਤਾ। ਅੰਗਰੇਜ਼ ਸਰਕਾਰ ਨੇ ਇੰਗਲੈਂਡ ਤੋਂ ਬਿਦੇਸ਼ੀ ਕਪੜਾ ਲਿਆ ਕੇ ਜੋ ਕੱਚਾ ਮਾਲ ਹਿੰਦੋਸਤਾਨ ਤੋਂ ਜਾਂਦਾ ਸੀ। ਉਸਨੂੰ ਦੂਣੇ ਭਾਅ ਤੇ ਹਿੰਦੋਸਤਾਨ ਵਿਚ ਵੇਚਿਆ ਜਾਂਦਾ ਸੀ। ਇਸਦੇ ਜਵਾਬ ਵਿਚ ਨਾਮਧਾਰੀ ਪੰਥ ਨੇ ਸਵਦੇਸ਼ੀ ਨੂੰ ਅਪਨਾਇਆ ਅਤੇ ਫਿਰ ਧਰਮ ਪ੍ਰਚਾਰ ਦੇ ਦੌਰਿਆਂ ਵਿਚ ਸਤਿਗੁਰੂ ਰਾਮ ਸਿੰਘ ਜੀ ਵਲੋਂ ਸੁਤੰਤਰਤਾ ਸੰਗਰਾਮ ਦਾ ਪ੍ਰਚਾਰ ਕੀਤਾ ਜਾਣ ਲੱਗਾ।

ਨਾਮਧਾਰੀ ਪੰਥ ਨੇ ਰੂਸ, ਕਸ਼ਮੀਰ, ਨੇਪਾਲ, ਅਫਗਾਨਿਸਤਾਨ ਆਦਿਕ ਰਿਆਸਤਾਂ, ਦੇਸ਼ ਆਦਿਕ ਨਾਲ ਸੰਬੰਧ ਕਾਇਮ ਕੀਤੇ ਤਾਂ ਕਿ ਲੋੜ ਪੈਣ ਤੇ ਸੁਤੰਤਰਤਾ, ਸੰਗਰਾਮ ਵਿਚ ਜੇਕਰ ਉਹਨਾਂ ਤੋਂ ਮਦਦ ਦੀ ਲੋੜ ਹੋਵੇ ਤਾਂ ਉਹਨਾਂ ਨਾਲ ਤਾਲ ਮੇਲ ਕੀਤਾ ਜਾ ਸਕੇ। ਹੁਣ ਸਰਕਾਰ ਮੌਕੇ ਦੀ ਤਲਾਸ਼ ਵਿਚ ਸੀ ਕਿ ਜਦੋਂ ਵੀ ਮੌਕਾ ਮਿਲੇ ਨਾਮਧਾਰੀ ਲਹਿਰ ਨੂੰ ਖਤਮ ਕੀਤਾ ਜਾ ਸਕੇ। 1863 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦੌਰਿਆਂ ਤੇ ਪਾਬੰਦੀ ਲੱਗਾ ਦਿੱਤੀ ਗਈ ਜੋ 1866 ਈ. ਤੱਕ ਪਾਬੰਦੀਆਂ ਆਦਿ ਰਖੀਆਂ ਗਈਆਂ 1867 ਈ. ਦੇ ਅਨੰਦਪੁਰ ਸਾਹਿਬ ਦੇ ਹੋਲੇ ਸਮੇਂ ਬਿਨਾਂ ਕਿਸੇ ਮਨਜ਼ੂਰੀ ਦੇ ਸਤਿਗੁਰੂ ਜੀ ਸੰਗਤ ਨਾਲ ਹੋਲਾ ਪੁਰਬ ਤੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਅਤੇ ਬਿਨਾਂ ਕਿਸੇ ਲੜਾਈ ਝਗੜੇ ਦੇ ਸੰਗਤ ਨੇ ਮੱਥਾ ਟੇਕਿਆ ਸੀ। 1867 ਈ. ਵਿਚ ਪਾਬੰਦੀਆਂ ਖਤਮ ਹੋ ਗਈਆਂ, ਨਾਮਧਾਰੀ ਪੰਥ ਨੇ ਸਰਕਾਰ ਦੀਆਂ ਗਲਤ ਨੀਤੀਆਂ ਦੇ ਖਿਲਾਫ ਧੂੰਆਂਧਾਰ ਪ੍ਰਚਾਰ ਕੀਤਾ ਅਤੇ 1871 ਈ. ਤੱਕ ਅੰਗਰੇਜ਼ ਸਰਕਾਰ ਨੂੰ ਹਿਲਾ ਕੇ ਰੱਖ ਦਿਤਾ।

1871 ਈ. ਵਿਚ ਗਊ ਹੱਤਿਆ ਦਾ ਮਸਲਾ ਪੰਥ ਸਾਹਮਣੇ ਆ

ਗਿਆ। ਸਰਕਾਰ, ਨਾਮਧਾਰੀ ਪੰਥ ਨੂੰ ਧਰਮ ਦੇ ਮਸਲੇ ਤੇ ਭੜਕਾਉਣਾ ਚਾਹੁੰਦੀ ਸੀ। ਉਸਨੇ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਦੇ ਨੇੜੇ ਚੌਕ ਘੰਟਾ ਘਰ ਵਾਲੇ ਪਾਸੇ ਗਊ ਹੱਤਿਆ ਕਰਨ ਲਈ ਬੁੱਚੜਖਾਨਾ ਖੋਲ੍ਹਿਆ ਗਿਆ ਜਿਥੇ ਗਊ ਹੱਤਿਆ ਕਰਕੇ ਗਊ ਮਾਸ ਟੋਕਰਿਆਂ ਵਿਚ ਰੱਖਕੇ ਮੁਸਲਮਾਨ ਅੰਮ੍ਰਿਤਸਰ ਸ਼ਹਿਰ ਵਿਚ ਘੁੰਮ ਫਿਰਕੇ ਵੇਚਿਆ ਕਰਦੇ ਸਨ। ਸਰਕਾਰ ਦੇ ਇਸ ਕੁਕਰਮ ਕਰਨ ਨਾਲ ਹਿੰਦੂ ਸਿੱਖ ਅਤੇ ਮੁਸਲਮਾਨਾਂ ਵਿਚ ਝਗੜੇ ਹੋਣ ਦੀ ਨੌਬਤ ਆ ਗਈ। ਨਤੀਜੇ ਵਜੋਂ ਨਾਮਧਾਰੀਆਂ ਨੇ ਬੁਚੜਾਂ ਤੇ ਹਮਲਾ ਕਰ ਦਿੱਤਾ ਅਤੇ ਰਾਤ ਦੇ ਸਮੇਂ ਗਊਆਂ ਦੇ ਗਲ੍ਹਾਂ ਵਿਚੋਂ ਰਸੇ ਵੱਢ ਦਿੱਤੇ ਅਤੇ ਆਜ਼ਾਦ ਕਰ ਦਿੱਤੀਆਂ। ਇਥੇ ਹੀ ਬਸ ਨਹੀਂ 1871 ਈ. ਵਿਚ ਹੀ ਰਾਇਕੋਟ ਵਿਚ ਵੀ ਨਾਮਧਾਰੀ ਪੰਥ ਨੇ ਸਾਕਾ ਵਰਤਾ ਦਿੱਤਾ। ਅਗਲੇ ਸਾਲ 1872 ਈ. ਵਿਚ ਮਲੇਰਕੋਟਲਾ ਦਾ ਸਾਕਾ ਵਰਤ ਗਿਆ। ਇਹ ਸਾਕਾ ਇਤਨਾ ਭਿਆਨਕ ਸੀ ਇੰਗਲੈਂਡ ਤੱਕ ਸਰਕਾਰ ਦੀਆਂ ਤਾਰਾਂ ਖੜਕ ਗਈਆਂ। ਅੰਗਰੇਜ਼ ਸਰਕਾਰ ਜੋ ਹੁਣ ਤੱਕ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਨ ਦੀਆਂ ਸੋਚਾਂ ਸੋਚ ਰਹੀ ਸੀ, ਹੁਣ ਹਰਕਤ ਵਿਚ ਆ ਗਈ।

ਨਾਮਧਾਰੀਆਂ ਤੇ ਸਰਕਾਰ ਨੇ ਇਹ ਦੋਸ਼ ਲਗਾਇਆ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਕਹਿਣ ਤੇ 15 ਜਨਵਰੀ 1872 ਈ. ਨੂੰ ਮਲੇਰਕੋਟਲਾ ਦੇ ਬੁੱਚੜਾਂ ਤੇ ਹਮਲਾ ਕੀਤਾ ਸੀ ਜਦੋਂ ਕਿ ਇਹ ਤਥਹੀਣ ਸੀ। ਸਤਿਗੁਰੂ ਜੀ ਦਾ ਕੋਈ ਦੋਸ਼ ਨਹੀਂ ਸੀ। 17 ਜਨਵਰੀ 1872 ਈ. ਲੁਧਿਆਣੇ ਦੇ ਕਮਿਸ਼ਨਰ ਨੇ ਭਾਰੀ ਪੁਲਿਸ ਬਲ ਨਾਲ ਲੁਧਿਆਣੇ ਸੱਦਾ ਭੇਜਿਆ। 17 ਜਨਵਰੀ ਨੂੰ ਮਲੇਰਕੋਟਲੇ ਦੇ ਰਕੜ ਵਿਚ 49 ਨਾਮਧਾਰੀਆਂ ਨੂੰ ਤੋਪਾਂ ਦੇ ਸਾਹਮਣੇ ਉੱਡਾ ਦਿੱਤਾ ਗਿਆ ਅਤੇ ਇਕ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਅਗਲੇ ਦਿਨ ਅਦਾਲਤੀ ਕਾਰਵਾਈ ਦਾ ਨਾਟਕ ਕਰਕੇ ਸਰਕਾਰ ਨੇ ਨਾ ਵਕੀਲ ਨਾ ਹੀ ਅਪੀਲ ਅਤੇ ਅਗੇ ਨਾ ਹੀ ਕੋਈ ਦਲੀਲ ਚਲਦੀ ਸੀ। 17 ਜਨਵਰੀ ਨੂੰ ਸਤਿਗੁਰੂ ਜੀ ਭਾਈ ਨਾਨੂ ਸਿੰਘ ਅਤੇ ਸੂਬਿਆਂ ਨਾਲ ਗੱਡੇ ਤੇ ਬੈਠ ਕੇ ਲੁਧਿਆਣੇ ਪਹੁੰਚੇ। ਉਥੋਂ ਸਤਿਗੁਰੂ ਜੀ ਸੂਬਿਆਂ ਸਮੇਤ 1872 ਈ. ਦੇ ਬੰਗਾਲ ਐਕਟ ਦੀ ਧਾਰਾ 3 ਰਾਹੀਂ ਲੁਧਿਆਣੇ ਤੋਂ ਰੇਲ ਗੱਡੀ ਰਾਹੀਂ ਇਲਾਹਾਬਾਦ ਪਹੁੰਚਾਇਆ ਗਿਆ। ਇਲਾਹਾਬਾਦ ਤੋਂ ਸਤਿਗੁਰਾਂ ਨਾਲੋਂ ਸੂਬਿਆਂ ਨੂੰ ਵੱਖ-ਵੱਖ ਕਰਕੇ ਵੱਖ-ਵੱਖ ਜਗ੍ਹਾ ਭੇਜ ਦਿੱਤਾ ਗਿਆ। ਸਤਿਗੁਰੂ ਰਾਮ ਸਿੰਘ ਜੀ ਨੂੰ ਇਲਾਹਾਬਾਦ ਤੋਂ ਕਲਕਤੇ ਅਤੇ ਫਿਰ ਉਥੋਂ ਰੰਗੂਨ ਭੇਜਿਆ ਗਿਆ ਜਿਥੇ ਕਦੇ ਬਾਦਸ਼ਾਹ ਬਹਾਦਰ ਸ਼ਾਹ ਕੈਦ ਕੀਤਾ ਗਿਆ ਸੀ। ਸਿੰਘਾਂ ਨੇ ਹੌਸਲਾ ਨਹੀਂ ਹਾਰਿਆ। ਜ਼ਮੀਨਾਂ ਗਹਿਣੇ ਪਾ ਕੇ, ਭੇਸ ਵਟਾ ਕੇ, ਰੇਲ ਗੱਡੀ ਰਾਂਹੀ ਅਤੇ ਸਮੁੰਦਰੀ ਜਹਾਜ ਰਾਂਹੀ ਸਤਿਗੁਰੂ ਜੀ ਦੇ ਦਰਸ਼ਨ ਕਰਨ

ਜਾਂਦੇ, ਆਪਣੀ ਸੁਖ ਸਾਂਦ ਸਤਿਗੁਰਾਂ ਨੂੰ ਦਸਦੇ ਰਹੇ ਅਤੇ ਸਤਿਗੁਰੂ ਜੀ ਦੇ ਹੁਕਮਨਾਮੇ ਲਿਆਂਉਂਦੇ ਰਹੇ ਸਨ। 96 ਨਾਮਧਾਰੀ ਸਿੰਘ ਸਿੰਘਣੀਆਂ ਰੰਗੂਨ ਜਾ ਕੇ ਸਤਿਗੁਰਾਂ ਦੇ ਦਰਸ਼ਨ ਕਰਕੇ ਆਉਂਦੇ ਰਹੇ ਅਤੇ ਹੁਕਮਨਾਮੇ ਲਿਆਉਂਦੇ ਰਹੇ ਸਨ।

ਸਰਕਾਰ ਨੇ ਤੰਗ ਆ ਕੇ 1880 ਈ. ਵਿਚ ਰੰਗੂਨ ਤੋਂ ਮਰਗੋਈ ਸਤਿਗੁਰੂ ਜੀ ਨੂੰ ਭੇਜਿਆ ਗਿਆ। ਉਸ ਥਾਂ ਦਾ ਪਤਾ ਵੀ ਸਿੰਘਾਂ ਨੇ ਕੱਢ ਲਿਆ ਸੀ ਅਤੇ ਸਿੰਘ ਉਥੇ ਵੀ ਪਹੁੰਚਦੇ ਰਹੇ। ਅਖੀਰ ਤੰਗ ਆ ਕੇ ਸਰਕਾਰ ਨੇ ਸਤਿਗੁਰੂ ਜੀ ਦੇ ਅਕਾਲ ਚਲਾਣੇ ਦੀ ਝੂਠੀ ਖਬਰ ਫੈਲਾ ਦਿੱਤੀ ਪ੍ਰੰਤੂ ਬਾਬਾ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ ਜੀ) ਦੇ ਕਹਿਣ ਤੇ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਦੀ ਮਾਲਾ, ਪਊਏ, ਬਸਤਰ, ਗੜਵਾ ਅਤੇ ਗੁਟਕਾ ਆਦਿ ਦੇ ਨਾ ਸਕੀ। ਨਾਮਧਾਰੀ ਪੰਥ ਦਾ ਵਿਚਾਰ, ਸਗੋਂ ਵਿਸ਼ਵਾਸ ਪੱਕਾ ਹੋ ਗਿਆ ਕਿ ਸਤਿਗੁਰੂ ਮੁੜ ਉਸੇ ਦੇਹ ਵਿਚ ਵਾਪਸ ਆਉਣਗੇ ਅਤੇ ਸਤਿਜੁਗ ਦਾ ਪਹਿਰਾ ਲੱਗਾ ਦੇਣਗੇ।

ਸੰਤ ਹਰਨਾਮ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਸਨ। ਉਹਨਾਂ ਨੇ ਸਤਿਗੁਰੂ ਜੀ ਦੇ ਨੇੜੇ ਰਹਿ ਕੇ ਕਿੰਨਾ ਕੁ ਸਮਾਂ ਗੁਜ਼ਾਰਿਆ ਇਸ ਬਾਰੇ ਕੋਈ ਨਾ ਮਾਤਰ ਹੀ ਪਤਾ ਲੱਗਦਾ ਹੈ। ਕਿਸੇ ਨਾਮਧਾਰੀ ਵਿਦਵਾਨਾਂ ਦਾ ਏਧਰ ਧਿਆਨ ਨਹੀਂ ਗਿਆ। ਉਹ ਵੀ ਪਹਿਲੇ ਹੀ ਮਹਾਂਪੁਰਸ਼ ਸਨ ਜੋ ਬਾਬਾ ਨਾਮਦੇਵ ਜੀ ਦੇ ਨਾਦੀ ਬੰਸ ਪਰਿਵਾਰ ਵਿਚੋਂ ਨਾਮਧਾਰੀ ਸੰਤ ਸਜੇ ਸਨ। ਹੋਰ ਕੋਈ ਵੀ ਬਾਬਾ ਲੱਧਾ ਜੀ ਦੇ ਭਗਤ ਨਾਮਦੇਵ ਜੀ ਦੀ ਸੰਪ੍ਰਦਾਇ ਦੇ ਨਾਲ ਸੰਬੰਧਤ ਹੋਵੇ ਕਿਸੇ ਹੋਰ ਦਾ ਜ਼ਿਕਰ ਨਹੀਂ ਆਇਆ।

ਬਾਬਾ ਹਰਨਾਮ ਸਿੰਘ ਜੀ, ਨਾਮਧਾਰੀ ਸਿੰਘ ਸੱਜਣ ਤੋਂ ਪਹਿਲਾਂ ਮਾਝੇ ਤੇ ਦੁਆਬੇ ਦੇ ਇਲਾਕੇ ਵਿਚ ਵਿਚਰਦੇ ਰਹੇ ਸਨ ਅਤੇ ਮਹਾਂਪੁਰਸ਼ਾਂ ਦੇ ਵੰਸ਼ ਪਰਿਵਾਰ ਨਾਲ ਸੰਬੰਧਤ ਹੋਣ ਕਾਰਨ ਪੂਰਨ ਬ੍ਰਹਮ ਗਿਆਨੀ ਵਾਲਾ ਜੀਵਨ ਬਸਰ ਕਰ ਰਹੇ ਸਨ। ਉਹਨਾਂ ਦੀ ਕਾਦੀਆਂ ਤੋਂ ਲੈ ਕੇ ਸ੍ਰੀ ਹਰਿਗੋਬਿੰਦ ਪੁਰ ਅਤੇ ਫਿਰ ਤਲਵਾੜੇ ਦੇ ਇਲਾਕੇ ਫਿਰ ਗੜ੍ਹਦੀਵਾਲਾ ਤੇ ਕੰਢੀ ਦੇ ਇਲਾਕੇ ਆਦਿਕ ਵਿਚ ਉਹਨਾਂ ਦੀ ਸੰਤਾਂ ਵਜੋਂ ਇਜ਼ਤ ਬਣੀ ਹੋਈ ਸੀ। ਉਹ ਲਗਭਗ ਬਾਰਾਂ ਸਾਲ ਸਹੌੜੇ ਦੀ ਪਹਾੜੀ ਤੇ ਤਪ ਕਰਦੇ ਰਹੇ ਅਤੇ ਰਿਧੀ ਸਿਧੀ ਪ੍ਰਾਪਤ ਕੀਤੀ ਸੀ। ਫਿਰ ਉਥੋਂ ਬਿੰਦਰਾਂ ਬਨ ਵੱਲ ਗਏ ਅਤੇ ਲਗਭਗ ਬਾਰਾਂ ਸਾਲ ਉਥੇ ਰਹੇ। ਭਗਵਾਨ ਕ੍ਰਿਸ਼ਨ ਜੀ ਵਾਂਗ ਉਹਨਾਂ ਦੇ ਸਰੀਰ ਦਾ ਰੰਗ ਕਾਲਾ ਸੀ ਅਤੇ ਬਸੰਤੀ ਬਸਤਰ ਪਹਿਨ ਕੇ ਬਿੰਦਰਾਂਬਨ ਵਿਚ ਕ੍ਰਿਸ਼ਨ ਲੀਲਾ ਦੀ ਰਾਸ ਲੀਲਾ ਕਰਦੇ ਹੋਏ ਭਗਵਾਨ ਕ੍ਰਿਸ਼ਨ ਜੀ ਦਾ ਰੂਪ ਹੀ ਹੋ ਜਾਇਆ ਕਰਦੇ ਸਨ। ਉਥੇ ਉਹ ਧਾਰਮਿਕ ਤੇ ਸਾਹਿਤਕ ਗ੍ਰੰਥ ਵੀ ਪੜ੍ਹਦੇ

ਰਹੇ ਅਤੇ ਨਾਮ ਸਿਮਰਨ ਵੀ ਕਰਦੇ ਰਹੇ।

ਉਸ ਸਮੇਂ ਦੌਰਾਨ ਉਹ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਵੀ ਜਾਣ ਚੁੱਕੇ ਸਨ। ਉਂਝ ਵੀ ਉਹ ਪੂਰਬਲੇ ਜਨਮ ਦੇ ਪੂਰਬਲੇ ਸੰਜੋਗੀ ਸਨ। ਉਹਨਾਂ ਦਾ ਸਤਿਗੁਰੂ ਜੀ ਨਾਲ ਕਾਦੀਆਂ ਕਸਬੇ ਵਿਚ ਮੇਲ ਹੋਇਆ ਸੀ। ਸਤਿਗੁਰੂ ਜੀ ਨੇ ਉਹਨਾਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਬਖਸ਼ਕੇ ਸੰਤ ਬਾਣੇ ਵਿਚ ਲਿਆ ਕੇ ਬਸੰਤੀ ਬਸਤਰਾਂ ਵਿਚ ਨਿਹੰਗ ਸਿੰਘ ਸਜਾ ਦਿੱਤਾ ਸੀ। ਇਸ ਬਾਰੇ ਮੈਂ ਵੇਰਵੇ ਸਹਿਤ ਹੋਰ ਅਧਿਆਇ ਵਿਚ ਲਿਖ ਚੁੱਕਾ ਹਾਂ।

# ਬਾਬਾ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਮਿਲਾਪ

ਬਾਬਾ ਹਰਨਾਮ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਨੂੰ ਕਿਹੜੇ ਸਾਲ ਮਿਲੇ ਅਤੇ ਉਹਨਾਂ ਦਾ ਮਿਲਾਪ ਸ੍ਰੀ ਭੈਣੀ ਸਾਹਿਬ ਹੋਇਆ ਸੀ, ਇਸ ਬਾਰੇ ਨਾਮਧਾਰੀ ਇਤਿਹਾਸ ਚੁੱਪ ਹੈ? ਨਾਮਧਾਰੀ ਇਤਿਹਾਸ ਦਾ ਅਨਮੋਲ ਗ੍ਰੰਥ ਸਤਿਗੁਰੂ ਬਿਲਾਸ ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ ਜਿਸ ਵਿਚ ਉਹਨਾਂ ਨੇ ਇਤਿਹਾਸ ਦੀ ਬਹੁਤ ਨਿੱਠ ਕੇ ਵਿਚਾਰ ਕੀਤੀ ਹੈ ਪ੍ਰੰਤੂ ਬਾਬਾ ਹਰਨਾਮ ਸਿੰਘ ਜੀ ਬਾਰੇ ਉਹਨਾਂ ਨੇ ਕੁਝ ਵੀ ਨਹੀਂ ਲਿਖਿਆ। ਸੋ ਉਹਨਾਂ ਬਾਰੇ ਕਿਸੇ ਸਮਕਾਲੀ ਕਲਮ ਨੇ ਕੁਝ ਵੀ ਨਹੀਂ ਲਿਖਿਆ ਇਤਿਹਾਸਕ ਗ੍ਰੰਥ ਚੁੱਪ ਹਨ।

## ਸੰਤ ਇੰਦਰ ਸਿੰਘ ਚਕਰਵਰਤੀ ਦੀ ਕਲਮ

ਪਹਿਲੀ ਵਾਰ ਸਤਿਜੁਗ ਸਪਤਾਹਿਕ ਅਖਬਾਰ ਦਾ ਬਸੰਤ ਅੰਕ ਜੋ 10 ਮਾਘ 1992 ਬਿ: (1936 ਈ.) ਛਪਿਆ ਸੀ ਜੋ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ ਵਿਚ ਪਹਿਲੀ ਵਾਰ ਸੰਤਾਂ ਬਾਰੇ ਚਕਰਵਰਤੀ ਜੀ ਨੇ 'ਗੋਬਿੰਦ ਦਾਸ ਤੋਂ ਸੰਤ ਹਰਨਾਮ ਸਿੰਘ' ਸਿਰਲੇਖ ਹੇਠ ਲੇਖ ਲਿਖਿਆ ਸੀ। ਇਹੋ ਲੇਖ ਸਤਿਜੁਗ ਅਖਬਾਰ ਦੇ 'ਸੰਤ ਅੰਕ ਭਾਗ ਪਹਿਲਾ' ਵਿਚ ਦੁਬਾਰਾ ਛਪਿਆ ਸੀ। ਇਸ ਲੇਖ ਵਿਚ ਉਹਨਾਂ ਨੇ ਇਤਿਹਾਸਕ ਮੈਟਰ ਘੱਟ, ਸਗੋਂ ਭਾਈ ਵੀਰ ਸਿੰਘ ਦੀ ਕਲਮ ਵਾਂਗ ਸਾਹਿਤਕ ਮੈਟਰ ਵਿਚ ਕਾਵਿ ਉਡਾਰੀਆਂ ਜਿਆਦਾ ਮਾਰੀਆਂ ਹਨ। ਭਾਵੇਂ ਉਹ ਸੰਤ ਹਰਨਾਮ ਸਿੰਘ ਜੀ ਦੇ ਸੇਵਕਾਂ ਨੂੰ ਮਿਲੇ ਸਨ ਪ੍ਰੰਤੂ ਸੰਤਾਂ ਦੀ ਸਤਿਗੁਰੂ ਰਾਮ ਸਿੰਘ ਜੀ ਦੀ ਇਤਿਹਾਸਿਕ ਮਿਲਣੀ ਕਦੋਂ ਹੋਈ? ਇਸ ਬਾਰੇ ਕੁਝ ਵੀ ਨਹੀਂ ਲਿਖਿਆ।

ਪੰਜਾਬ ਤੋਂ ਸੰਤ ਜੀ ਬਸੰਤੀ ਰੰਗ ਦੇ ਕਪੜੇ ਪਹਿਨੇ ਹੋਏ ਬਿੰਦਰਾਬਨ ਵਲ ਨਿਕਲ ਗਏ ਅਤੇ ਜਮਨਾ ਦਰਿਆ ਦੇ ਕੰਢੇ ਕ੍ਰਿਸ਼ਨ ਲੀਲਾ ਕਰਦੇ ਸਨ, ਕਾਫੀ ਸਮਾਂ ਗੁਜਾਰ ਦਿੱਤਾ ਪ੍ਰੰਤੂ ਮਨ ਰਬੀ ਰੰਗ ਵਿਚ ਅਟਕਦਾ ਨਹੀਂ ਸੀ। ਹੋਲੀ ਹੋਲੀ ਗੁਰੂ ਗੋਬਿੰਦ ਸਿੰਘ ਜੀ ਦਾ ਸਰੂਪ ਸੁਪਨੇ ਵਿਚ ਆਉਣ ਲੱਗਾ, ਫਿਰ ਜਿਸ ਦੇ ਪ੍ਰਤੱਖ ਦਰਸ਼ਨ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿਚ ਹੋਏ ਅਤੇ ਨਾਲ ਹੀ ਉਹਨਾਂ ਨੇ ਕਿਹਾ, ਤੁਸੀਂ ਸ੍ਰੀ ਭੈਣੀ ਸਾਹਿਬ ਆ ਕੇ ਦਰਸ਼ਨ ਕਰੋ।

ਸੰਤ ਗੋਬਿੰਦ ਦਾਸ ਜੀ ਅਤਿਅੰਤ ਪ੍ਰਸੰਨ ਹੋਏ ਅਤੇ ਮੰਜਲਾਂ ਤਹਿ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਪਹੁੰਚੇ। ਅਗੋਂ ਸਤਿਗੁਰੂ ਰਾਮ ਸਿੰਘ ਜੀ ਨੇ ਚੋਬਦਾਰ ਭਗਵਾਨ ਸਿੰਘ ਜੀ ਨੂੰ ਸੰਤਾਂ ਬਾਰੇ ਸਮਝਾ ਦਿੱਤਾ ਸੀ ਕਿ ਦਰਸ਼ਨਾਰਥੀ ਸੰਤ ਗੋਬਿੰਦ ਦਾਸ ਜੀ ਆ ਰਹੇ ਹਨ, ਉਸ ਨੂੰ ਸਿੱਧਾ ਸਾਡੇ

ਦਰਸ਼ਨ ਕਰਨ ਨਹੀਂ ਆਉਣ ਦੇਣਾ, ਉਹਨਾਂ ਦਾ ਡੇਰਾ ਕਰਵਾਉਣਾ। ਐਸਾ ਹੀ ਚੋਬਦਾਰ ਨੇ ਕੀਤਾ ਅਤੇ ਸੰਤਾਂ ਨੂੰ ਦੋ ਦਿਨ ਰੱਖਿਆ ਫਿਰ ਸਤਿਗੁਰਾਂ ਨੇ ਇਕ ਸੂਬਾ ਅਤੇ ਫਿਰ ਰਾਗੀ ਨੂੰ ਕਰਮਵਾਰ ਸੰਤਾਂ ਕੋਲ ਭੇਜਿਆ। ਸਤਿਗੁਰੂ ਜੀ ਨੇ ਚੋਬਦਾਰ ਨੂੰ ਕਿਹਾ ਕਿ ਸੰਤਾਂ ਦਾ ਇਸ਼ਨਾਨ ਕਰਵਾ ਕੇ ਕੇਸਾਂ ਦਾ ਜੂੜਾ ਸਿਰ ਦੇ ਵਿਚਕਾਰ ਕਰਵਾ ਕੇ ਬਸੰਤੀ ਬਾਣੇ ਵਿਚ ਨਿਹੰਗ ਸਿੰਘ ਦੇ ਰੂਪ ਵਿਚ ਸਾਡੇ ਸਾਹਮਣੇ ਲਿਆਵੋ। ਐਸਾ ਹੀ ਹੋਇਆ, ਸਤਿਗੁਰਾਂ ਦੇ ਦਰਸ਼ਨ ਕਰਕੇ ਸੰਤ ਨਿਹਾਲ ਹੋ ਗਏ, ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ ਅਤੇ ਸਤਿਗੁਰਾਂ ਦੇ ਹੁਕਮ ਨਾਲ ਤਹਿਸੀਲ ਦਸੂਆ ਵਿਚ ਧਰਮ ਪ੍ਰਚਾਰ ਕਰਨ ਲੱਗੇ। ਇਹ ਚਕਰਵਰਤੀ ਜੀ ਦੁਆਰਾ ਸੰਤਾਂ ਬਾਰੇ ਲਿਖੇ ਲੇਖ ਦਾ ਸੰਖੇਪ ਵਰਣਨ ਹੈ।

**ਬਾਬਾ ਜੀ ਦਾ ਡੇਰਾ ਭੱਟੀਆ**

ਡੇਰਾ ਭਟੀਆ, ਤਹਿਸੀਲ ਦਸੂਹਾ (ਜ਼ਿਲ੍ਹਾ ਹੁਸਿਆਰਪੁਰ) ਵਿਖੇ ਪਿੰਡ ਭੱਟੀਆਂ ਦੇ ਪੱਛਮ ਵਲ ਅਤੇ ਪਿੰਡ ਖੁਣ ਖੁਣ ਕਲਾਂ ਦੇ ਚੜ੍ਹਦੇ ਪਾਸੇ ਐਲੀਮੈਂਟਰੀ ਗੌਰਮਿੰਟ ਸਕੂਲ ਦੇ ਨੇੜੇ ਸਥਿਤ ਹੈ ਜਿਸਨੂੰ ਬਾਂਗਰ ਵਾਲਾ ਸਕੂਲ ਵੀ ਆਖਿਆ ਜਾਂਦਾ ਹੈ। ਕਦੇ ਸਮਾਂ ਸੀ, ਇਥੋਂ ਧਰਤੀ ਤੇ ਬਰਸਾਤਾਂ ਸਮੇਂ ਹੜ੍ਹ ਵਗਿਆ ਕਰਦਾ ਸੀ ਅਤੇ ਉਹ ਚੋਅ ਦਾ ਪਾਣੀ ਪਿੰਡ ਖੁਣ ਖੁਣ ਕਲਾਂ ਅਤੇ ਟਿਲ੍ਹਵਾਲ ਨੂੰ ਦੋਫਾੜ ਕਰਦਾ ਸੀ ਹੁਣ ਵਹਾਅ ਖਤਮ ਹੋ ਗਿਆ ਹੈ ਪ੍ਰੰਤੂ ਉਸ ਵਹਾਅ ਦੇ ਚਿੰਨ ਅਜੇ ਕਾਇਮ ਹਨ। ਬਾਬਾ ਹਰਨਾਮ ਸਿੰਘ ਜੀ ਦੇ ਡੇਰੇ ਦੇ ਚੜ੍ਹਦੇ ਅਤੇ ਲਹਿੰਦੇ ਪਾਸੇ ਚੋਅ ਵਿਚ ਮੌਜੂਦ ਰੇਤ ਹੁਣ ਵੀ ਮੌਜੂਦ ਹੈ।

ਪਾਠਿਕ ਹੈਰਾਨ ਹੋਣਗੇ, ਪਿੰਡ ਭਟੀਆਂ ਬਾਰੇ ਕਿਉਂ ਲਿਖਣਾ ਸ਼ੁਰੂ ਕਰ ਦਿੱਤਾ ਹੈ। ਅਸਲ ਵਿਚ ਇਹ ਡੇਰੇ ਨਾਲ ਬਾਬਾ ਜੀ ਦਾ ਬਹੁਤ ਪ੍ਰੇਮ ਸੀ ਅਤੇ ਜਦੋਂ ਉਹਨਾਂ ਦੀ ਮੌਤ ਹੋਈ ਸੰਤਾਂ ਉਹਨਾਂ ਦੀ ਦੇਹ ਡੇਰਾ ਭਟੀਆਂ ਵੱਲ ਲਿਜਾਣ ਨੂੰ ਕਿਹਾ ਸੀ ਜੋ ਸੰਗਤ ਪਿੰਡ ਝੱਜ ਤੋਂ ਬਾਬਾ ਜੀ ਦੇ ਹੁਕਮ ਦੀ ਅਦੂਲੀ ਕਰਕੇ ਡੇਰਾ ਗੜ੍ਹਦੀਵਾਲਾ ਲੈ ਗਈ ਸੀ। ਬਾਬਾ ਜੀ ਨੇ ਕਿਹਾ ਸੀ, ਤੁਸੀਂ ਗਲਤ ਕੀਤਾ ਹੈ, ਹੁਣ ਦੇਹ ਦਾ ਸੰਸਕਾਰ ਗੜ੍ਹਦੀਵਾਲਾ ਕਰ ਲੈਣਾ ਪ੍ਰੰਤੂ ਸਾਡਾ ਪਹਿਰਾ ਜਿਆਦਾ ਭੱਟੀਆਂ ਵਿਖੇ ਹੋਵੇਗਾ। ਉਹਨਾਂ ਦੇ ਫੂਲ ਚੁਗ ਕੇ ਪਿੰਡ ਦੇ ਡੇਰੇ ਦੇ ਨਿਸ਼ਾਨ ਸਾਹਿਬ ਵਿਚ ਰਖੇ ਗਏ ਜੋ ਹੁਣ ਵੀ ਮੌਜੂਦ ਹਨ। ਡੇਰੇ ਵਿਚ ਬਾਬਾ ਹਰਨਾਮ ਸਿੰਘ ਜੀ ਦਾ ਪਲੰਘ ਵੀ ਮੌਜੂਦ ਹੈ ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਉਹ ਲੰਮਾਂ ਸਮਾਂ ਇਸ ਡੇਰੇ ਵਿਚ ਰੈਣ ਬਸੇਰਾ ਕਰਦੇ ਰਹੇ, ਉਹਨਾਂ ਦੇ ਸੀਸ ਉਪਰ ਧਾਰਨ ਕਰਨ ਵਾਲਾ ਚੱਕਰ ਅਤੇ ਹੋਰ ਉਹਨਾਂ ਦੀਆਂ ਇਤਿਹਾਸਕ ਵਸਤਾਂ ਏਥੇ ਹੁਣ ਪਲੰਘ ਉਪਰ ਸਜਾਈ ਰਖੀਆਂ ਹਨ ਜੋ ਪਿਛਲੇ ਸਾਲ ਵਰਤਮਾਨ ਪ੍ਰਬੰਧਕਾਂ ਨੇ ਚੁਕਵਾ ਦਿੱਤਾ ਹੈ ਅਤੇ ਬਾਬਾ ਜੀ ਨਾਲ ਸੰਬੰਧਤ

ਸਾਮਾਨ ਵੀ ਉਠਾ ਦਿੱਤਾ ਹੈ ਉਹਨਾਂ ਦੀ ਮਾਲਾ ਸਿਮਰਨਾ ਵੀ ਕੋਈ ਲੈ ਗਿਆ ਹੈ। ਕੁਝ ਸਾਲ ਪਹਿਲਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨਾਲ ਸੰਬੰਧਤ ਗੁਰਦੁਆਰਾ ਗਰਨਾ ਸਾਹਿਬ ਸਾਡੇ ਇਲਾਕੇ ਵਿਚ ਗੁਰਦੁਆਰਿਆਂ ਨਾਲ ਸੰਬੰਧਤ ਗੁਰਦੁਆਰਿਆਂ ਦੇ ਮਸਲੇ ਦੇਖਦਾ ਹੈ। ਉਸ ਨੂੰ ਖਬਰ ਮਿਲੀ ਕਿ ਭਟੀਆਂ ਪਿੰਡ ਵਿਚ ਨਾਮਧਾਰੀ ਪੰਥ ਨਾਲ ਸੰਬੰਧਤ ਡੇਰਾ ਹੈ ਜੋ ਨਾਮਧਾਰੀ ਮਰਯਾਦਾ ਦਾ ਪ੍ਰਚਾਰ ਕਰਦਾ ਹੈ। ਗੁਰਦੁਆਰਾ ਗਰਨਾ ਸਾਹਿਬ ਤੋਂ ਇਕ ਵਾਰ ਪ੍ਰੀਤਮ ਸਿੰਘ ਅਕਾਲੀ ਹੰਕਾਰ ਦਾ ਭਰਿਆ ਡੇਰਾ ਭਟੀਆ ਵਿਖੇ ਆਇਆ ਸੀ ਅਤੇ ਬਾਬਾ ਜੀ ਦੇ ਪਲੰਘ ਤੇ ਬੈਠ ਗਿਆ। ਪਤਾ ਹੀ ਉਦੋਂ ਲੱਗਾ ਜਦੋਂ ਬਾਬਾ ਜੀ ਦੀ ਮੇਹਰ ਸਦਕਾ ਪਲੰਘ ਪੁੱਠਾ ਪੈ ਗਿਆ ਅਤੇ ਪ੍ਰੀਤਮ ਸਿੰਘ ਪਲੰਘ ਤੋਂ ਡਿਗ ਕੇ ਲੰਮਾ ਪੈ ਗਿਆ ਸੀ। ਬਾਬਾ ਜੀ ਦੀ ਜ਼ਾਹਰਾ ਕਰਾਮਾਤ ਦੇਖ ਕੇ ਉਹ ਬਹੁਤ ਹੈਰਾਨ ਪ੍ਰੇਸ਼ਾਨ ਹੋਇਆ ਸੀ।

ਉਪਰੋਕਤ ਇਲਾਕਾ ਸਖੋਵਾਲ ਵਾਲੇ ਮਹਾਂਪੁਰਸ਼ਾਂ ਦੀ ਕੀਰਤੀ ਅਤੇ ਧਰਮ ਪ੍ਰਚਾਰ ਨਾਲ ਓਤ ਪੋਤ ਹੋਇਆ ਪਿਆ ਸੀ। ਬਾਬਾ ਗੋਬਿੰਦ ਰਾਮ ਜੀ ਵੀ 12 ਸਾਲ ਤਲਵਾੜੇ ਦੇ ਰਾਹ ਵਿਚ ਪੈਂਦੀ ਸਹੌੜੇ ਦੀ ਪਹਾੜੀ ਤੇ ਬਾਬਾ ਨੰਦ ਲਾਲ ਜੀ ਸਹੌੜੇ ਵਾਲੇ ਅਤੇ ਬਾਬ ਜਵਾਹਰ ਦਾਸ ਜੀ ਸੂਸਾਂ ਵਾਲਿਆਂ ਨਾਲ ਤਪਸਿਆ ਕੀਤੀ ਸੀ। ਬਾਰਾਂ ਸਾਲ ਬਾਅਦ ਤਿੰਨੇ ਮਹਾਂਪੁਰਸ਼ ਭਗਤੀ ਵਿਚ ਪੂਰਨ ਹੋ ਕੇ ਪਹਾੜੀ ਤੋਂ ਉਤਰਨ ਲੱਗੇ ਤਾਂ ਬਾਬਾ ਨੰਦ ਲਾਲ ਜੀ ਕਹਿਣ ਲੱਗੇ ਕਿ ਗੋਬਿੰਦ ਰਾਮ ਜੀ ਪਿਆਸ ਲੱਗੀ ਹੈ, ਸਾਨੂੰ ਪਾਣੀ ਪਿਆਓ। ਅਗੋਂ ਗੋਬਿੰਦ ਰਾਮ ਜੀ ਆਪਣੇ ਹੱਥ ਵਿਚ ਲੋਹੇ ਦਾ ਤੀਰ ਰੱਖਿਆ ਕਰਦੇ ਸਨ, ਜੋਰ ਨਾਲ ਜ਼ਮੀਨ ਤੇ ਮਾਰਿਆ ਤਾਂ ਪਾਣੀ ਦੀ ਜਲ ਧਾਰਾ ਫੁੱਟ ਨਿਕਲੀ। ਬਾਬਾ ਜੀ ਨੇ ਨੰਦ ਲਾਲ ਨੂੰ ਕਿਹਾ ਕਿ ਜਿਨਾਂ ਮਰਜ਼ੀ ਪਾਣੀ ਪੀਓ। ਅਗੋਂ ਬਾਬਾ ਨੰਦ ਲਾਲ ਜੀ ਨੇ ਕਿਹਾ ਕਿ ਬਸ, ਬਸ ਮੈਨੂੰ ਪਿਆਸ ਨਹੀਂ ਸੀ, ਮੈਂ ਤਾਂ ਤੁਹਾਡੀ ਪ੍ਰੀਖਿਆ ਲਈ ਹੈ, ਤੁਸੀਂ ਬਾਰਾਂ ਸਾਲ ਸਹੌੜੇ ਦੀ ਪਹਾੜੀ ਤੇ ਰਹੇ ਹੋ ਕਿਤੇ ਆਤਮਿਕ ਤਾਕਤ ਤੋਂ ਖਾਲੀ ਤਾਂ ਨਹੀਂ, ਮੈਂ ਦੇਖ ਲਿਆ ਹੈ ਤੁਸੀਂ ਸੰਤ ਮਹਾਂਪੁਰਸ਼ ਬਣ ਗਏ ਹੋ। ਤੁਸੀਂ ਜਿਧਰ ਵੀ ਜਾਵੋਗੇ, ਤੁਹਾਡੀ ਜੈ ਜੈਕਾਰ ਹੋਵੇਗੀ। ਇਹ ਸਾਰਾ ਬ੍ਰਿਤਾਂਤ ਮੈਨੂੰ ਪਿੰਡ ਖੁਣ-ਖੁਣ ਕਲਾਂ ਵਿਚ ਵਸਦੇ ਬ੍ਰਹਮ ਗਿਆਨੀ ਭਗਤ ਅਰਜਨ ਦਾਸ ਜੀ ਨੇ ਦਸ ਸਾਲ ਪਹਿਲਾਂ ਦੱਸਿਆ ਸੀ ਜੋ ਹੁਣ ਸਵਰਗਵਾਸ ਹੋ ਚੁੱਕੇ ਹਨ। ਤਲਵਾੜੇ ਵਲੋਂ ਬਾਬਾ ਗੋਬਿੰਦ ਰਾਮ ਜੀ ਮੁੜ ਪਿੰਡ ਖੁਣ ਖੁਣ ਕਲਾਂ, ਪਿੰਡ ਭਟੀਆਂ ਦੇ ਇਲਾਕੇ ਵਿਚ ਆ ਗਏ। ਪਿੰਡ ਖੁਣ ਖੁਣ ਕਲਾਂ ਵਿਚ ਬਾਬਾ ਸੰਤ ਰਾਮ ਜੀ ਦੀ ਵੀ ਜਗ੍ਹਾ ਹੈ ਜੋ ਬਾਬਾ ਗੋਬਿੰਦ ਰਾਮ ਜੀ ਦੀ ਭਤੀਜੇ ਸਨ। ਪਿੰਡ ਭੱਟੀਆਂ ਤੋਂ ਬਾਬਾ ਗੋਬਿੰਦ ਰਾਮ ਜੀ, ਭਗਤ ਅਰਜਨ ਦਾਸ ਜੀ ਦੇ ਦੱਸਣ ਅਨੁਸਾਰ ਜਿਲ੍ਹਾ ਲੁਧਿਆਣਾ ਵੱਲ ਚਲੇ ਗਏ ਅਤੇ ਸ੍ਰੀ ਭੈਣੀ ਸਾਹਿਬ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ

ਕਰਨ ਚਲੇ ਗਏ। ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਨਿਹੰਗ ਸਿੰਘ ਸੱਜ ਗਏ ਅਤੇ ਬਸੰਤੀ ਬਸਤਰ ਸਜਾ ਲਏ।

## ਸੁਵਰਨ ਸਿੰਘ ਵਿਰਕ ਜੀ ਦੇ ਵਿਚਾਰ-

ਨਾਮਧਾਰੀ ਪੰਥ ਦੇ ਪ੍ਰਸਿੱਧ ਲੇਖਕ ਨੇ 2017 ਈ. ਵਿਚ ਵਰਿਆਮ ਰਿਸਾਲੇ ਵਿਚ ਪ੍ਰਕਾਸ਼ਤ ਕੀਤੇ ਮਹੀਨਾਵਾਰ ਲੇਖਾਂ ਨੂੰ ਇਕਤਰ ਕਰਕੇ 'ਕੂਕਾ ਲਹਿਰ ਦੇ ਅਮਰ ਨਾਇਕ' ਪੁਸਤਕ ਪ੍ਰਕਾਸ਼ਤ ਕੀਤੀ ਸੀ ਜਿਸਦੇ ਇਕਵੰਜਾ ਨੰ. ਲੇਖ 'ਸੰਤ ਬਾਬਾ ਹਰਨਾਮ ਸਿੰਘ ਗੜ੍ਹਦੀਵਾਲਾ' ਸਫਾ 685 ਤੋਂ 699 ਤੱਕ ਪ੍ਰਕਾਸ਼ਤ ਹੋਇਆ ਹੈ। ਉਹਨਾਂ ਦੇ ਲੇਖ ਵਿਚੋਂ ਇਸ ਲੇਖ ਲਈ ਧੰਨਵਾਦ ਸਹਿਤ ਉਹਨਾਂ ਦਾ ਮੈਟਰ ਕੌਮਿਆਂ ਹੇਠ ਦੇ ਰਿਹਾ ਹਾਂ-

"ਰਿਧੀ ਸਿੱਧੀ ਹਾਸਲ ਹੋ ਗਈ ਹੈ ਪਰ ਅਜੇ ਮਨ ਦੀ ਭਟਕਣ ਨਹੀਂ ਮੁੱਕ ਰਹੀ। ਹੁਣ ਉਮਰ ਵੀ 34-35 ਸਾਲ ਦੀ ਹੋ ਗਈ ਹੈ। ਇਹ ਉਹ ਸਮਾਂ ਹੈ, ਜਦੋਂ ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਸੰਤ ਖਾਲਸੇ ਦੀ ਸੋਅ, ਨਾ ਸਿਰਫ ਪੰਜਾਬ ਭਰ ਵਿਚ ਸਗੋਂ ਦੇਸ਼ ਦੇ ਹੋਰਨਾਂ ਇਲਾਕਿਆਂ ਤੋਂ ਇਲਾਵਾ ਦੇਸ਼ਾਤਰਾਂ ਤੱਕ ਫੈਲ ਚੁੱਕੀ ਹੈ। ਲੋਕ ਤੇਜੀ ਨਾਲ ਆਪ ਜੀ ਦੀ ਨਿਕਨਾਤੀਸੀ ਸ਼ਖ਼ਸੀਅਤ ਅਤੇ ਵਿਸ਼ਵ ਕਲਿਆਣਕਾਰੀ ਉਪਦੇਸ਼ਾਂ ਵੱਲ ਖਿੱਚੇ ਤੁਰੇ ਆਉਂਦੇ ਹਨ। ਯੋਗ ਅਭਿਆਸ ਅਤੇ ਸੂਰਜ ਸਾਧਨਾਂ ਨਾਲ ਸੰਤ ਜੀ ਨੂੰ ਇਹੋ ਜਿਹਾ ਸੂਖਮ ਹੰਕਾਰ ਵੀ ਹੋ ਗਿਆ ਹੈ, ਅਭਿਮਾਨ ਨੇ ਡੇਰੇ ਆ ਲਾਏ ਹਨ।

ਸੰਤ ਜੀ ਦੇ ਅੰਦਰ ਇਹ ਫੁਰਨਾ ਪੈਦਾ ਹੋ ਗਿਆ ਜਿਸ ਨਵੇਂ ਪੰਥ ਸੰਤ ਖਾਲਸਾ, ਨਾਮਧਾਰੀ ਜਾਂ ਕੂਕਾ ਸਿੰਘਾਂ ਦੇ ਪੰਜਾਬ ਵਿਚ ਪ੍ਰਗਟ ਹੋਣ ਦੇ ਸਮਾਚਾਰ ਆਏ ਦਿਨ ਮਿਲਦੇ ਹਨ ਜੋ ਉਹਨਾਂ ਦੇ ਗੁਰੂ ਵਲ ਮੈਂ ਨੇਤਰ ਭਰ ਕੇ ਵੇਖ ਲਿਆ ਤਾਂ ਉਹ ਪੁੱਟਿਆ ਜਾਵੇਗਾ ਤੇ ਉਹਦੀ ਲੱਖਾਂ ਦੀ ਸਿੱਖੀ ਆਪਣੀ ਹੋ ਜਾਵੇਗੀ। ਇਸ ਲਈ ਹੁਣ ਇਹ ਨਵਾਂ ਕਉਤਕ ਕਰਨ ਲਈ ਪੰਜਾਬ ਵੱਲ ਚਲਿਆ ਜਾਵੇ। ਸੰਤ ਇੰਦਰ ਸਿੰਘ ਜੀ ਚਕਰਵਰਤੀ ਜੀ ਦੇ ਲਿਖਣ ਮੁਤਾਬਿਕ, ਗੋਬਿੰਦ ਦਾਸ ਨੂੰ ਅੰਮ੍ਰਿਤ ਦੀ ਦਾਤ, ਸ੍ਰੀ ਸਤਿਗੁਰੂ ਜੀ ਤੋਂ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਾਪਤ ਹੋਈ। ਪ੍ਰੰਤੂ ਲੇਖਕ ਦੇ ਪਿਤਾ ਜੀ ਸੰਨ 1925 ਤੋਂ 1927 ਈ. ਦੇ ਸਮੇਂ ਵਿਚ ਗੜ੍ਹਦੀਵਾਲੇ ਬੇਅੰਤ ਜੀ ਨਾਲ ਰਹੇ ਸਨ ਅਤੇ ਉਦੋਂ ਸੰਤ ਹਰਨਾਮ ਸਿੰਘ ਹੋਰਾਂ ਨੂੰ ਗੁਜ਼ਰਿਆਂ ਵੀ ਮਸਾਂ ਡੇਢ ਦਹਾੜਾ ਹੀ ਹੋਇਆ ਸੀ। ਸੋ ਕੁਝ ਪ੍ਰੰਪਰਾਗਤ ਸਰੋਤਾਂ ਤੋਂ ਮਿਲਣ ਵਾਲੀ ਜਾਣਕਾਰੀ ਤੇ ਵੱਧ ਭਰੋਸਾ ਕੀਤਾ ਜਾ ਸਕਦਾ ਹੈ। ਉਹਨਾਂ ਦੇ ਦੱਸਣ ਮੁਤਾਬਿਕ ਸਤਿਗੁਰੂ ਜੀ ਦਮਦਮਾ

ਸਾਹਿਬ ਵਿਖੇ, ਵੈਸਾਖੀ ਦੇ ਮੇਲੇ ਦਰਸ਼ਨ ਦੇ ਰਹੇ ਸਨ। ਸੰਭਵ ਹੈ ਕਿ ਇਹ ਵੈਸਾਖੀ 1871 ਈ. ਵਾਲੀ ਹੀ ਹੋਵੇ ਕਿਉਂ ਜੇ ਉਹ ਇਸ ਤੋਂ ਪਹਿਲਾਂ ਕਿਸੇ ਵੈਸਾਖੀ ਤੇ ਆਏ ਹੁੰਦੇ ਤਾਂ ਬਾਹੋਵਾਲ ਜੀ ਦੀ ਰਚਨਾ ਵਿਚ ਉਹਨਾਂ ਦਾ ਜ਼ਿਕਰ ਆਉਂਦਾ। ਇਸ ਲਈ ਨਵੇਂ-ਨਵੇਂ ਨਾਮਧਾਰੀ ਬਣੇ ਸਨ ਤੇ ਬਾਅਦ ਵਿਚ ਸ਼ਹੀਦੀ ਸਾਕੇ ਅਤੇ ਪ੍ਰਦੇਸ਼ ਗਵਨ ਸਾਕੇ ਵਾਪਰ ਗਏ। ਸੋ ਆਪਣੇ ਡੇਰੇ ਜਾ ਟਿਕਣ ਕਾਰਨ ਅਤੇ ਭੈਣੀ ਸਾਹਿਬ ਪੁੱਜਣ ਵਿਚ ਦਿਕਤਾਂ ਹੋਣ ਕਾਰਨ, ਉਹ ਬਾਹੋਵਾਲ ਜੀ ਦੀ ਕਲਮ ਦੀ ਪਕੜ ਵਿਚ ਆਉਣੋਂ ਰਹਿ ਗਏ ਅਤੇ ਲਮੇਂ ਸਮੇਂ ਤੋਂ ਸੰਗਤ ਵਿਚ ਵਿਚਰਨ ਵਾਲੇ (ਸਫਾ 691) ਸਿੱਖਾਂ ਜਿਉਂ ਹੁਕਮਨਾਮਿਆਂ ਵਿਚ ਵੀ ਜ਼ਿਕਰ ਨਾ ਹੋਣਾ ਇਹੋ ਦੱਸਦਾ ਹੈ ਪ੍ਰਦੇਸ਼ ਗਵਨ ਤੋਂ ਮਸਾਂ 8-9 ਮਹੀਨੇ ਪਹਿਲਾਂ ਮਲੂਮ ਹੁੰਦਾ ਹੈ।

ਸੰਤ ਗੋਬਿੰਦ ਦਾਸ ਜੀ ਨੇ ਉਹ ਰਸਤਾ ਲਭ ਲਿਆ ਜਿਸ ਤੇ ਵੈਸਾਖੀ ਦੇ ਮੇਲੇ ਦੀ ਸਮਾਪਤੀ ਬਾਦ ਆਪਣਾ ਦੌਰਾ ਕਰਦਿਆਂ, ਸਤਿਗੁਰੂ ਜੀ ਨੇ ਗੁਜ਼ਰਨਾ ਸੀ। ਇਸ ਰਾਹ ਦੇ ਇਕ ਕਿਨਾਰੇ ਤੇ ਉਹ ਆਪਣਾ ਆਸਣ ਲਾ ਕੇ ਬੈਠ ਗਿਆ, ਇਸ ਆਸ ਨਾਲ ਕਿ ਉਸ ਦੀ ਤਰਾਟਕ ਸਿੱਧੀ ਸਦਕਾ, ਕੂਕਿਆਂ ਦਾ ਗੁਰੂ ਉਸਦੀਆਂ ਸੂਰਜੀ ਅੱਖਾਂ ਦੀ ਤਾਬ ਨਾ ਝਲਦਾ ਹੋਇਆ, ਸਾਧ ਦਾ ਦੀਵਾਨਾ ਬਣ ਜਾਏਗਾ ਅਤੇ ਇਉਂ ਸੰਤਾਂ ਦੀ ਬੱਲੇ-ਬੱਲੇ ਹੋ ਜਾਏਗੀ। ਜਦੋਂ ਮਿਥਿਆ ਵਕਤ ਆਇਆ, ਚੀਨੀ ਘੋੜੀ ਤੇ ਅਸਵਾਰ ਸਤਿਗੁਰੂ ਰਾਮ ਸਿੰਘ ਜੀ, ਸੂਬਿਆਂ, ਮਸਤਾਨੇ ਸਿੰਘਾਂ ਚਾਲ ਨਾਲ, ਜਦੋਂ ਉਹਨਾਂ ਵੱਲ ਨਿਹਾਰਿਆ 'ਚਾਰੇ ਨੈਣ ਗਡਾਵਡ ਹੋਏ, ਵਿਚ ਵਿਚੋਲਾ ਕੇਹਾ' ਦੇ ਮੁਤਾਬਿਕ ਆਪ ਨੂੰ ਮੋਹਣ ਆਏ ਸੰਤ ਜੀ, ਮੋਹਨ ਦੀ ਮੋਹਨੀ ਮੂਰਤ ਦੇਖ ਕੇ ਖੁਦ ਮੋਹੇ ਗਏ। ਆਸਣ ਛੱਡ ਕੇ ਚੀਨੀ ਘੋੜੀ ਦੇ ਮਗਰੇ ਹੀ ਭੱਜ ਤੁਰੇ ਅਤੇ ਖੁਦ ਦੀਵਾਨੇ ਹੋ ਗਏ। ਸਤਿਗੁਰੂ ਜੀ ਨੇ ਕਿਸੇ ਪੜਾਅ 'ਤੇ ਜਦੋਂ ਰੁੱਕੇ, ਉਦੋਂ ਨਾਮ ਦਾਨ ਦਿੱਤਾ। ਅੰਮ੍ਰਿਤ ਦੀ ਦਾਤ ਸ੍ਰੀ ਭੈਣੀ ਸਾਹਿਬ ਵਿਖੇ ਬਖਸ਼ੀ ਹੋ ਸਕਦੀ ਹੈ ਤੇ ਉਪਰ ਵਰਣਿਤ ਦੁਮਾਲਾ ਆਦਿ ਦਾਸ ਤੋਂ ਹਰਨਾਮ ਸਿੰਘ ਕਰ ਦਿੱਤਾ ਕਿਉਂਕਿ ਉਹਨਾਂ ਨੇ ਆਪ ਨੂੰ ਹਰੀ ਨਾਮ ਦੀ ਅਰਾਧਨਾ ਦੁਆਰਾ ਪੂਰਨ ਸੰਤ ਬਨਾਉਣਾ ਸੀ...।"

## ਵਿਚਾਰ ਤੇ ਪੜਤਾਲ

ਵਿਰਕ ਸਾਹਿਬ ਜੋ ਉਚਕੋਟੀ ਦੇ ਵਿਦਵਾਨ, ਸੁਘੜ ਬੁਲਾਰੇ ਹਨ ਉਹਨਾਂ ਨੇ ਸੰਤ ਬਾਬਾ ਹਰਨਾਮ ਸਿੰਘ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਇਤਿਹਾਸਕ ਮੇਲ ਬਾਰੇ ਲਿਖਿਆ ਹੈ ਜੋ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਇਆ ਦੱਸਿਆ ਹੈ ਇਤਿਹਾਸਕ ਸਬੂਤ ਦੀ ਅਣਹੋਂਦ ਕਾਰਨ ਮੰਨਿਆ ਨਹੀਂ ਜਾ ਸਕਦਾ। ਇਤਿਹਾਸ ਸਬੂਤ ਮੰਗਦਾ ਹੈ, ਸਿਰਫ ਕਲਪਤਿ ਉਡਾਰੀਆਂ

ਨਾਲ ਕੀਤੀ ਰਚਨਾ ਨੂੰ ਇਤਿਹਾਸ ਮੰਨਿਆ ਨਹੀਂ ਜਾ ਸਕਦਾ।

ਇਸ ਬਾਰੇ ਵਿਰਕ ਸਾਹਿਬ ਨੇ ਆਪਣੇ ਸਤਿਕਾਰ ਯੋਗ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ ਸਨ 'ਅੱਖੀਂ ਡਿੱਠਾ ਕਿੱਸਾ ਕੀਤਾ' ਜੋ ਦੂਜੀ ਵਾਰ 2018 ਈ. ਵਿਚ ਛਪੀ ਸੀ ਅਤੇ ਇਸ ਤੋਂ ਬਿਨਾਂ 8 ਫਰਵਰੀ 1981 ਈ. ਨੂੰ ਸਥਾਨ ਕਰੀਵਾਲਾ ਵਿਖੇ ਤਿਆਰ ਕੀਤੀ ਵੀ.ਡੀ.ਓ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਬਾਬਾ ਜੀ ਵਲੋਂ ਤਖਤ ਦਮਦਮਾ ਸਾਹਿਬ ਵਿਖੇ ਮੇਲ ਲਈ ਸਬੂਤ ਵਜੋਂ ਵਰਤਿਆ ਹੈ ਜਦੋਂ ਕਿ ਇਹ ਸਬੂਤ ਵਜੋਂ ਵਰਤਣਾ ਅਤੇ ਜਥੇਦਾਰ ਸਾਹਿਬ ਦੇ ਇਤਿਹਾਸਕ ਪ੍ਰਮਾਣ ਦੇਣਾ ਬਿਲਕੁਲ ਗਲਤ ਹੈ ਕਿਉਂਕਿ ਇਸ ਮੇਲ ਦਾ ਇਹਨਾਂ ਵਿੱਚ ਕੋਈ ਜ਼ਿਕਰ ਨਹੀਂ ਹੈ।

ਫਿਰ ਸਤਿਗੁਰੂ ਜੀ ਦੇ ਤਲਵੰਡੀ ਸਾਬੋ ਦਮਦਮਾ ਸਾਹਿਬ ਵਿਖੇ ਰਾਹ ਵਿਚ ਸੰਤਾਂ ਨੇ ਬੈਠ ਜਾਣਾ ਅਤੇ ਤਾਂਤਰਿਕ ਜੋਗੀ ਵਾਂਗ ਵਰਤਾਵ ਕਰਨਾ ਬਿਲਕੁਲ ਗਲਤ ਹੈ। ਸੰਤ ਜੀ ਤਾਂ ਆਪਣੀ ਭਗਤੀ ਸਾਧਨਾ ਬਾਰੇ ਤਾਂ ਬਾਬਾ ਨੰਦ ਲਾਲ ਜੀ ਸਹੌੜੇ ਵਾਲਿਆਂ ਨੂੰ ਪ੍ਰਿਖਿਆ ਪਹਿਲਾਂ ਹੀ ਸਬੂਤ ਦੇ ਚੁਕਾ ਸੀ ਜਿਸ ਬਾਰੇ ਮੈਂ ਪਹਿਲਾਂ ਹੀ ਲਿਖ ਚੁੱਕਾ ਹਾਂ ਪਾਠਕ ਹੁਣ ਤੱਕ ਬਹੁਤ ਕੁਝ ਪੜ੍ਹ ਚੁੱਕੇ ਹਨ, ਇਸ ਨਾਟਕ ਚੇਟਕ ਜਿਹੇ ਅਡੰਬਰ  ਐਸੇ ਮਹਾਰਾਜ ਸੰਤ ਜੀ ਬਾਰੇ ਲਿਖਣੇ ਕੀ ਤਾਂ ਸੋਚਣੇ ਵੀ ਗਲਤ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਦਸਮ ਗ੍ਰੰਥ ਜੀ ਦੇ ਅਧਿਆਇ ਪੰਚਮ, ਪੰਨਾ 48-49 ਤੇ ਇਸ ਪ੍ਰਕਾਰ ਲਿਖਿਆ ਹੈ-

ਨਾਟਕ ਚੇਟਕ ਕੀਏ ਕੁਕਾਜਾ। ਪ੍ਰਭੁ ਲੋਗਨ ਕਹ ਆਵਤ ਲਾਜਾ॥

**ਜੱਸ ਜੀਵਨ- ਭਾਗ 6 ਦੀ ਵਾਰਤਾ-**

ਨਾਮਧਾਰੀ ਇਤਿਹਾਸ ਬਾਰੇ ਮੁੱਢਲੀ ਜਾਣਕਾਰੀ ਦੇਣ ਵਾਲਾ ਗ੍ਰੰਥ ਸਤਿਗੁਰੂ ਬਿਲਾਸ ਕ੍ਰਿਤ ਸੰਤ ਸੰਤੋਖ ਸਿੰਘ ਬਾਹੋਵਾਲ ਜਿਸ ਵਿਚ ਬਾਬਾ ਹਰਨਾਮ ਸਿੰਘ ਜੀ ਬਾਰੇ ਕੁਝ ਵੀ ਜਾਣਕਾਰੀ ਨਹੀਂ ਮਿਲਦੀ। ਉਹਨਾਂ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸੰਪੂਰਨ ਨਾਮਧਾਰੀ ਇਤਿਹਾਸ ਬਾਰੇ ਸੰਤ ਤਰਨ ਸਿੰਘ ਵਹਿਮੀ ਜੀ ਨੇ ਕਲਮ ਚਲਾਈ ਹੈ। ਸਾਰਾ ਨਾਮਧਾਰੀ ਇਤਿਹਾਸ ਛੇ ਹਿਸਿਆਂ ਵਿਚ ਸਮੇਂ-ਸਮੇਂ ਪ੍ਰਕਾਸ਼ਤ ਹੋਇਆ। ਪਹਿਲੇ ਤਿੰਨ ਹਿਸੇ ਸੰਤਾਂ ਨੇ ਆਪਣੇ ਜੀਓਂਦੇ ਜੀਅ ਪ੍ਰਕਾਸ਼ਤ ਕੀਤੇ ਬਾਕੀ ਹਿੱਸੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਦਰਬਾਰ ਵਲੋਂ ਛਾਪਣ ਦੀ ਕਿਰਪਾ ਕੀਤੀ ਸੀ। ਇਸ ਪ੍ਰਕਾਰ ਸੰਤ ਤਰਨ ਸਿੰਘ ਵਹਿਮੀ ਜੀ ਦੀ ਲਿਖਤ ਪਾਠਕਾਂ ਦੇ ਹੱਥਾਂ ਵਿਚ ਦੇ ਕੇ ਸਦਾ ਲਈ ਇਤਿਹਾਸ ਨੂੰ ਅਮਰ ਕਰ ਦਿੱਤਾ ਹੈ।

ਜਸ ਜੀਵਨ ਭਾਗ 6 ਵਿਚ ਭਲੀ ਭਾਂਤ ਲਿਖਿਆ ਹੈ ਕਿ ਬਾਬਾ ਹਰਨਾਮ ਸਿੰਘ ਜੀ ਨੇ ਕਸਬਾ ਕਾਦੀਆਂ ਵਿਖੇ ਸਤਿਗੁਰੂ ਰਾਮ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਵਹਿਮੀ ਜੀ ਖੁਦ ਲਿਖਦੇ ਹਨ, ਉਹਨਾਂ ਨੇ ਆਪ ਜਾ ਕੇ ਕਾਦੀਆਂ ਵਿਚ ਜਾ ਕੇ ਜਾਣਕਾਰੀ ਹਾਸਲ ਕੀਤੀ ਹੈ। ਉਹ ਪੰਨਾ 303-304 ਤੇ ਇਸ ਪ੍ਰਕਾਰ ਲਿਖਦੇ ਹਨ-

"ਬਚਨ ਪੂਰੇ ਹੋਏ

ਮੈਂ ਆਪ ਕਾਦੀਆਂ ਜਾ ਦੇਖਿਆ ਹੈ ਮਿਰਜਾ ਗੁਲਾਬ ਅਹਿਮਦ ਜੀ ਪ੍ਰਗਟ ਪ੍ਰਸਿੱਧ ਪ੍ਰਵਾਨ ਹੋਣ ਸਮੇਂ ਨਿਹੰਗ ਸਿੰਘ ਹਰਨਾਮ ਸਿੰਘ ਜੀ ਹਰਗੋਬਿੰਦ ਪੁਰ ਵਾਲੇ ਜਿਥੇ ਲੰਗਰ ਵਾਲੀ ਜਗ੍ਹਾ ਸੀ ਬੈਠੇ ਤਪ ਕਰ ਰਹੇ ਸੀ ਉਥੇ ਗੁਰਦੁਆਰਾ ਬਣਿਆ ਹੈ ਤੇ ਨੇੜੇ ਹੀ ਚੌਹ ਦਰਵਾਜਿਆਂ ਵਾਲੀ ਮਸੀਤ ਭੀ ਬਣੀ ਹੋਈ ਹੈ। ਬਾਦ ਹਰਨਾਮ ਸਿੰਘ ਜੀ ਗੜ੍ਹਦੀਵਾਲੇ ਜ਼ਿਲ੍ਹਾ ਹੁਸਿਆਰਪੁਰ ਚਲੇ ਗਏ ਸੀ। ਕਾਦੀਆਂ ਦੇ ਲੋਕ ਦੱਸਦੇ ਹਨ ਮਿਰਜ਼ਾ ਸਾਹਿਬ ਬ੍ਰਾਹਮਣਾਂ ਨੂੰ ਉਹਨਾਂ ਦੇ ਘਰਾਂ ਦੀ ਕੀਮਤ ਦੇ ਦਿੱਤੀ ਸੀ ਤੇ ਬ੍ਰਹਾਮਣ ਦੂਜੇ ਪਾਸੇ ਜਾ ਵੱਸੇ ਸਨ। ਮਿਰਜ਼ਾ ਸਾਹਿਬ ਗ੍ਰੰਥ ਸਾਹਿਬ ਭੀ ਆਪਣੇ ਸਮੇਂ ਮੇਲੀਆਂ ਤੇ ਮੁਰੀਦਾਂ ਤੋਂ ਪੜ੍ਹਾਂਦੇ ਰਹੇ ਹਨ। ਮੈਂ ਕੁਝ ਪੁਸਤਕਾਂ ਭੀ ਅਹਿਮਦੀਆਂ ਦੀਆਂ ਖਰੀਦ ਪੜ੍ਹੀਆਂ ਹਨ ਤੇ ਮਿਰਜਾ ਸਾਹਿਬ ਦੇ ਮੁਰੀਦਾਂ ਨੂੰ ਮਿਲਿਆ ਭੀ ਹਾਂ, ਠੀਕ ਅਹਿਮਦੀ ਮੁਸਲਮਾਨ ਤਅੱਸਬੀ, ਤਰਕੀ ਨਹੀਂ ਹੁੰਦੇ ਸਗੋਂ ਖੁਲਕੀ ਤੇ ਈਮਾਨਦਾਰ ਤੇ ਸਹੀ ਖੋਜ ਵਾਲੇ ਹੁੰਦੇ ਹਨ। ਗਿਆਨੀ ਅਬਾਦ ਉਲਾ ਜੋ ਪਾਕਿਸਤਾਨ ਜ਼ਿਲ੍ਹੇ ਝੰਗ ਵਿਚ ਰੱਬ ਵਾਹ ਤੋਂ ਰੋਜ਼ਾਨਾ ਅਲਵਜ਼ਲ ਅਖਬਾਰ ਛਪਦੀ ਹੈ ਦਾ ਮੈਨੇਜਰ ਹੈ ਉਹ ਤੇ ਗੁਰਬਾਣੀ ਤੋਂ ਸਿੱਖ ਇਤਿਹਾਸ ਦਾ ਬਹੁਤ ਹੀ ਜਾਣੂ ਹੈ।"

ਇਸਦੀ ਪੁਸ਼ਟੀ 'ਸਤਿਜੁਗ' **ਸਪਤਾਹਿਕ ਅਖਬਾਰ ਦਾ ਅੰਕ** 1972 ਈ. **'ਸਤਿਗੁਰੂ ਰਾਮ ਸਿੰਘ ਪ੍ਰਦੇਸ਼ ਗਵਨ ਸ਼ਤਾਬਦੀ ਅੰਕ'** ਵਿਚੋਂ ਵੀ ਹੋ ਜਾਂਦੀ ਹੈ। ਬੀਬੀ ਕੁਲਦੀਪ ਕੌਰ ਕਾਦੀਆਂ ਦਾ ਲੇਖ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਕਾਦੀਆਂ ਵਿਖੇ ਮੇਲਾ' ਛਪਿਆ ਸੀ। ਸਤਿਗੁਰੂ ਜੀ ਦੇ ਪ੍ਰਦੇਸ਼ ਗਵਨ ਤੋਂ ਚਾਰ ਸਾਲ ਪਹਿਲਾਂ ਸੰਮਤ 1925 (1868 ਈ.) ਦੇ ਲਗਭਗ ਸਤਿਗੁਰੂ ਰਾਮ ਸਿੰਘ ਜੀ ਕਾਦੀਆਂ ਵਿਖੇ ਆਏ ਸੀ ਸਫਾ 36 ਅਤੇ 37 ਅਨੁਸਾਰ ਕਾਦੀਆਂ ਕਸਬੇ ਦੇ ਬਟਾਲਾ ਦਰਵਾਜੇ ਅੱਗੇ ਜੋ ਗੁਰਦੁਆਰਾ ਗੋਬਿੰਦ ਗੜ੍ਹ ਹੈ ਦੀ ਨੀਂਹ ਸਤਿਗੁਰੂ ਰਾਮ ਸਿੰਘ ਜੀ ਨੇ ਰੱਖੀ ਸੀ। ਇਸ ਗੁਰਦੁਆਰਾ ਦਾ ਨਾਮ ਬਾਬਾ ਗੋਬਿੰਦ ਰਾਮ ਜੀ ਦੇ ਨਾਮ ਤੇ ਪ੍ਰਸਿੱਧ ਹੋਇਆ ਸੀ। ਬਾਬਾ ਗੋਬਿੰਦ ਰਾਮ ਜੀ ਦੇ ਨਾਮ ਬਾਬਾ ਹਰਨਾਮ ਸਿੰਘ, ਸਤਿਗੁਰੂ ਰਾਮ ਸਿੰਘ ਜੀ ਨੇ ਰੱਖਿਆ ਸੀ। ਪਹਿਲਾਂ ਇਥੇ ਸੰਤ ਮੋਹਨ ਸਿੰਘ ਨਿਰਮਲੇ ਸੰਤਾਂ

ਦਾ ਕੱਚਾ ਡੇਰਾ ਹੁੰਦਾ ਸੀ ਦੋ ਕੱਚੇ ਕਮਰੇ ਸਨ, ਇਕ ਕਮਰੇ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਅਤੇ ਦੂਜੇ ਕਮਰੇ ਵਿਚ ਰਹਾਇਸ਼ ਕੀਤੀ ਜਾਂਦੀ ਸੀ। ਜਿਥੇ ਅੱਜ ਕੱਲ੍ਹ ਕਾਦੀਆਨੀ ਮੁਸਲਮਾਨਾਂ ਦੀ ਜਲਸਾਗਾਹ ਹੈ ਉਥੇ ਉਸ ਸਮੇਂ ਬਹੁਤ ਵੱਡੀ ਬੋਹੜ ਸੀ, ਉਥੇ ਸਤਿਗੁਰੂ ਜੀ ਨੇ ਦੀਵਾਨ ਲਗਾਏ ਸਨ। ਸਤਿਗੁਰੂ ਜੀ ਦਾ ਲੰਗਰ ਗੁਲਾਬ ਸਿੰਘ ਬੇਦੀ ਦੇ ਘਰ ਹੁੰਦਾ ਰਿਹਾ।

ਲੰਗਰ ਹਾਲ ਵਾਲੀ ਜਗ੍ਹਾ ਸਥਾਨ ਤੇ ਬਾਬਾ ਹਰਨਾਮ ਸਿੰਘ ਜੀ ਕਾਫੀ ਸਮਾਂ ਰਹਿ ਕੇ ਤਪ ਕਰਦੇ ਰਹੇ। ਇਥੋਂ ਹੀ ਫਿਰ ਆਪ ਜੀ ਗੜ੍ਹਦੀਵਾਲਾ ਗਏ ਸਨ। ਸੋ ਉਪਰੋਕਤ ਸਾਰੀ ਚਰਚਾ ਦਾ ਇਹੋ ਸਿੱਟਾ ਨਿਕਲਦਾ ਹੈ ਕਿ ਨਾਂਹ ਤਾਂ ਬਾਬਾ ਹਰਨਾਮ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ, ਸਤਿਗੁਰੂ ਰਾਮ ਸਿੰਘ ਜੀ ਤੋਂ ਤਲਵੰਡੀ ਸਾਬੋ ਜਾ ਕੇ ਪ੍ਰਾਪਤ ਕੀਤੀ ਸੀ ਅਤੇ ਨਾਂਹ ਹੀ ਉਹਨਾਂ ਨੇ ਸ੍ਰੀ ਭੈਣੀ ਸਾਹਿਬ ਪ੍ਰਾਪਤ ਕੀਤੀ ਸੀ। ਉਹਨਾਂ ਨੇ ਲੱਗਭਗ 1868 ਈ. ਵਿਚ ਸਤਿਗੁਰੂ ਰਾਮ ਸਿੰਘ ਤੋਂ ਕਾਦੀਆਂ ਵਿਖੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ ਅਤੇ ਗੁਰਦੁਆਰਾ ਗੋਬਿੰਦ ਗੜ੍ਹ ਵਿਖੇ ਉਹਨਾਂ ਨੇ ਤਪ ਕੀਤਾ ਸੀ, ਉਥੋਂ ਫਿਰ ਡੇਰਾ ਭਟੀਆ ਅਤੇ ਗੜ੍ਹਦੀਵਾਲਾ ਚਲੇ ਗਏ ਸਨ।

# ਬਾਬਾ ਜੀ ਦੇ ਉਪਕਾਰ

ਸੰਤ ਆਪ ਤਾਂ ਨਾਮ ਜਪਦੇ ਹਨ ਅਤੇ ਬਾਣੀ ਪੜ੍ਹਦੇ ਹਨ ਪ੍ਰੰਤੂ ਉਹ ਆਪਣੇ ਸੇਵਕਾਂ ਨੂੰ ਵੀ ਐਸੀ ਕਿਰਪਾ ਕਰਦੇ ਹਨ। ਅਕਾਲ ਪੁਰਖ ਨੂੰ ਤਾਂ ਨਿਰਗੁਣ ਸਰੂਪ ਮੰਨਿਆ ਜਾਂਦਾ ਹੈ। ਜਦੋਂ ਇਨਸਾਨ ਤੇ ਬਿਪਤਾ ਪੈਂਦੀ ਹੈ ਸਭ ਰਿਸ਼ਤੇਦਾਰ ਛੱਡ ਜਾਂਦੇ ਹਨ ਤਾਂ ਉਸ ਸਮੇਂ ਸੰਤ ਹੀ ਸਹਾਈ ਹੁੰਦੇ ਹਨ। ਉਹ ਆਪਣੇ ਬਚਨਾਂ ਨਾਲ ਸਿੱਖ ਦੀ ਬਿਪਤਾ ਕੱਟ ਦੇਦੇ ਹਨ, ਐਸੀ ਬਾਬਾ ਜੀ ਦੀ ਬਿਪਤਾਂ ਕਟਣ ਵਾਲੀ ਅਮਰ ਕਹਾਣੀ ਹੈ, ਗਾਥਾ ਹੈ। ਜੇ ਕਿਧਰੇ ਕਿਸੇ ਸਿਖ ਦੀਆਂ ਗਰਮੀਆਂ ਸਮੇਂ ਅੱਖਾਂ ਦੁਖਣੀਆਂ ਤਾਂ ਬਾਬਾ ਜੀ ਨੂੰ ਬੇਨਤੀ ਕਰਨੀ, ਬਾਬਾ ਜੀ ਨੇ ਖੂਹੀ ਵਿਚੋਂ ਡੋਲ ਨਾਲ ਜਲ ਕਢਵਾ ਅਤੇ ਅੱਖਾਂ ਧੋਣ ਨੂੰ ਕਹਿਣਾ ਤਾਂ ਅੱਖਾਂ ਧੋਣ ਨਾਲ ਦੁਖਣੋਂ ਹੱਟ ਜਾਣੀਆਂ। ਜੇ ਬੁਖਾਰ ਹੋ ਜਾਣਾ ਤੇ ਨਾਂਹ ਹਟਣਾ ਤਾਂ ਬਾਬਾ ਜੀ ਨੂੰ ਬੇਨਤੀ ਉਹਨਾਂ ਨੇ ਡੇਰਾ ਭੱਟੀਆਂ ਦੀ ਖੂਹੀ ਤੋਂ ਜਲ ਕੱਢ ਕੇ ਚਾਰ ਡੋਲ ਸਿਰ ਵਿਚ ਪਉਣੇ ਤਾਂ ਬੁਖਾਰ ਹੱਟ ਜਾਂਦਾ ਸੀ। ਬਰਸਾਤਾਂ ਦੇ ਸਮੇਂ ਲੋਕਾਂ ਦੇ ਕਹਿਣ ਤੇ ਪਿੰਡਾਂ ਨੂੰ ਹੜ੍ਹਾਂ ਦੀ ਤਬਾਹੀ ਤੋਂ ਬਚਾਉਂਦੇ ਸੀ। ਉਹਨਾਂ ਦੇ ਅਨੇਕ ਪਰਉਪਕਾਰ ਦੀਆਂ ਗਾਥਾਵਾਂ ਲੋਕਾਈ ਵਿਚ ਪ੍ਰਚਲਤ ਹਨ ਅਨੇਕ ਜਿੰਨੀਆਂ ਕੁ ਪ੍ਰਾਪਤ ਹੋਈਆਂ ਹਨ, ਉਹ ਮੈਂ ਇਥੇ ਲਿਖ ਰਿਹਾ ਹਾਂ।

## 1. ਪਲੇਗ ਦੀ ਬੀਮਾਰੀ ਦੀ ਰੋਕ ਥਾਮ–

ਭਾਈ ਮੋਹਨ ਸਿੰਘ ਵੈਦ (ਤਰਨ ਤਾਰਨ) ਦੀ ਪੁਸਤਕ 'ਮਹਾਂਮਾਰੀ ਦਮਨ ਅਰਥਾਤ ਪਲੇਗ ਦਾ ਪੂਰਾ ਬ੍ਰਿਤਾਂਤ' ਦੇ ਪੰਨਾ 33 ਅਨੁਸਾਰ ਇਹ ਭਿਆਨਕ ਮਹਾਂਮਾਰੀ ਵਾਰ-ਵਾਰ ਉਠਦੀ ਤੇ ਖ਼ਤਮ ਹੁੰਦੀ ਰਹੀ ਤਾਂ 1894 ਈ. ਵਿਚ ਹਾਂਗ ਕਾਂਗ ਵਿਚ ਹੋਈ, ਉਥੋਂ ਇਹ ਫੈਲਦੀ ਹੋਈ ਪੰਜਾਬ ਵਿਚ ਇਸ ਬੀਮਾਰੀ ਨੇ 1899 ਈ. ਵਿਚ ਦਸਤਕ ਦਿੱਤੀ ਸੀ।

ਜਿਸ ਕਸਬੇ, ਸ਼ਹਿਰ ਜਾਂ ਪਿੰਡ ਵਿਚ ਇਹ ਬੀਮਾਰੀ ਚਮਕਦੀ ਸੀ ਤਾਂ ਦਿਨਾਂ ਵਿਚ ਹੀ ਕਸਬੇ, ਪਿੰਡ ਜਾਂ ਸ਼ਹਿਰ ਖਾਲੀ ਹੋ ਜਾਂਦੇ ਸਨ। ਲਾਸ਼ਾਂ ਦੇ ਢੇਰ ਲਗ ਜਾਂਦੇ ਸਨ। ਆਖਿਆ ਜਾਂਦਾ ਹੈ ਕਿ ਇਹ ਮਹਾਂਮਾਰੀ ਪਿੰਡ ਭੱਟੀਆਂ ਵਿਚ ਵੀ ਪਿੰਡ ਦੇ ਵਿਚਕਾਰ ਦੋ ਫਲਾਹ ਦੇ ਦਰਖਤਾਂ ਕੋਲ ਜਾਗੀ ਸੀ। ਪਿੰਡ ਵਿਚ ਲੋਕ ਬੀਮਾਰ ਹੋ ਕੇ ਮਰਨ ਲੱਗੇ, ਜਿਉਂ ਜਿਉਂ ਲੋਕ ਮਰਦੇ ਸਨ ਤਿਉਂ ਤਿਉਂ ਇਹ ਬੀਮਾਰੀ ਪੈਰ ਪਸਾਰ ਰਹੀ ਸੀ, ਲੋਕਾਂ ਨੂੰ ਇਸਦਾ ਕੋਈ ਹੱਲ ਨਹੀਂ ਸੀ ਲਭ ਰਿਹਾ।

ਮਰਦਾ ਕੀ ਨਾ ਕਰਦਾ, ਸਾਰੇ ਪਿੰਡ ਭੱਟੀਆਂ ਦੇ ਵਸਨੀਕ ਪਿੰਡ ਸੰਤ

ਹਰਨਾਮ ਸਿੰਘ ਜੀ ਕੋਲ ਗਏ ਅਤੇ ਬੇਨਤੀ ਕੀਤੀ ਕਿ ਆਪ ਜੀ ਕੁਝ ਕਰੋ।[1] ਬਾਬਾ ਜੀ ਪਿੰਡ ਵਾਸੀਆਂ ਦੀ ਬੇਨਤੀ ਮੰਨ ਕੇ ਪਿੰਡ ਭੱਟੀਆਂ ਵਿਖੇ ਆਏ ਅਤੇ ਇਕ ਪਿੱਪਲ ਦੇ ਥੱਲੇ ਮੋਟੀਆਂ ਲਕੜਾਂ ਇਕਠੀਆਂ ਕਰਵਾਈਆਂ ਅਤੇ ਪਿੱਪਲ ਦੇ ਥਲ੍ਹੇ ਲਕੜਾਂ ਨੂੰ ਅੱਗ ਲਗਵਾ ਦਿੱਤੀ। ਥੋੜੇ ਸਮੇਂ ਵਿਚ ਹੀ ਅੱਗ ਮੱਚ ਗਈ ਅਤੇ ਸਾਰੇ ਪਿੰਡ ਵਿਚ ਧੂਆ ਫੈਲ ਗਿਆ। ਬਾਬਾ ਜੀ ਨੇ ਇਕ ਲਕੜੀ ਜੋ ਅੱਗ ਵਿਚ ਮਚ ਰਹੀ ਸੀ ਅਤੇ ਧੂੰਆ ਫੈਲਾ ਰਹੀ ਸੀ, ਬਾਬਾ ਜੀ ਨੇ ਬੜੇ ਜ਼ੋਰ ਨਾਲ ਆਪਣੇ ਦੁਆਲੇ ਲਕੜੀ ਘੁੰਮਾਈ ਅਤੇ ਆਪਣੇ ਦੁਆਲੇ ਇੰਨੇ ਜ਼ੋਰ ਨਾਲ ਘੁਮਾਈ ਕਿ ਧੂੰਏ ਵਿਚ ਬਾਬਾ ਜੀ ਦਿਸ ਨਹੀਂ ਰਹੇ ਸਨ। ਫਿਰ ਬਾਬਾ ਜੀ ਨੇ ਬਚਨ ਕੀਤਾ ਕਿ ਹੁਣ ਪਿੰਡ ਵਿਚੋਂ ਪਲੇਗ ਖਤਮ ਹੋ ਗਈ ਹੈ। ਤੁਸੀਂ ਨਿਸਚਿੰਤ ਹੋ ਜਾਵੋ। ਇਸ ਪ੍ਰਕਾਰ ਪਿੰਡ ਦੇ ਵਸਨੀਕ ਨਿਰੋਗ ਹੋ ਗਏ ਸਨ ਅਤੇ ਪਲੇਗ ਖ਼ਤਮ ਹੋ ਗਈ।

## 2. ਅਸਾਂ ਤਾਂ ਕੜਾਹ ਪ੍ਰਸਾਦ ਛਕਣਾ ਹੈ

ਗਰਮੀਆਂ ਦੇ ਦਿਨ ਸਨ, ਅ੍ਰੈਪੈਲ ਮਈ ਦਾ ਮਹੀਨਾ ਸੀ, ਕਣਕ ਦੀ ਫਸਲ ਪੱਕ ਰਹੀ ਸੀ ਅਤੇ ਲੋਕ ਆਪਣੇ ਘਰਾਂ ਵਿਚ ਦਾਣੇ ਕੱਢ ਕੇ ਖੁਸ਼ੀਆਂ ਸ਼ਗਨਾਂ ਨਾਲ ਲਿਆ ਰਹੇ ਸਨ। ਡੇਰਾ ਭੱਟੀਆਂ ਦੀ ਜ਼ਮੀਨ ਵਿਚ ਬਾਬਾ ਜੀ ਦੀ ਬੀਜੀ ਹੋਈ ਕਣਕ ਦੀ ਫਸਲ ਵੀ ਤਿਆਰ ਹੋ ਚੁੱਕੀ ਸੀ।

ਬਾਬਾ ਜੀ ਨੇ 'ਕੂਕਿਆਂ ਦੇ ਡੇਰੇ' ਨਾਲ ਸੰਬੰਧਤ ਕਣਕ ਦੀ ਫਸਲ ਸਾਂਭਣ ਲਈ ਪਿੰਡ ਖੁਣ ਖੁਣ ਕਲਾਂ ਦੇ ਜ਼ਿਮੀਦਾਰਾਂ ਨੂੰ ਬੁਲਾਇਆ। ਉਸ ਸਮੇਂ ਅਤੇ ਅੱਜ ਵੀ ਬਾਬਾ ਜੀ ਦੇ ਡੇਰੇ ਨੂੰ 'ਕੂਕਿਆਂ ਦਾ ਡੇਰਾ' ਆਖਿਆ ਜਾਂਦਾ ਹੈ। ਬਾਬਾ ਜੀ ਦਾ ਹੁਕਮ ਸੁਣਕੇ ਜਿਮੀਦਾਰ ਬਲਦ ਅਤੇ ਫਲ੍ਹਿਆ ਨੂੰ ਲੈ ਕੇ ਡੇਰੇ ਪਹੁੰਚ ਗਏ ਅਤੇ ਫਸਲ ਨੂੰ ਸਾਂਭਿਆ ਗਿਆ। ਡੇਰੇ ਵਲੋਂ ਦੁਪਹਿਰ ਸਮੇਂ ਲੰਗਰ ਤਿਆਰ ਕੀਤਾ ਗਿਆ ਅਤੇ ਮਿੱਠੇ ਚੌਲ ਬਣਾਏ। ਜ਼ਿਮੀਦਾਰ ਕਹਿਣ ਲੱਗੇ ਕਿ ਅਸੀਂ ਚੌਲ ਨਹੀਂ ਖਾਣੇ, ਕੜਾਹ ਪ੍ਰਸ਼ਾਦ ਛਕਾਂਗੇ। ਬਾਬਾ ਜੀ ਕਹਿਣ ਲੱਗੇ ਕਿ ਅੱਜ ਮਿਠੇ ਚੌਲ ਬਣੇ ਹਨ ਫਿਰ ਕਿਧਰੇ ਪ੍ਰਸ਼ਾਦ ਛਕ ਲੈਣਾ। ਜਿਮੀਦਾਰ ਕਹਿਣ ਲੱਗੇ, ਅਸੀਂ ਤਾਂ ਕੜਾਹ ਪ੍ਰਸ਼ਾਦ ਹੀ ਛਕਣਾ ਹੈ, ਮਿੱਠੇ ਚੌਲ ਨਹੀਂ। ਬਾਬਾ ਜੀ ਨੇ ਮੁੱਠ ਕੁ ਆਟਾ ਲੈ ਕੇ ਛੋਟੀ ਜਿਹੀ ਕੜਾਹੀ ਵਿਚ ਕੜਾਹ ਪ੍ਰਸ਼ਾਦ ਤਿਆਰ ਕਰਕੇ ਕਪੜੇ ਨਾਲ ਢੱਕ ਕੇ ਜ਼ਿੰਮੀਦਾਰਾਂ ਦੀ ਪੰਗਤ ਲੱਗਾ ਦਿੱਤੀ ਅਤੇ ਬਾਬਾ ਜੀ ਨੇ ਆਪ ਕੜਾਹ ਪ੍ਰਸ਼ਾਦ ਵਰਤਾਉਣਾ ਸ਼ੁਰੂ ਕਰ ਦਿੱਤਾ। ਜ਼ਿੰਮੀਦਾਰਾਂ ਨੇ ਰੱਜ ਰੱਜ ਕੇ ਕੜਾਹ ਛਕਿਆ, ਪਤਾ ਨਹੀਂ ਬਾਬਾ ਜੀ ਕੋਲ ਕੜਾਹ ਪ੍ਰਸ਼ਾਦ ਕਿਥੋਂ ਆਉਂਦਾ ਸੀ। ਸਾਰੇ ਜਿਮੀਦਾਰ ਅਤੇ ਹੋਰ ਹਾਜ਼ਰ ਸੰਗਤ ਨੇ ਰੱਜ ਕੇ ਕੜਾਹ ਪ੍ਰਸ਼ਾਦ ਛਕਿਆ ਅਤੇ ਸੰਗਤ ਉਠ ਗਈ। ਬਾਬਾ ਜੀ ਨੇ ਕੜਾਹੀ ਉਪਰੋਂ ਕਪੜਾ ਚੁਕਿਆ ਤਾਂ ਸੰਗਤ ਹੈਰਾਨ ਹੋ ਕੇ ਕਹਿਣ

ਲੱਗੀ, ਜੇ ਅਸੀਂ ਹੋਰ ਕੜਾਹ ਪ੍ਰਸ਼ਾਦ ਮੰਗਦੇ ਤਾਂ ਕੜਾਹ ਪ੍ਰਸ਼ਾਦ ਮੁਕ ਜਾਣਾ ਸੀ। ਬਾਬਾ ਜੀ ਹੱਸ ਕੇ ਕਹਿਣ ਲੱਗੇ, ਤੁਸੀਂ ਮੰਗ ਲੈਂਦੇ। ਇਹ ਮੁਕਣਾ ਨਹੀਂ ਸੀ।

(ਇਹ ਵਾਰਤਾ ਸਵਰਗਵਾਸੀ ਸਰਦਾਰ ਭੁਲਾ ਸਿੰਘ ਪਿੰਡ ਖੁਣ ਖੁਣ ਕਲਾਂ ਵਾਲਿਆਂ ਨੇ ਸੁਣਾਈ ਸੀ)[2]

### 3. ਪਿੰਡ ਜਲੋਟੇ ਵਿਚ ਹੜ ਦੀ ਰੋਕ ਥਾਮ ਕਰਨੀ-

ਜ਼ਿਲ੍ਹਾ ਹੁਸ਼ਿਆਰ ਪੁਰ, ਹਮੇਸ਼ਾ ਹੀ ਬਰਸਾਤਾਂ ਦੇ ਦਿਨਾਂ ਵਿਚ ਜਦੋਂ ਪਹਾੜਾਂ ਵਿਚ ਭਾਵੇਂ ਥੋੜਾ ਹੀ ਮੀਂਹ ਪਵੇ, ਆਪ ਮੁਹਾਰਾ ਮੀਂਹ ਦਾ ਪਾਣੀ ਹੜ੍ਹ ਬਣ ਕੇ ਪਿੰਡਾਂ ਦੇ ਚੋਆਂ ਵਿਚ ਆ ਜਾਇਆ ਕਰਦਾ ਸੀ। ਪਹਾੜੀ ਇਲਾਕੇ ਵਿਚ ਡੈਮਾਂ ਦੀ ਘਾਟ ਹੋਣ ਕਾਰਨ ਪਾਣੀ ਨੂੰ ਕਿਤੇ ਰੁਕਾਵਟ ਨਹੀਂ ਸੀ ਹੁੰਦੀ। ਪਾਣੀ ਵਿਚ ਦਰਖਤ ਰੁੜ ਕੇ ਆਉਂਦੇ, ਪਹਾੜਾਂ ਵਿਚੋਂ ਜ਼ਹਿਰੀਲੇ ਸੱਪ ਰੁੜਕੇ ਆਉਂਦੇ ਸਨ ਅਤੇ ਕਈ ਵਾਰ ਪਾਣੀ ਆਪਣਾ ਰੁੱਖ ਬਦਲ ਕੇ ਉਪਜਾਊਂ ਜ਼ਮੀਨ ਰੋੜ ਕੇ ਲੈ ਜਾਂਦਾ ਅਤੇ ਰੇਤ ਪਾ ਜਾਂਦਾ ਸੀ।

ਐਸਾ ਹੀ ਇਕ ਵਾਰ ਪਿੰਡ ਜਲੋਟਾ3 ਵਿਖੇ ਹੋਇਆ ਸੀ ਪਾਣੀ ਪਿੰਡ ਵਿਚ ਵੜ੍ਹ ਗਿਆ ਸੀ, ਪਾਣੀ ਪਿੰਡ ਦੇ ਦੁਆਲੇ ਘੁੰਮ ਰਿਹਾ ਸੀ, ਨੇੜੇ ਦੇ ਸ਼ਹਿਰ ਦਸੂਆ ਵੱਲ ਜਾਣਾ ਔਖਾ ਹੋ ਗਿਆ ਸੀ। ਇਹ ਪਿੰਡ ਚੜ੍ਹਦੇ ਪਾਸੇ, ਦਸੂਹੇ ਸ਼ਹਿਰ ਤੋਂ ਲਗਭਗ 4 ਕਿਲੋਮੀਟਰ ਹੈ।

ਇਸ ਪਿੰਡ ਵਿਚ ਬਾਬਾ ਹਰਨਾਮ ਸਿੰਘ ਜੀ ਜਾਇਆ ਕਰਦੇ ਸਨ, ਉਥੇ ਉਹਨਾਂ ਦੀ ਸਿੱਖੀ ਸੇਵਕੀ ਸੀ। ਲੋਕਾਂ ਦੀ ਬੇਨਤੀ ਤੇ ਬਾਬਾ ਜੀ ਲਾਖੀ ਘੋੜੀ (ਜਿਸਦਾ ਰੰਗ ਲਾਲ ਕਾਲਾ ਜਿਹਾ ਸੀ) ਤੇ ਸਵਾਰ ਹੋ ਕੇ ਪਿੰਡ ਜਲੋਟੇ ਪਹੁੰਚ ਗਏ। ਰੜ੍ਹ ਦਾ ਪਾਣੀ ਬੜੇ ਜ਼ੋਰ ਨਾਲ ਸ਼ੋਰ ਪਉਂਦਾ ਜਾ ਰਿਹਾ ਸੀ, ਪਿੰਡ ਦੇ ਵਸਨੀਕ ਹੜ੍ਹ ਨਾਲ ਸਹਿਮ ਰਹੇ ਸਨ। ਬਾਬਾ ਜੀ ਜਾਂਦਿਆਂ ਹੀ ਘੋੜੀ ਤੋਂ ਉਤਰ ਕੇ ਵਗਦੇ ਹੜ੍ਹ ਵਿਚ ਪਾਣੀ ਵਿਚ ਖੜ੍ਹੇ ਹੋ ਗਏ। ਲੋਕ ਬਾਬਾ ਜੀ ਨੂੰ ਕਹਿ ਰਹੇ ਸਨ, ਅੱਗੇ ਨਾ ਜਾਵੋ, ਪਾਣੀ ਬਹੁਤ ਤੇਜ ਅਤੇ ਡੂੰਘਾ ਹੈ। ਬਾਬਾ ਜੀ ਨੇ ਇਕ ਛਾਪਾ ਪਾਣੀ ਵਿਚ ਗੱਡ ਦਿਤਾ ਤਾਂ ਪਾਣੀ ਘੱਟਣਾ ਸ਼ੁਰੂ ਹੋ ਗਿਆ ਅਤੇ ਕੁਝ ਸਮੇਂ ਵਿਚ ਪਾਣੀ ਦਾ ਰੁੱਖ ਬਦਲ ਗਿਆ। ਲੋਕਾਂ ਨੇ ਸੁੱਖ ਦਾ ਸਾਹ ਲਿਆ। ਬਾਬਾ ਜੀ ਲੋਕਾਂ ਦੀਆਂ ਆਸਾਂ ਮੁਰਾਦਾਂ ਪੂਰੀਆਂ ਕਰਕੇ ਘੋੜੀ ਤੇ ਸਵਾਰ ਹੋ ਕੇ ਵਾਪਸ ਕੂਕਿਆਂ ਦੇ ਡੇਰੇ ਪਿੰਡ ਭਟੀਆਂ ਵਿਚ ਆ ਗਏ। ਬਾਅਦ ਵਿਚ ਉਸ ਚੋਅ ਵਾਲੀ ਜਗ੍ਹਾ ਦੂਣ ਸਵਾਈਆਂ ਫਸਲਾਂ ਹੋਣੀਆਂ ਸ਼ੁਰੂ ਹੋ ਗਈਆਂ। ਸੰਤ ਲਛਮਣ ਸਿੰਘ ਨਾਮਧਾਰੀ ਨੇ ਇਹ ਸਾਖੀ ਆਪਣੀ ਹੱਥ ਲਿਖਤ ਪੁਸਤਕ ਵਿਚ ਅੰਕਿਤ ਕੀਤੀ ਸੀ।

### 4. ਪਿੰਡ ਚੋਕੇ ਵਿਚ ਮੀਂਹ ਪਉਣ ਦਾ ਉਪਰਾਲਾ ਕਰਨਾ-

ਪਿੰਡ ਚੋਕਾ, ਗੜ੍ਹਦੀਵਾਲਾ ਦੇ ਨੇੜੈ ਪਿੰਡ ਹੈ ਜੋ ਦਸੂਹੇ ਤੋਂ ਹੁਸਿਆਰਪੁਰ ਜਾਣ ਵਾਲੀ ਸੜਕ ਤੇ ਸਥਿਤ ਹੈ ਜੋ ਬਾਬਾ ਹਰਨਾਮ ਸਿੰਘ ਜੀ ਦਾ ਵਰੋਸਾਇਆ ਪਿੰਡ ਹੈ। ਇਸ ਪਿੰਡ ਵਿਚ ਸਮੇਂ ਸਮੇਂ ਬਾਬਾ ਜੀ ਨੇ ਚਰਨ ਪਾਏ ਹਨ। ਇਕ ਵਾਰ ਗਰਮੀ ਬਹੁਤ ਪੈ ਰਹੀ ਸੀ, ਬਰਸਾਤ ਪੈ ਨਹੀਂ ਸੀ ਰਹੀ। ਮੀਂਹ ਤੋਂ ਬਿਨਾਂ ਧਰਤੀ ਤੱਪ ਰਹੀ ਸੀ, ਪਸ਼ੂਆਂ ਲਈ ਚਾਰੇ ਦੀ ਅਣਹੋਂਦ ਹੋ ਰਹੀ ਸੀ। ਪਾਣੀ ਦੀ ਘਾਟ ਕਾਰਨ ਪਸ਼ੂਆਂ ਤੇ ਪੰਛੀਆਂ ਦੀ ਬੇਚੈਨੀ ਵੱਧ ਰਹੀ ਸੀ।

ਬਾਬਾ ਜੀ ਆਪਣੇ ਚਾਰ-ਪੰਜ ਸਾਥੀਆਂ ਨਾਲ ਭਰਮਣ ਕਰਦੇ ਹੋਏ ਪਿੰਡ ਚੋਕੇ ਦੇ ਇਕ ਖੂਹ ਤੇ ਦਰਖਤਾਂ ਹੇਠ ਪਹੁੰਚ ਗਏ। ਬਾਬਾ ਜੀ ਦਾ ਆਉਣਾ ਸੁਣਕੇ ਪਿੰਡ ਦੇ ਲੋਕ ਉਥੇ ਆ ਕੇ ਬਾਬਾ ਜੀ ਨੂੰ ਬੇਨਤੀ ਕਰਨ ਲੱਗੇ, ਬਾਬਾ ਜੀ ਮੀਂਹ ਪਵਾਓ, ਸਾਡੀਆਂ ਫਸਲਾਂ ਬਚਾਓ ਅਤੇ ਸਾਡੀ ਜਾਨ ਬਚਾਓ।

ਬਾਬਾ ਜੀ ਨੇ ਕਿਰਪਾ ਕਰਦੇ ਹੋਏ ਬਚਨ ਕੀਤਾ ਕਿ ਪਿੰਡ ਵੱਲ ਜਾਓ। ਪਿੰਡ ਵਿਚੋਂ ਦੁੱਧ ਅਤੇ ਚਾਵਲ ਲਿਆਓ ਤਾਂ ਕਿ ਖੀਰ ਬਣਾਈ ਜਾਵੇ ਅਤੇ ਮੀਂਹ ਪਵਾਇਆ ਜਾਵੇ ਅਤੇ ਧਰਤੀ ਦੀ ਹਿੱਕ ਜੋ ਸੂਰਜ ਦੀ ਗਰਮੀ ਨਾਲ ਜਲ ਰਹੀ ਹੈ, ਉਸ ਨੂੰ ਗਰਮੀ ਤੋਂ ਛੁਟਕਾਰਾ ਮਿਲੇ।

ਬਾਬਾ ਜੀ ਦਾ ਹੁਕਮ ਸੁਣ ਕੇ ਪਿੰਡ ਦੇ ਲੋਕ ਪਿੰਡ ਵੱਲ ਦੌੜੇ ਅਤੇ ਦੁੱਧ ਅਤੇ ਚਾਵਲ ਲਿਆਏ। ਖੂਹ ਤੇ ਵੱਡਾ ਚੁਲ੍ਹਾਂ ਬਣਾ ਕੇ ਚਾਵਲ ਉਬਾਲਣੇ ਸ਼ੁਰੂ ਕਰ ਦਿੱਤੇ। ਜਿਉਂ-ਜਿਉਂ ਖੀਰ ਬਣ ਰਹੀ ਸੀ, ਤਿਉਂ ਤਿਉਂ ਠੰਡੀ ਹਵਾ ਵਗਣ ਲੱਗ ਪਈ। ਛੇਤੀ ਹੀ ਬਦਲੀ ਜਿਹੀ ਉਠੀ ਜੋ ਸਾਰੇ ਅਸਮਾਨ ਵਿਚ ਛਾ ਗਈ ਅਤੇ ਮੀਂਹ ਪੈਣ ਲੱਗ ਪਿਆ। ਮੀਂਹ ਏਨਾ ਜਿਆਦਾ ਪਿਆ ਕਿ ਸਾਰੀ ਧਰਤੀ ਦੀ ਤਪਸ਼ ਮਿੱਟ ਗਈ ਅਤੇ ਸਾਰੇ ਲੋਕ ਬਾਬਾ ਜੀ ਦੀ ਜੈ ਜੈਕਾਰ ਕਰਨ ਲੱਗ ਪਏ। ਇਹ ਸਾਖੀ ਸੰਤ ਲਛਮਣ ਸਿੰਘ ਨਾਮਧਾਰੀ ਦੀ ਪੁਸਤਕ 'ਮਹਿਮਾ ਸਤਿਗੁਰਾਂ ਦੀ' ਵਿਚੋਂ ਲਈ ਹੈ।[5]

### 5. ਆਪਣੇ ਵਾਜੇ ਸਾਂਭ ਲਵੋ-

ਬਾਬਾ ਹਰਨਾਮ ਸਿੰਘ ਜੀ ਆਪਣੀ ਜ਼ਿੰਦਗੀ ਦਾ ਘਨੇਰਾ ਸਮਾਂ 'ਕੂਕਿਆਂ ਦੇ ਡੇਰੇ' ਪਿੰਡ ਭੱਟੀਆਂ ਵਿਚ ਹੀ ਗੁਜਾਰਿਆ ਸੀ। ਜਦੋਂ ਆਪ ਜੀ ਦੀ ਕਿਰਪਾ ਹੁੰਦੀ ਤਾਂ ਆਪ ਜੀ ਲਾਖੇ ਰੰਗ ਦੀ ਘੋੜੀ ਤੇ ਸਵਾਰ ਹੋ ਕੇ ਪਿੰਡ ਖੁਣ ਖੁਣ ਕਲਾਂ ਵੱਲ ਨਿਕਲ ਆਉਂਦੇ ਸਨ। ਪਿੰਡ ਖੁਣ ਖੁਣ ਕਲਾਂ ਅਤੇ ਟਿਲੂਵਾਲ ਦੋਨੋਂ ਇਕਠੇ ਪਿੰਡ ਹਨ। ਦੋਹਾਂ ਪਿੰਡਾਂ ਦੇ ਵਿਚਕਾਰ ਰਸਤਾ ਹੈ ਜੋ ਦੋਵੇਂ ਪਿੰਡਾਂ ਨੂੰ ਵੱਖੋ ਵੱਖ ਕਰਦੇ ਹਨ। ਦੋਵੇਂ ਪਿੰਡਾਂ ਵਿਚ ਸੈਣੀ ਅਤੇ ਆਦਿ ਧਰਮੀ ਲੋਕ

ਵਸਦੇ ਹਨ ਜੋ ਬਹੁਤ ਸਾਰੇ ਉਸ ਸਮੇਂ ਹੁਕਾ ਪੀਂਦੇ ਸਨ।

ਬਾਬਾ ਜੀ ਜਦੋਂ ਰਸਤੇ ਵਿਚ ਜਾਇਆ ਕਰਦੇ ਸਨ ਅਤੇ ਜੋ ਉਹਨਾਂ ਦੇ ਡੇਰੇ ਵਿਚ ਸੇਵਕ ਰਹਿੰਦੇ ਸਨ ਉਹ ਵੀ ਬਾਬਾ ਜੀ ਨਾਲ ਚਲਦੇ ਸਨ, ਜਿਥੇ ਕਿਤੇ ਵੀ ਬਾਬਾ ਜੀ ਨੂੰ ਹੁਕਾ ਦਿਸਦਾ ਸੀ, ਆਪ ਜੀ ਡਾਂਗ ਮਾਰਕੇ ਤੋੜ ਦਿਆ ਕਰਦੇ ਸਨ। ਕੋਈ ਵੀ ਬਾਬਾ ਜੀ ਦੇ ਵਿਰੋਧ ਵਿਚ ਬੋਲਿਆ ਨਹੀਂ ਕਰਦਾ ਸੀ। ਫਿਰ ਆਪ ਹੀ ਬਾਬਾ ਜੀ ਨੇ ਸੋਚਿਆ, ਇਸ ਪ੍ਰਕਾਰ ਲੋਕਾਂ ਦਾ ਨੁਕਸਾਨ ਹੁੰਦਾ ਹੈ। ਆਪ ਜੀ ਨੇ ਹੁਕੇ ਤੋੜਨੇ ਬੰਦ ਕਰ ਦਿੱਤੇ, ਜਦੋਂ ਹੀ ਆਪ ਜੀ ਪਿੰਡ ਵਿਚ ਚਰਨ ਪਾਉਂਦੇ ਤਾਂ ਉਚੀ ਆਵਾਜ਼ ਵਿਚ ਬਚਨ ਕਰਦੇ, ਅਸੀਂ ਆ ਰਹੇ ਹਾਂ ਆਪਣੇ ਵਾਜੇ ਸਾਂਭ ਲਵੋ। ਲੋਕ ਬਾਬਾ ਜੀ ਦੀ ਆਵਾਜ ਸੁਣ ਕੇ ਘਰਾਂ ਅੰਦਰ ਹੁਕੇ ਲੁੱਕਾ ਕੇ ਮੂੰਹ ਹੱਥ ਧੋ ਕੇ ਸਿਰ ਕਪੜੇ ਨਾਲ ਢੱਕ ਕੇ ਹੱਥ ਜੋੜ ਕੇ, ਘਰ ਦੇ ਦਰਵਾਜਿਆ ਅੱਗੇ ਖੜੇ ਹੋ ਜਾਇਆ ਕਰਦੇ ਤਾਂ ਬਾਬਾ ਜੀ ਆਉਂਦੇ ਤਾਂ ਸੀਸ ਨਿਵਾਕੇ ਬਾਬਾ ਜੀ ਦੀ ਕਿਰਪਾ ਦੇ ਪਾਤਰ ਬਣਦੇ ਸਨ। ਇਹ ਸਾਖੀ ਸ. ਭੁਲਾ ਸਿੰਘ ਨਿਵਾਸੀ ਪਿੰਡ ਖੁਣ-ਖੁਣ ਕਲਾਂ ਨੇ ਮੈਨੂੰ ਸੁਣਾਈ ਸੀ।

### 6. ਪਿੰਡ ਗੰਭੋਵਾਲ ਨੂੰ ਇਕ ਤੋਂ ਦੋ ਪਿੰਡ ਕਰ ਦੇਣਾ-

ਤਹਿਸੀਲ ਦਸੂਹਾ ਦਾ ਇਕ ਪਿੰਡ ਗੰਭੋਵਾਲ ਹੈ ਜੋ ਦੋ ਪਿੰਡਾਂ, ਵੱਡਾ ਗੰਭੋਵਾਲ ਅਤੇ ਛੋਟਾ ਗੰਭੋਵਾਲ ਵਿਚ ਵਟ ਚੁੱਕਾ ਹੈ। ਇਹ ਦੋ ਕਿਲੋਮੀਟਰ ਦੂਰ ਜਲੰਧਰ-ਪਠਾਨਕੋਟ ਜਰਨੈਲੀ ਸੜਕ ਤੋਂ ਦੂਰ ਹੈ। ਇਸਦਾ ਮੁੱਖ ਡਾਕਖਾਨਾ ਖੁੱਡਾ ਹੈ।

ਕਿਹਾ ਜਾਂਦਾ ਹੈ ਕਿ ਬਾਬਾ ਹਰਨਾਮ ਸਿੰਘ ਜੀ ਦੇ ਸਮੇਂ ਹੜ ਬਹੁਤ ਆ ਰਹੇ ਸਨ ਅਤੇ ਪਿੰਡ ਦੇ ਲੋਕ ਬਹੁਤ ਤੰਗ ਸਨ ਕਿਸੇ ਵਿਰੋਧੀ ਨੇ ਬਾਬਾ ਜੀ ਦੇ ਨਾਮ ਤੇ ਟਿਚਕਰ ਕੀਤੀ ਕਿ ਹੜ੍ਹ ਦਾ ਪਾਣੀ ਕਿਸੇ ਨਿਹੰਗ ਸਿੰਘ ਦੀ ਬਲੀ ਮੰਗਦਾ ਹੈ। ਇਹ ਗੱਲ ਕਿਸੇ ਨੇ ਡੇਰੇ ਭਟੀਆਂ ਵਿਚ ਬਾਬਾ ਜੀ ਨੂੰ ਦੱਸ ਦਿੱਤੀ। ਇਹ ਸੁਣ ਕੇ ਬਾਬਾ ਜੀ ਰੰਗ ਵਿਚ ਆ ਕੇ ਬੋਲੇ ਕਿ 'ਏਕ ਕਾ ਦੋ ਹੋ ਜਾਓ' ਇਹ ਬਚਨ ਕਹਿਣ ਦੀ ਦੇਰ ਸੀ ਕਿ ਹੜ੍ਹ ਦਾ ਪਾਣੀ ਏਨੀ ਜ਼ੋਰ ਨਾਲ ਆਇਆ ਕਿ ਸਾਰਾ ਗੰਭੋਵਾਲ ਪਿੰਡ ਤਬਾਹ ਹੋ ਗਿਆ ਅਤੇ ਲੋਕਾਈ ਬੜੀ ਮੁਸ਼ਕਲ ਨਾਲ ਬਚੀ। ਬਾਅਦ ਵਿਚ ਦੋ ਪਿੰਡ ਵਸੇ ਅਤੇ ਛੋਟਾ ਗੰਭੋਵਾਲ ਅਤੇ ਵੱਡਾ ਗੰਭੋਵਾਲ ਨਾਮ ਹੇਠ ਆਬਾਦ ਹੋਏ ਜੋ ਅੱਜ ਤੱਕ ਵਸਦੇ ਹਨ।

### 7. ਮੱਕੋਵਾਲ ਦੇ ਪਹਾੜੀ ਇਲਾਕੇ ਤੇ ਬਾਬਾ ਜੀ ਦੀ ਕਿਰਪਾ-

ਗੜ੍ਹਦੀਵਾਲਾ ਕਸਬੇ ਦੇ ਪੂਰਬ ਵਾਲੇ ਪਾਸੇ, ਕੂਕਿਆਂ ਦੇ ਡੇਰੇ ਤੋਂ ਨੇੜੇ

ਮਸਤੀਵਾਲ ਸੜਕ ਤੋਂ ਅੱਗੇ ਜਾਂਦੀ ਹੋਈ ਸੜਕ ਜੋ ਕੰਡੀ ਦਾ ਇਲਾਕਾ ਕਹਿਲਾਉਂਦਾ ਹੈ, ਨੀਮ ਪਹਾੜੀ ਇਲਾਕਾ ਹੈ। ਬਾਬਾ ਜੀ ਦੇ ਸਮੇਂ ਬਰਸਾਤਾਂ ਦੇ ਮੌਸਮ ਵਿਚ ਬਹੁਤ ਤਬਾਹੀ ਆਇਆ ਕਰਦੀ ਸੀ। ਹੜ੍ਹ ਦਾ ਪਾਣੀ ਬਹੁਤ ਤਬਾਹੀ ਕਰਿਆ ਕਰਦਾ ਸੀ, ਇਕ ਵਾਰ ਉਸ ਇਲਾਕੇ ਵਿਚ ਬਹੁਤ ਹੜ੍ਹ ਆ ਗਿਆ ਸੀ। ਲੋਕਾਂ ਨੇ ਲਾਚਾਰ ਹੋ ਕੇ ਉਸ ਬਿਪਤਾ ਤੋਂ ਬਚਣ ਲਈ ਬਾਬਾ ਜੀ ਨੂੰ ਕਰ ਜੋੜਕੇ ਬੇਨਤੀ ਭੇਜੀ। ਇਹ ਬਾਬਾ ਜੀ ਦੀ ਬਿਰਧ ਅਵਸਥਾ ਸਮੇਂ ਦੀ ਗੱਲ ਹੈ।

ਬਾਬਾ ਜੀ ਘੋੜੀ ਤੇ ਸਵਾਰ ਨਹੀਂ ਹੋਏ, ਸਗੋਂ ਪਲੰਘ ਉਪਰ ਬੈਠਕੇ ਜੋ ਸੇਵਕਾਂ ਨੇ ਪਲੰਘ ਚੁੱਕ ਲਿਆ ਸੀ, ਮਕੋਵਾਲ ਪਹੁੰਚੇ ਅਤੇ ਜਾਂਦਿਆਂ ਹੀ ਹੜ੍ਹ ਨੂੰ ਮੁਖਾਤਬ ਹੋ ਕੇ ਕਿਹਾ ਕਿ 'ਏਧਰ ਕੋ ਨਹੀ ਉਧਰ ਕੋ ਹੋ ਜਾਓ' ਬਾਬਾ ਜੀ ਦੇ ਬਚਨ ਕਰਨ ਦੀ ਦੇਰੀ ਸੀ, ਪਾਣੀ ਰੁੱਕ ਗਿਆ ਅਤੇ ਦੂਜੇ ਪਾਸੇ ਨੂੰ ਵਹਿਣ ਕਰ ਦਿੱਤਾ। ਲੋਕਾਈ ਦਾ ਬਾਬਾ ਜੀ ਦੀ ਕਿਰਪਾ ਨਾਲ ਬਚਾਅ ਹੋ ਗਿਆ ਸੀ।

## 8. ਮਾਤਾ ਖੇਮ ਕੌਰ ਜੀ ਅਤੇ ਸੰਤ ਉਤਮ ਸਿੰਘ ਦਾ ਕੋਹੜ ਠੀਕ ਕਰਨਾ-

ਮਾਤਾ ਖੇਮ ਕੌਰ ਨੇ ਆਪਣੀ ਜਿੰਦਗੀ ਦਾ ਲੰਮਾਂ ਸਮਾਂ ਡੇਰਾ ਭਟੀਆਂ ਵਿਚ ਬਤੀਤ ਕੀਤਾ ਸੀ। ਉਹ ਕਿਹੜੇ ਇਲਾਕੇ ਨਾਲ ਸੰਬੰਧ ਰੱਖਦੇ ਸਨ, ਇਸ ਬਾਰੇ ਪਤਾ ਨਹੀਂ ਲੱਗਦਾ। ਕਿਹਾ ਜਾਂਦਾ ਹੈ ਕਿ ਉਹਨਾਂ ਨੂੰ ਕੋਹੜ ਹੋ ਗਿਆ ਸੀ ਅਤੇ ਘਰ ਵਾਲਿਆਂ ਨੇ ਘਰ ਵਿਚੋਂ ਕੱਢ ਕੇ ਪਿੰਡ ਤੋਂ ਬਾਹਰ ਕੁਲੀ ਪਾ ਦਿੱਤੀ ਸੀ। ਬਾਬਾ ਜੀ ਭ੍ਰਮਣ ਕਰਦੇ ਹੋਏ ਉਸ ਇਲਾਕੇ ਵਿਚ ਚਲੇ ਗਏ। ਬਾਬਾ ਜੀ ਨੂੰ ਕੋਹੜ ਗ੍ਰਸਤ ਖੇਮ ਕੌਰ ਜੀ ਬਾਰੇ ਪਤਾ ਚੱਲਿਆ ਜੋ ਪਿੰਡ ਤੋਂ ਬਾਹਰ ਝੁੱਗੀ ਵਿਚ ਰਹਿੰਦੀ ਸੀ। ਪਿੰਡ ਵਾਲਿਆਂ ਦੀ ਬੇਨਤੀ ਤੇ ਬਾਬਾ ਜੀ ਨੇ ਇਕ ਫੁੱਲਕਾਰੀ ਮਾਤਾ ਜੀ ਤੇ ਦਿੱਤੀ। ਥੋੜੇ ਚਿਰ ਬਾਅਦ ਫੁੱਲਕਾਰੀ ਮਾਤਾ ਜੀ ਉਪਰੋਂ ਲਾਹੀ ਤਾਂ ਮਾਤਾ ਜੀ ਨਿਰੋਗ ਹੋ ਚੁੱਕੇ ਸਨ, ਪਿੰਡ ਵਾਸੀਆਂ ਨੇ ਖੁਸੀ ਦੇ ਜੈਕਾਰੇ ਲਗਾਏ।

ਬਾਬਾ ਜੀ ਘੋੜੀ ਤੇ ਸਵਾਰ ਹੋ ਕੇ ਭੱਟੀਆਂ ਦੇ ਡੇਰੇ ਆ ਗਏ ਤਾਂ ਉਹ ਮਾਤਾ ਜੀ ਵੀ ਡੇਰੇ ਵਿਚ ਆ ਗਏ ਅਤੇ ਸੰਗਤ ਦੀ ਸੇਵਾ ਕਰਦੇ ਰਹੇ। ਆਖਿਆ ਜਾਂਦਾ ਹੈ ਕਿ ਬਾਬਾ ਜੀ ਨੇ ਵਾਰ-ਵਾਰ ਉਸਨੂੰ ਡੇਰਾ ਛੱਡ ਜਾਣ ਲਈ ਕਿਹਾ ਤਾਂ ਉਹ ਨਾ ਗਏ ਫਿਰ ਆਖਿਆ ਜਾਂਦਾ ਹੈ ਕਿ ਮਾਤਾ ਜੀ ਦੀਆਂ ਲੱਤਾਂ ਨੂੰ ਰਸਾ ਬੰਨ ਕੇ ਬਾਬਾ ਜੀ ਨੇ ਖੂਹੀ ਵਿਚ ਲਮਕਾਇਆ ਪ੍ਰੰਤੂ ਮਾਤਾ ਜੀ ਨੇ ਡੇਰਾ ਨਾ ਛੱਡਿਆ। ਆਖਿਆ ਜਾਂਦਾ ਹੈ ਕਿ ਬ੍ਰਹਮ ਗਿਆਨੀ ਭਗਤ ਅਰਜਨ ਦਾਸ ਜੋ ਉਹਨਾਂ ਦਿਨਾਂ ਵਿਚ ਕੂਕਿਆਂ ਦੇ ਡੇਰੇ ਨੇੜੇ ਪ੍ਰਾਇਮਰੀ

ਸਕੂਲ ਵਿਚ ਪੜ੍ਹਦੇ ਸਨ। ਉਹ ਅੱਧੀ ਛੁੱਟੀ ਸਮੇਂ ਕੂਕਿਆਂ ਦੇ ਡੇਰੇ ਚਲੇ ਜਾਇਆ ਕਰਦੇ ਸਨ। ਮਾਤਾ ਜੀ ਬੱਚਿਆਂ ਲਈ ਬੇਰੀਆਂ ਦੇ ਬੇਰ ਚੁਗਕੇ ਰੱਖਿਆ ਕਰਦੇ ਸਨ।

ਮਾਤਾ ਜੀ ਦਾ ਭਰਾ ਜਸਵੰਤ ਸਿੰਘ ਸਿਆਲਕੋਟੀਆ ਵੀ ਉੱਥੇ ਭੱਟੀਆਂ ਡੇਰੇ ਵਿਚ ਆ ਗਿਆ ਸੀ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੂਬਾ ਵੀ ਸਨ। ਜੋ ਸੰਤ ਲਛਮਣ ਸਿੰਘ ਨਾਮਧਾਰੀ ਅਨੁਸਾਰ ਖੁਡੇ ਪਿੰਡ ਆਉਂਦੇ ਰਹਿੰਦੇ ਸਨ।

ਉਤਮ ਸਿੰਘ ਨੂੰ ਵੀ ਕੋਹੜ ਹੋ ਗਿਆ ਸੀ ਜੋ ਡੇਰੇ ਭਟੀਆਂ ਵਿਚ ਆ ਗਿਆ ਸੀ, ਇਹ ਪਿੰਡ ਨੁਸੇ ਭਾਨੇ ਦਾ ਵਸਨੀਕ ਸੀ। ਉਹ ਕਿਵੇਂ ਠੀਕ ਹੋਇਆ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਦ ਉਪਦੇਸ਼ਾਂ ਵਿਚ "ਲਾਲ ਏਹ ਰਤਨ" ਪਵਿੱਤਰ ਉਪਦੇਸ਼ ਭਾਗ-3 ਸਫਾ 129-130 ਵਿਚ ਇਸ ਪ੍ਰਕਾਰ ਕਿਰਪਾ ਕਰਦੇ ਹਨ-

"... ਜਿਹੜੇ ਸਾਲ ਅਸੀਂ ਗੜ੍ਹਦੀਵਾਲੇ ਰਹੇ ਹਾਂ- ਨੁਸਾ ਭਾਨ ਪਿੰਡ ਹੈ, ਭਾਈ ਉਤਮ ਸਿੰਘ ਉਥੋਂ ਦਾ ਸਿੰਘ ਸੀ, ਜਿਹਦੇ ਘਰ ਦਿਆਂ ਨੇ ਹੱਥ ਪੈਰ ਗਲ ਜਾਣ ਤੋਂ ਡਿੱਗ ਜਾਣ ਤੋਂ ਬਾਹਰ ਲਿਜਾ ਕੇ ਝੁੱਗੀ ਪਾ ਦਿੱਤੀ। ਸੰਤਾਂ ਕੋਲ ਆ ਗਿਆ। ਸੰਤਾਂ ਦੇਗ ਛਕਣੀ, ਜਵੈਣ ਰਗੜਨੀ ਲੂਣ ਪਾ ਕੇ ਤੇ ਸੁੱਖ ਨਿਧਾਨ ਉਹਨੂੰ ਛਕਾਉਣਾ। ਉਹਨੂੰ ਸੇਵਾ ਕਰਨ ਲਾਇਆ। ਉਹ ਖਾਈ ਬਣਾਉਣ ਲੱਗ ਪਿਆ ਡੇਰੇ ਦੀ। ਅਸਾਂ ਉਹਨੂੰ ਵੇਖਿਆ, ਲੰਗਰ ਵਿਚ ਲੱਗਿਆ। ਉਹਦੇ ਅੰਗੂਠੇ ਦਾ ਏਨਾ ਨਿਸ਼ਾਨ ਮਾਲੂਮ ਹੁੰਦਾ ਸੀ ਤੇ ਅੰਗੂਠੇ ਦੀ ਗੰਢ ਮੋਟੀ ਹੈ। ਰੋਗ ਕੋਈ ਨ੍ਹੀਂ ਰਹਿ ਸਕਦਾ, ਸਤਿਗੁਰੂ ਨੂੰ ਮਿਲਿਆ, ਸਤਿਗੁਰਾਂ ਦੀ ਸਾਧ ਸੰਗਤ ਨੂੰ ਮਿਲਿਆ, ਨਿਸਚਾ ਕਰਨ ਦੀ ਲੋੜ ਹੈ....।"

## 9. ਪਿੰਡ ਝੱਜ ਵਿਖੇ ਹੜ੍ਹ ਦਾ ਪਾਣੀ ਮੋੜਨਾ-

ਬਾਬਾ ਹਰਨਾਮ ਸਿੰਘ ਜੀ ਦੀ ਮਹਾਨ ਸ਼ਖ਼ਸੀਅਤ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ ਹੋਏ ਗ੍ਰੰਥ 'ਲਾਲ ਏਹਿ ਰਤਨ' ਭਾਗ-2 (ਸਫਾ 121-122) ਤੇ ਕਿਰਪਾ ਕਰਦੇ ਹਨ-

"ਫੇਰ ਬਾਬਾ ਹਰਨਾਮ ਸਿੰਘ ਜੀ ਮਹਾਰਾਜ ਗੜ੍ਹਦੀਵਾਲੇ ਉਹ ਲੋਕ ਜਾਣਦੇ ਹਨ ਜਿਹੜੇ ਬੜੇ ਮਹਾਂ ਪੁਰਖ ਜਿਨ੍ਹਾਂ ਦੀ ਜਿੰਦਗੀ ਬੜੀ ਉਚੀ ਸੀ। ਸਰੀਰ ਬਿਮਾਰ ਹੋਇਆ, ਮੰਜੇ ਦੇ ਉੱਤੇ ਚੁੱਕ ਕੇ ਲੈ ਜਾਣ ਉਥੇ ਰੌ ਪਾਣੀ ਦੇ ਵਗਦੇ, ਨੇੜੇ ਪਹਾੜ ਹੈ, ਪੂਰਬ ਦੀ ਬੋਲੀ ਬੋਲਦੇ ਸੀ, ਮੈਂ ਚੰਗੀ ਤਰ੍ਹਾਂ ਦਰਸ਼ਨ ਕੀਤਾ ਹੈ। ਛਿਟੀ ਫੜਕੇ ਕਹਿਣਾ, "ਇਸ ਤਰਫ਼ ਕੋ ਹੋ ਜਾਓ।" ਖੜ੍ਹੇ ਦਾ

ਖੜ੍ਹਾ ਪਾਣੀ ਇਸ ਤਰ੍ਹਾਂ ਪਿਛੇ ਹਟਦਾ ਤੁਰਿਆ ਜਾਂਦਾ ਸੀ ਇਹ ਕੋਈ ਵੱਡੀ ਚੀਜ ਨਹੀਂ।"

ਬਾਬਾ ਜੀ ਬਰਸਾਤ ਦੇ ਮੌਸਮ ਵਿਚ ਪਿੰਡ ਝੱਜ ਗਏ ਅਤੇ ਪਿੰਡ ਦੀ ਸੰਗਤ ਨੂੰ ਦਰਸ਼ਨ ਦਿੱਤੇ, ਪਿੰਡ ਵਿਚ ਰੌ ਦਾ ਪਾਣੀ ਆ ਗਿਆ। ਹੁਸ਼ਿਆਰਪੁਰ ਜਾਣ ਵਾਲੀ ਸੜਕ ਤੇ ਬਸ ਅੱਡਾ ਸਰਾਂ ਤੋਂ ਕੁਝ ਫਰਲਾਂਗ ਤੇ ਸੜਕ ਤੇ ਝਜ ਪਿੰਡ ਦਾ ਮੀਲ ਪੱਥਰ ਦਿਖਾਈ ਦੇਂਦਾ ਹੈ। ਬਾਬਾ ਜੀ ਨੇ ਰੌ-ਚੋਅ ਦੇ ਵਿਚਕਾਰ ਮੰਜਾ ਢਾਹ ਲਿਆ ਅਤੇ ਉਸ ਤੇ ਦੋ ਮੰਜਿਆਂ ਦੀ ਖੜੇ ਕਰਕੇ ਛਾਂ ਕਰ ਲਈ। ਪਾਣੀ ਵਿਚਕਾਰ ਮੰਜੇ ਉਪਰ ਬੈਠਕੇ ਸੂਸਾਂ ਪਿੰਡ ਵੱਲ ਆਪਣੇ ਸਥਾਨ ਤੇ ਬੈਠੇ ਬਾਬਾ ਜਵਾਹਰ ਦਾਸ ਨਾਲ ਰੂਹਾਨੀ ਟੈਲੀਫੋਨ ਜੋੜ ਕੇ ਕਿਹਾ ਕਿ ਤੁਹਾਨੂੰ ਹੜ ਦਾ ਪਾਣੀ ਚਾਹੀਦਾ ਹੈ? ਬਾਬੇ ਹਰਨਾਮ ਸਿੰਘ ਜੀ ਦਾ ਹੁਕਮ ਸੁਣ ਕੇ ਸੂਸਾਂ ਵਾਲੇ ਸੰਤਾਂ ਨੇ ਕਿਹਾ ਕਿ ਪਾਣੀ ਭੇਜ ਦੇਵੋ। ਬਾਬਾ ਹਰਨਾਮ ਸਿੰਘ ਜੀ ਨੇ ਬਾਬਾ ਜਵਾਹਰ ਦਾਸ ਜੀ ਨਾਲ ਬਾਬ ਨੰਦ ਲਾਲ ਸਹੌੜੇ ਵਾਲਿਆਂ ਨਾਲ 12 ਸਾਲ ਤੱਪ ਕੀਤਾ ਸੀ। ਬਾਬਾ ਜਵਾਹਰ ਦਾਸ ਜੀ ਦਾ ਬਚਨ ਮੰਨ ਕੇ ਬਾਬਾ ਹਰਨਾਮ ਸਿੰਘ ਜੀ ਨੇ ਝਜ ਪਿੰਡ ਵੱਲ ਆ ਰਹੇ ਹੜ੍ਹ ਨੂੰ ਸੂਸਾਂ ਪਿੰਡ ਵੱਲ ਮੋੜ ਦਿੱਤਾ ਅਤੇ ਸਾਰੇ ਪਿੰਡ ਸੂਸਾਂ ਨੂੰ ਤਬਾਹ ਕਰ ਦਿੱਤਾ ਜੋ ਬਾਅਦ ਵਿਚ ਵਸਿਆ ਸੀ।

## 10. ਸੰਤ ਕ੍ਰਿਪਾਲ ਸਿੰਘ ਜੀ ਨੂੰ ਅੰਬ ਛਕਣ ਨੂੰ ਦੇਣਾ:-

ਸੰਤ ਕਿਰਪਾਲ ਸਿੰਘ ਜਲੰਧਰ ਵਾਲੇ ਜੋ ਸ੍ਰੀ ਭੈਣੀ ਸਾਹਿਬ ਲਾਂਗਰੀ ਹੋਇਆ ਕਰਦੇ ਸਨ। ਉਹਨਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮਾਂ ਦੇਖਿਆ ਸੀ। ਉਹ ਸ੍ਰੀ ਭੈਣੀ ਸਾਹਿਬ ਰਿਹਾ ਕਰਦੇ ਸਨ। ਸੰਤ ਨਿਰੰਜਣ ਸਿੰਘ ਨਾਮਧਾਰੀ ਖੁਡੇ ਵਾਲਿਆਂ ਨਾਲ ਉਹਨਾਂ ਦਾ ਬਹੁਤ ਪ੍ਰੇਮ ਸੀ। ਸਾਲ ਵਿਚ ਉਹ ਦੋ ਚਾਰ ਵਾਰ ਪਿੰਡ ਖੁਡੇ ਆ ਜਾਇਆ ਕਰਦੇ ਸਨ। ਸੰਤ ਨਿਰੰਜਣ ਸਿੰਘ ਉਹਨਾਂ ਨਾਲ ਮਿਲ ਕੇ ਪਿੰਡ ਖੁਡੇ ਵਿਚ ਨਾਮਧਾਰੀ ਮਰਯਾਦਾ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਅਤੇ ਸੋਧ ਦੀ ਨਾਮ ਦੀ ਵਰਨੀ ਵੀ ਕਰਵਾਇਆ ਕਰਦਾ ਸੀ। 1988 ਈ. ਤੋਂ ਮੈਂ ਵੀ ਸ੍ਰੀ ਭੈਣੀ ਸਾਹਿਬ ਜਾਣਾ ਸ਼ੁਰੂ ਕਰ ਦਿੱਤਾ। ਸੰਤ ਕਿਰਪਾਲ ਸਿੰਘ ਜੀ ਸਾਡੇ ਘਰ ਵੀ ਆਉਣੇ ਸ਼ੁਰੂ ਹੋ ਗਏ। ਇਕ ਵਾਰ ਉਹਨਾਂ ਨੇ ਦੱਸਿਆ ਕਿ ਅਸੀਂ ਖੁਡੇ ਆਏ ਸਾਂ, ਗਰਮੀਆਂ ਦੀ ਰੁੱਤ ਸੀ। ਅਸੀਂ ਡੇਰਾ ਬਾਬਾ ਹਰਨਾਮ ਸਿੰਘ ਜੀ ਪਿੰਡ ਭੱਟੀਆਂ ਵਿਖੇ ਚਲੇ ਗਏ ਅਤੇ ਅੰਬ ਦੇ ਦਰਖਤ ਹੇਠ ਆਰਾਮ ਕਰਨ ਲੱਗੇ। ਹਵਾ ਠੰਡੀ ਰੁਮਕ ਰਹੀ ਸੀ ਅਤੇ ਸ਼ਾਂਤ ਵਾਤਾਵਰਣ ਦੇਖ ਕੇ ਨਾਮ ਸਿਮਰਨ ਕਰਨ ਨੂੰ ਜੀਅ ਕਰ ਆਇਆ। ਬੜਾ ਅਨੰਦ ਆਇਆ ਅਤੇ ਭੁੱਖ ਵੀ ਬਹੁਤ ਲੱਗ ਗਈ, ਬਾਬਾ ਜੀ ਨੂੰ ਯਾਦ ਕੀਤਾ ਤੇ ਭੁੱਖ ਮਿਟਾਉਣ

ਲਈ ਬੇਨਤੀ ਕੀਤੀ। ਅਰਜ਼ ਅਜੇ ਕੀਤੀ ਹੀ ਸੀ ਕਿ ਇਕ ਵੱਡਾ ਪੱਕਾ ਹੋਇਆ ਅੰਬ ਸੰਤ ਕਿਰਪਾਲ ਸਿੰਘ ਦੇ ਨੇੜੇ ਡਿਗ ਪਿਆ। ਸੰਤ ਕਿਰਪਾਲ ਸਿੰਘ ਬੜੇ ਪ੍ਰਸੰਨ ਹੋਏ ਅਤੇ ਉਠ ਕੇ ਅੰਬ ਚੁੱਕ ਲਿਆ, ਉਸ ਅੰਬ ਨੂੰ ਚੁੱਕ ਕੇ ਖਾਧਾ। ਹੋਰ ਕੋਈ ਵੀ ਉਸ ਅੰਬ ਦੇ ਦਰਖਤ ਤੇ ਅੰਬ ਮੌਜੂਦ ਨਹੀਂ ਸੀ ਜੋ ਬੜੇ ਅਚੰਭੇ ਵਾਲੀ ਗੱਲ ਸੀ।

ਐਸੀਆਂ ਹੋਰ ਭੀ ਅਚੰਭੇ ਭਰਪੂਰ ਕਰਾਮਾਤੀ ਬਚਨ ਹਨ ਜੋ ਲੋਕਾਈ ਵਿਚ ਪ੍ਰਸਿੱਧ ਹਨ। ਲੋਕ ਬਾਬਾ ਜੀ ਨੂੰ ਪ੍ਰਮਾਤਮਾ ਦਾ ਰੂਪ ਮੰਨਦੇ ਹਨ।

## ਫੁੱਟ ਨੋਟ ਅਤੇ ਟਿਪਣੀਆਂ

1. ਦੇਵਿੰਦਰ ਸਿੰਘ ਗਿੱਲ (ਸੰ.) ਮਹਿਮਾ ਸਤਿਗੁਰਾਂ ਦੀ, ਕ੍ਰਿਤ ਸੰਤ ਲਛਮਣ ਸਿੰਘ ਨਾਮਧਾਰੀ, ਪੰਨਾ 72.

2. ਸ. ਭੁਲਾ ਸਿੰਘ ਪਿੰਡ ਖੁਣ ਖੁਣ ਕਲਾਂ ਦਾ ਵਸਨੀਕ ਸੀ ਜੋ ਹੁਣ ਸਰਗਵਾਸ ਹੋ ਚੁੱਕਾ ਹੈ। ਉਸਦਾ ਦਾਦਾ ਉਹਨਾਂ ਜਿਮੀਦਾਰਾਂ ਵਿਚ ਸਾਮਲ ਸੀ। ਮੈਨੂੰ ਇਹ ਵਾਰਤਾ ਸ. ਭੁਲਾ ਸਿੰਘ ਨੇ ਆਪ ਸੁਣਾਈ ਸੀ।

3. ਅਮਰਜੀਤ ਪੰਜਾਬ ਦੇ ਪਿੰਡ ਸ਼ਹਿਰ ਅਤੇ ਕਸਬੇ ਅਨੁਸਾਰ ਜਲੋਟਾ: ਏਰੀਆ 188, ਜਨਸੰਖਿਆ 1064, ਦਸੂਆ- ਹੁਸ਼ਿਆਰਪੁਰ ਰੋਡ ਤੋਂ 4 ਕਿਲੋਮੀਟਰ ਹੈ, ਰੇਲਵੇ ਸਟੇਸ਼ਨ 4 ਕਿਲੋਮੀਟਰ ਦੂਰ ਹੈ, ਪਿੰਡ ਵਿਚ ਮਿਡਲ ਸਕੂਲ ਹੈ।

4. ਦੇਵਿੰਦਰ ਸਿੰਘ ਗਿੱਲ (ਸੰ.) ਓਹੀ, ਪੰਨਾ 71

5. ਦੇਵਿੰਦਰ ਸਿੰਘ ਗਿੱਲ (ਸੰ.) ਓਹੀ, ਪੰਨਾ 71

# ਚੌਧਰੀ ਬੂੜ ਸਿੰਘ ਜੀ

ਚੌਧਰੀ ਬੂੜ ਸਿੰਘ ਜੀ ਕਸਬਾ ਗੜ੍ਹਦੀਵਾਲਾ ਦੇ ਇਤਿਹਾਸ ਵਿਚ ਇਕ ਚਮਕਦੇ ਸਿਤਾਰੇ ਦੀ ਤਰ੍ਹਾਂ ਸੀ। ਉਹਨਾਂ ਨੇ ਵਿਦਿਅਕ ਉਨਤੀ ਵਿਚ ਹਿੱਸਾ ਪਾਇਆ ਅਤੇ ਕਸਬਾ ਗੜ੍ਹਦੀਵਾਲਾ ਦੇ ਹਰ ਖੇਤਰ ਵਿਚ ਮਹੱਤਵ ਪੂਰਨ ਯੋਗਦਾਨ ਪਾਇਆ ਜੇ ਲੋੜ ਪਈ[1] ਤਾਂ ਆਪਣੀ ਜ਼ਮੀਨ ਵੀ ਦਾਨ ਕਰ ਦਿੱਤੀ। ਸੁਵਰਨ ਸਿੰਘ ਵਿਰਕ ਆਪਣੀ ਲਿਖਤ ਵਿਚ ਚੌਧਰੀ ਸ਼ਿਵ ਸਿੰਘ ਨੂੰ ਚੌਧਰੀ ਬੂੜ ਸਿੰਘ ਦਾ ਪਿਤਾ ਦੱਸਦੇ ਹਨ।

ਇਸ ਦੇ ਉਲਟ ਸ. ਚੇਤਨ ਸਿੰਘ ਜੀ ਡਾਇਰੈਕਟਰ[2] (ਰੀਟਾਇਡ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ 2021 ਈ. ਵਿਚ ਸ਼ਾਨਦਾਰ ਪੁਸਤਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲਾ 100 ਸਾਲਾ ਇਤਿਹਾਸ, ਪ੍ਰਾਪਤੀਆਂ ਅਤੇ ਝਲਕੀਆਂ ਪ੍ਰਿੰਟ ਕਰਵਾਈ ਸੀ। ਉਸਦੇ ਸਫਾ 15 ਤੇ ਲਿਖਿਆ ਹੈ ਕਿ 1861 ਈ. ਵਿਚ ਚੌਧਰੀ ਹੀਰਾ ਸਿੰਘ ਦੇ ਘਰ ਚੌਧਰੀ ਬੂੜ ਸਿੰਘ ਨੇ ਜਨਮ ਲਿਆ ਸੀ।

ਚੌਧਰੀ ਬੂੜ ਸਿੰਘ ਜੀ ਦਾ ਪਿਤਾ ਧੜੱਲੇਦਾਰ ਜ਼ਿਮੀਦਾਰ ਸੀ ਜਿਸਦੀ ਚੋਖੀ ਜ਼ਮੀਨ ਸੀ ਅਤੇ ਅੰਗੇਰਜ਼ ਸਰਕਾਰ ਦਾ ਸਰਕਾਰ ਪ੍ਰਸਤ ਅਤੇ ਫਿਰ ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲਾ ਸੀ। ਉਹ ਰੋਜ਼ਾਨਾ ਸ਼ਾਮ ਨੂੰ ਸ਼ਰਾਬ ਪੀਂਦਾ ਸੀ, ਮੌਜ ਮਸਤੀ ਕਰਦਾ ਸੀ ਅਤੇ ਧੰਨੀ ਨਾਂ ਦੀ ਕਿਧਰੇ ਬਾਹਰੋਂ ਇਕ ਜ਼ਨਾਨੀ ਲੈ ਆਇਆ ਸੀ ਜਿਸਦੇ ਨਾਚ ਮੁਜਰਾ ਉਹ ਆਪਣੇ ਸਾਥੀਆਂ ਨਾਲ ਦੇਖਿਆ ਕਰਦਾ ਸੀ। ਉਹਨਾਂ ਦੀ ਪ੍ਰੀਤ ਕਹਾਣੀ ਦੇ ਕਿੱਸੇ ਕਦੇ ਛਪੇ ਹੋਏ ਮਿਲਿਆ ਕਰਦੇ ਸਨ।

ਇਹ ਘਟਨਾ 1872 ਈ. ਦੇ ਇਰਦ ਗਿਰਦ ਦੀ ਹੈ। 1872 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਸਰਕਾਰ ਨੇ ਪ੍ਰਦੇਸ਼ ਗਵਨ ਕਰ ਦਿੱਤਾ। ਉਸ ਸਮੇਂ ਸਤਿਗੁਰਾਂ ਨੇ[3] ਬਾਬਾ ਹਰਨਾਮ ਸਿੰਘ ਜੀ ਨੂੰ ਗੜ੍ਹਦੀਵਾਲਾ ਚਲੇ ਜਾਣ ਲਈ ਕਹਿਆ ਸੀ। ਬਾਬਾ ਜੀ ਹੁਕਮ ਮੰਨਕੇ ਗੜ੍ਹਦੀਵਾਲਾ ਵਰਤਮਾਨ ਡੇਰੇ ਵਾਲੀ ਜਗ੍ਹਾ ਆ ਠਹਿਰੇ। ਉਧਰ ਚੌਧਰੀ ਬੂੜ ਸਿੰਘ ਦਾ ਪਿਤਾ ਸ਼ਰਾਬ ਪੀ ਕੇ ਮੌਜ ਮਸਤੀ ਕਰਦਾ ਹੋਇਆ ਸਾਥੀਆਂ ਨਾਲ ਧੰਨੀ ਦਾ ਨਾਚ ਮੁਜਰਾ ਦੇਖਦਾ। ਇਧਰ ਡੇਰੇ ਵਾਲੀ ਜਗ੍ਹਾ ਬਾਬਾ ਜੀ ਰਹਿਰਾਸ ਸਾਹਿਬ ਦਾ ਪਾਠ ਕਰਦੇ ਅਤੇ ਫਿਰ ਜਥੇਦਾਰਾਂ ਤੋਂ ਹੱਲੇ ਦਾ ਦੀਵਾਨ ਸੁਣਦੇ ਅਤੇ ਅਨੰਦ ਬੱਝਦਾ ਸੀ। ਚੌਧਰੀ ਸ਼ਿਵ ਸਿੰਘ ਸ਼ਾਮ ਨੂੰ ਹੱਲੇ ਦੇ ਦੀਵਾਨ ਦੀ ਆਵਾਜ ਸੁਣਕੇ ਆਪਣੇ ਸਾਥੀਆਂ ਨੂੰ ਪੁੱਛਦਾ ਕਿ ਉਹ ਕੌਣ ਹੈ ਜੋ ਦੀਵਾਨ ਲਗਾਉਂਦਾ

ਹੈ। ਇਕ ਦਿਨ ਬਾਬਾ ਹਰਨਾਮ ਸਿੰਘ ਜੀ ਦੀ ਹੱਲੇ ਦੇ ਦੀਵਾਨ ਦੀ ਆਵਾਜ ਸੁਣ ਕੇ ਬਾਬਾ ਜੀ ਦੇ ਦਰਸ਼ਨ ਕਰਨ ਡੇਰੇ ਵਿਚ ਚੌਧਰੀ ਸ਼ਿਵ ਸਿੰਘ ਆ ਗਿਆ ਅਤੇ ਬਾਬਾ ਜੀ ਦਾ ਤਪ ਤੇਜ ਦੇਖ ਕੇ ਬਾਬਾ ਜੀ ਦਾ ਸੇਵਕ ਬਣ ਗਿਆ ਅਤੇ ਸਾਰੀ ਉਮਰ ਬਾਬਾ ਜੀ ਦਾ ਸੇਵਕ ਰਿਹਾ।

ਚੌਧਰੀ ਬੂੜ ਸਿੰਘ ਨੇ 21 ਸਾਲ ਦੀ ਉਮਰ ਵਿਚ ਵਿਦਿਆ ਪ੍ਰਾਪਤ ਕਰਕੇ ਅੰਬਾਲਾ ਜੱਟਾਂ ਵਿਚ ਵਿਖੇ ਬਤੌਰ ਅਧਿਆਪਕ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਦੇ ਤਨ ਮਨ ਧਨ ਨਾਲ ਸਮਾਜ ਦੀ ਸੇਵਾ ਕਰਨ ਦੇ ਕਾਰਜਾਂ ਨੂੰ ਦੇਖ ਕੇ ਗਵਰਨਰ ਪੰਜਾਬ 1901 ਈ. ਨੇ ਵਿਚ ਉਹਨਾਂ ਨੂੰ ਪ੍ਰਸੰਸਾ ਪੱਤਰ ਦਿੱਤਾ ਸੀ।

ਅੰਗਰੇਜ਼ ਦੀ ਵਿਦਿਆ ਬਾਰੇ ਮਾਰੂ ਨੀਤੀ ਦੇਖਕੇ ਅਤੇ ਪੰਜਾਬ ਵਿਚ ਅਨਪੜ੍ਹਤਾ ਫੈਲਾਉਣ ਲਈ ਲਾਰਡ ਮੈਕਾਲੇ ਨੇ ਇਤਿਹਾਸ ਗਵਾਹ ਹੈ ਕਿ ਗੁਰਮੁਖੀ ਦੇ ਕਾਇਦੇ ਜਿਥੋਂ ਵੀ ਪਤਾ ਲੱਗੇ ਕਾਇਦਿਆਂ ਨੂੰ ਜਬਤ ਕਰ ਲ਼ਿਆ। ਚੌਧਰੀ ਬੂੜ ਸਿੰਘ ਨੇ ਸਰਕਾਰ ਦੀ ਮਾਰੂ ਨੀਤੀ ਨੂੰ ਭਾਂਪ ਲਿਆ ਸੀ ਅਤੇ ਸਵੇਦੇਸੀ ਵਿਦਿਆ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। 1905 ਈ. ਵਿਚ ਉਹ ਗੜ੍ਹਦੀਵਾਲਾ ਦੇ ਮਿਊਨਿਸਪਲ ਕਮੇਟੀ ਦੇ ਪ੍ਰਧਾਨ ਬਣ ਗਏ। ਇਕ ਜ਼ਮੀਨ ਦੇ ਕੇਸ ਦੀ ਪੈਰਵਈ ਕਰਨ ਲਈ 1908 ਈ. ਵਿਚ ਉਚਤਮ ਅਦਾਲਤ ਪਰੀਵੀ ਕੌਂਸਲ ਵਿਚ ਕੇਸ ਦੀ ਦੇਖ ਭਾਲ ਕਰਨ ਲਈ ਇੰਗਲੈਂਡ ਪਹੁੰਚੇ। ਉਥੋਂ ਉਹ ਪ੍ਰੀਵੀ ਕੌਂਸਲ ਵਿਚ ਕੇਸ ਜਿੱਤ ਕੇ 1911 ਈ. ਵਿਚ ਵਾਪਸ ਗੜ੍ਹਦੀਵਾਲਾ ਆਏ।

ਉਸ ਸਮੇਂ ਗੜ੍ਹਦੀਵਾਲਾ ਅਤੇ ਸਮੁੱਚਾ ਕੰਢੀ ਦਾ ਇਲਾਕਾ ਜੋ ਰੇਤਲਾ ਨੀਮ ਪਹਾੜੀ ਇਲਾਕਾ ਸੀ ਜੋ ਹੁਸ਼ਿਆਰਪੁਰ-ਦਸੂਹਾ ਸੜਕ ਜੋ ਬੁਰੀ ਤਰ੍ਹਾਂ ਚੋਅ ਦੀ ਮਾਰ ਹੇਠ ਰਿਹਾ ਕਰਦਾ ਸੀ। ਬਰਸਾਤਾਂ ਦੇ ਦਿਨੀਂ ਕਈ ਕਈ ਦਿਨ ਦੀਆਂ ਝੜੀਆਂ ਲੱਗਿਆ ਕਰਦੀਆਂ ਸਨ। ਕਈ ਦਿਨ ਸੂਰਜ ਦਿਖਾਈ ਨਹੀਂ ਦਿਆ ਕਰਦਾ ਸੀ ਹੁਸ਼ਿਆਰਪੁਰ ਅਤੇ ਦਸੂਹਾ ਜਾਣ ਵਾਲੇ ਲੋਕਾਂ ਲਈ ਰਾਤ ਸਮੇਂ ਠਹਿਰਣ ਅਤੇ ਚੋਆਂ ਵਿਚ ਹੜ੍ਹ ਆ ਜਾਣ ਕਾਰਨ ਕੋਈ ਆਰਾਮ ਲਈ ਜਗ੍ਹਾ ਨਹੀਂ ਸੀ। ਉਸ ਮੁਸ਼ਕਲ ਨੂੰ ਹੱਲ ਕਰਨ ਲਈ ਚੌਧਰੀ ਬੂੜ ਸਿੰਘ ਨੇ ਗੜ੍ਹਦੀਵਾਲਾ ਵਿਚ ਇਕ ਇੱਟਾਂ ਦਾ ਭੱਠਾ ਲਗਾਇਆ ਅਤੇ ਫਿਰ ਰਾਹਗੀਰਾਂ ਲਈ ਗੜ੍ਹਦੀਵਾਲਾ ਅਤੇ ਚੋਅ ਦੇ ਵਿਚਕਾਰ ਸਰਾਂ ਬਣਾਈ ਗਈ ਜਿਥੇ ਰਾਹਗੀਰ ਰਾਤ ਸਮੇਂ ਰਹਿ ਸਕਦੇ ਸਨ।

ਪਹਿਲੀ ਸੰਸਾਰ ਜੰਗ ਸ਼ੁਰੂ ਹੋ ਚੁੱਕੀ ਸੀ, ਅੰਗਰੇਜ਼ ਹਕੂਮਤ ਨੇ ਪੰਜਾਬ ਵਿਚ ਅਨਪੜ੍ਹਤਾ ਫੈਲਾਉਣ ਲਈ ਅੱਡੀ ਚੋਟੀ ਦਾ ਤਾਣ ਲਗਾਇਆ ਹੋਇਆ

ਸੀ। ਕਿਹਾ ਜਾਂਦਾ ਹੈ ਕਿ ਪਿੰਡ ਭਾਨਾ ਦੇ ਸੂਬੇਦਾਰ ਸ਼ਾਮ ਸਿੰਘ ਜੋ ਫੌਜ ਵਿਚ ਨੌਕਰ ਸੀ, ਉਸਨੇ ਟੈਲੀਗਰਾਮ ਕਰਕੇ ਆਪਣੇ ਆਉਣ ਬਾਰੇ ਦੱਸਿਆ। ਪਿੰਡ ਭਾਨਾ ਵਿਚ ਕੋਈ ਪੜ੍ਹਿਆ ਹੋਇਆ ਨਹੀਂ ਸੀ। ਟੈਲੀਗਰਾਮ ਪੜ੍ਹਾਉਣ ਲਈ ਬੜੀ ਮੁਸ਼ਕਲ ਨਾਲ ਕੋਈ ਪੜ੍ਹਿਆ ਹੋਇਆ ਲਭਿਆ। ਸੂਬੇਦਾਰ ਸ਼ਾਮ ਸਿੰਘ ਨੇ ਪਿੰਡ ਭਾਨਾ ਵਿਖੇ ਇਸ ਮੁਸ਼ਕਲ ਨੂੰ ਦੂਰ ਕਰਨ ਲਈ ਪਿੰਡ ਭਾਨਾ ਵਿਚ ਇਕ ਪ੍ਰਾਇਮਰੀ ਸਕੂਲ ਖੋਲ੍ਹਿਆ।

ਕੁਝ ਸਮੇਂ ਬਾਅਦ ਭਾਈ ਬੂੜ ਸਿੰਘ ਨੇ ਸੂਬੇਦਾਰ ਸ਼ਾਮ ਸਿੰਘ ਭਾਨੇ ਵਾਲੇ ਨਾਲ ਸਲਾਹ ਮਸ਼ਵਰਾ ਕਰਕੇ ਭਾਨਾ ਪਿੰਡ ਤੋਂ ਸਕੂਲ ਗੜ੍ਹਦੀਵਾਲਾ ਲਿਜਾਣ ਦੀ ਸੋਚ ਸੋਚੀ ਅਤੇ ਸਰਕਾਰ ਤੋਂ ਮਨਜ਼ੂਰੀ ਲੈ ਲਈ ਅਤੇ 1917 ਈ. ਵਿਚ ਗੜ੍ਹਦੀਵਾਲਾ ਸੋਚ ਤੋਂ ਵੱਧ ਬੱਚੇ ਆਉਣੇ ਸ਼ੁਰੂ ਹੋ ਗਏ। ਇਮਾਰਤ ਸਕੂਲ ਦੀ ਕੋਈ ਨਹੀਂ ਸੀ ਇਸ ਲਈ ਜੋ ਚੌਧਰੀ ਬੂੜ ਸਿੰਘ ਨੇ ਰਾਹਗੀਰਾਂ ਲਈ ਆਪਣੇ ਖਰਚੇ ਤੇ ਸਰਾਂ ਬਣਾਈ ਸੀ, ਉਸ ਵਿਚ ਬੱਚਿਆਂ ਦੇ ਬੈਠਣ ਲਈ ਕਮਰੇ ਦੇ ਦਿੱਤੇ ਬੱਚਿਆਂ ਨੂੰ ਮੀਂਹ ਪਾਣੀ ਅਤੇ ਧੁੱਪ ਤੋਂ ਬਚਾਅ ਲਈ ਪੰਜਵੀ ਜਮਾਤ ਅਰਥਾਤ ਪ੍ਰਾਇਮਰੀ ਸਕੂਲ ਦੀ ਵਿਦਿਆ ਤੱਕ ਪ੍ਰਬੰਧ ਕੀਤਾ। ਪ੍ਰਬੰਧ ਕਰਨ ਲਈ ਖਾਲਸਾ ਸਕੂਲ ਕਮੇਟੀ ਦੇ ਨਾਮ ਪ੍ਰਬੰਧਕ ਕਮੇਟੀ ਬਣਾਈ ਗਈ।

1921 ਈ. ਵਿਚ ਖਾਲਸਾ ਹਾਈ ਸਕੂਲ ਕਮੇਟੀ ਵਲੋਂ ਉੱਘੇ ਸੰਤ, ਸੰਤ ਤੇਜਾ ਸਿੰਘ ਐਮ. ਏ. ਏ. ਐਮ. ਜਿਨ੍ਹਾਂ ਤੋਂ ਸਕੂਲ ਦੀ ਬਿਲਡਿੰਗ ਦਾ ਨੀਂਹ ਰਖਾਇਆ ਗਿਆ। ਜਿੰਨਾ ਚਿਰ ਤੱਕ ਬਿਲਡਿੰਗ ਨਾ ਮੁਕੰਮਲ ਸੀ ਸਕੂਲ ਦੇ ਬੱਚੇ ਚੌਧਰੀ ਬੂੜ ਸਿੰਘ ਜੀ ਵਲੋਂ ਤਿਆਰ ਕੀਤੀ ਸਰਾਂ ਵਿਚ ਬੈਠਕੇ ਵਿਦਿਆ ਪ੍ਰਾਪਤ ਕਰਦੇ ਰਹੇ। ਛੇਤੀ ਹੀ ਕੁਝ ਸਮੇਂ ਵਿਚ ਸਕੂਲ ਦੀ ਬਿਲਡਿੰਗ ਤਿਆਰ ਹੋ ਗਈ।

ਲਗਭਗ 1914 ਈ. ਵਿਚ ਬਾਬਾ ਹਰਨਾਮ ਸਿੰਘ ਜੀ ਜੋ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਗੜ੍ਹਦੀਵਾਲਾ 1872 ਈ. ਵਿਚ ਆਏ ਸਨ। ਅਟੱਲ ਪ੍ਰਤਾਪੀ ਸਤਿਗੁਰੂ ਜੀ ਨੇ ਭਲੀ ਭਾਂਤ ਜਾਣ ਲਿਆ ਸੀ ਗੁਰਮਤਿ ਦੇ ਪ੍ਰਚਾਰ ਦੀ ਉਥੇ ਲੋੜ ਹੈ। ਉਹਨਾਂ ਦੀ ਮਿਹਰ ਸਦਕਾ ਪਹਿਲਾਂ ਚੌਧਰੀ ਸ਼ਿਵ ਸਿੰਘ ਅਤੇ ਫਿਰ ਚੌਧਰੀ ਬੂੜ ਸਿੰਘ ਦਾ ਪ੍ਰੇਮ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬਹੁਤ ਬਣਿਆ ਰਿਹਾ। ਬਾਬਾ ਹਰਨਾਮ ਸਿੰਘ ਜੀ ਦੇ ਡੇਰੇ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਹੁਤ ਪ੍ਰੇਮ ਸੀ ਕਿਉਂਕਿ ਉਥੋਂ ਦਾ ਸ਼ਾਂਤ ਵਾਤਾਵਰਣ ਨਾਮ ਜਪਣ ਦੇ ਬਹੁਤ ਅਨੁਕੂਲ ਸੀ। ਉਸ ਡੇਰੇ ਦੀ ਵਰਤਮਾਨ ਸਮੇਂ ਭੂਗੋਲਿਕ ਸਥਿਤੀ ਇਸ ਪ੍ਰਕਾਰ ਹੈ-

ਬਾਬਾ ਹਰਨਾਮ ਸਿੰਘ ਜੀ ਦਾ ਡੇਰਾ ਮਿਰਜਾ ਪੁਰ ਸੜਕ ਤੇ 200 ਗਜ਼ ਅੱਗੇ ਗੜ੍ਹਦੀਵਾਲਾ ਬਿਜਲੀ ਬੋਰਡ ਦੇ ਦਫ਼ਤਰ ਤੋਂ ਖੱਬੇ ਹੱਥ ਸਥਿਤ ਹੈ। ਪੂਰਬ ਵੱਲ ਮਸਤੀਵਾਲ ਪਿੰਡ ਨੂੰ ਡੇਰੇ ਦੇ ਅੱਗੇ ਤੋਂ ਸੜਕ ਜਾਂਦੀ ਹੈ। ਇਸ ਡੇਰੇ ਵਿਚ ਬਾਬਾ ਹਰਨਾਮ ਸਿੰਘ ਜੀ ਨੇ ਤਪ ਕੀਤਾ ਸੀ ਅਤੇ ਕਰਾਮਾਤਾਂ ਦਿਖਾਈਆਂ ਸੀ। ਅਖੀਰ ਇਥੇ ਹੀ ਬਾਬਾ ਜੀ ਕੁਝ ਸਮਾਂ ਸਰੀਰ ਵਲੋਂ ਬੀਮਾਰ ਰਹਿ ਕੇ ਜੋਤੀ ਜੋਤ  ਸਮਾਂ ਗਏ ਸਨ।

ਸੰਤ ਆਲਾ ਸਿੰਘ ਤੇ ਸੰਤ ਦੂਨਾ ਸਿੰਘ ਜੀ ਜੋ ਸੰਤ ਬਾਬਾ  ਹਰਨਾਮ ਸਿੰਘ ਜੀ ਤੋਂ ਵਰੋਸਾਏ ਹੋਏ ਸਨ। ਬਾਬਾ ਜੀ ਦੀ ਕਿਰਪਾ ਨਾਲ ਕਾਫੀ ਟਾਹਲੀਆਂ ਡੇਰੇ ਵਿਚ ਲਗਾਈਆਂ ਗਈਆਂ ਸਨ ਜੋ ਹੁਣ ਇਮਾਰਤ ਸਾਜੀ ਲਈ ਤਿਆਰ ਹੋ ਚੁੱਕੀਆਂ  ਸਨ, ਉਹਨਾਂ ਨੂੰ ਗੜ੍ਹਦੀਵਾਲਾ ਦੇ ਲੋਕ ਵੱਢਣ ਨਹੀਂ ਸਨ ਦੇ ਰਹੇ। ਸਤਿਗੁਰੂ ਜੀ ਇਸ ਲਈ 1924 ਈ. ਵਿਚ ਡੇਰੇ ਗਏ ਸਨ ਅਤੇ ਉਥੇ ਠਹਿਰ ਕੇ ਸਿੰਘਾਂ ਤੋਂ ਟਾਹਲੀਆਂ ਲਈਆਂ। ਸੂਬਾ ਸੁਰਿੰਦਰ ਕੌਰ ਖਰਲ ਦੀ ਪੁਸਤਕ ‘ਪ੍ਰਕਾਸ਼ ਪੁੰਜ’ ਭਾਗ ਪਹਿਲਾ ਅਨੁਸਾਰ ਸੰਤ ਕੇਹਰ ਸਿੰਘ ਦਰਜੀ ਸਿੰਘ ਸਪੁੱਤਰ ਸੰਤ ਹੁਕਮ ਸਿਮਘ ਜੋ 85 ਸਾਲ ਦੀ ਉਮਰ ਵਿਚ ਜੋ ਸੰਨ 1996 ਨੂੰ ਸੰਤ ਨਗਰ ਜ਼ਿਲ੍ਹਾ ਸਿਰਸਾ ਵਿਖੇ ਰਹਿੰਦੇ ਸਨ। ਉਹਨਾਂ ਨੇ ਸੂਬਾ ਸੁਰਿੰਦਰ ਕੌਰ ਖਰਲ ਨੂੰ ਦੱਸਿਆ ਸੀ ਕਿ ਉਹਨਾਂ ਪਿਛਲਾ ਪਿੰਡ ਮਿਰਜਾਪੁਰ,  ਗੜ੍ਹਦੀਵਾਲ ਤੋਂ ਦੋ ਤਿੰਨ ਕਿਲੋਮੀਟਰ ਤੇ ਸੀ। ਉਹਨਾਂ ਨੇ ਦੱਸਿਆ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਗੜ੍ਹਦੀਵਾਲਾ ਦੇ ਡੇਰੇ ਦਾ ਸ਼ਾਂਤ ਵਾਤਾਵਰਣ ਅਤੇ ਨਾਮ ਸਿਮਰਨ ਲਈ ਬਹੁਤ ਪਸੰਦ ਸੀ।

1924 ਈ. ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਪਹਿਲੀ ਵਾਰ ਡੇਰੇ ਵਿਚ ਆਏ ਸਨ। ਸੂਬਾ ਸੁਰਿੰਦਰ ਕੌਰ ਖਰਲ ਉਪਰੋਕਤ ਪੁਸਤਕ ਦੇ ਸਫਾ 101 ਅਤੇ 102 ਤੇ ਲਿਖਦੇ ਹਨ[4]-

“...ਸੰਤ ਹਰਨਾਮ ਸਿੰਘ ਨਾਮਧਾਰੀ, ਗੜ੍ਹਦੀਵਾਲਾ ਰਹਿੰਦੇ ਸਨ ਤੇ ਉਹਨਾਂ ਦੇ ਨਾਂ ਨਾਲ ਹੀ ਇਹ ਡੇਰਾ ਮਸ਼ਹੂਰ ਸੀ। ਸ਼ਾਂਤ ਤੇ ਇਕਾਂਤ ਥਾਂ ਹੋਣ ਕਰਕੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਥੇ ਭਜਨ ਬਾਣੀ ਕਰਨ ਆਇਆ ਕਰਦੇ ਸਨ। ਜਦੋਂ ਸ੍ਰੀ ਗੜ੍ਹਦੀਵਾਲਾ ਆਉਂਦੇ ਤਦ ਆਲੇ ਦੁਆਲੇ ਦੇ ਸਿੱਖ ਸਾਧ ਆਉਂਦੇ, ਦੀਵਾਨ ਲੱਗਦਾ ਤੇ ਲੰਗਰ ਚਲਦਾ। ਦੀਵਾਨ, ਖਾਲਸਾ ਹਾਈ ਸਕੂਲ ਗੜ੍ਹਦੀਵਾਲਾ ਵਿਖੇ ਲੱਗਦਾ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਚਾਰ-ਪੰਜ ਕੁ ਸਾਲ ਦੇ ਬੇਅੰਤ ਜੀ ਨੂੰ ਲੈ ਕੇ ਗੜ੍ਹਦੀਵਾਲ ਡੇਰੇ ਵਿਚ ਆਏ। ਜਥੇਦਾਰ ਗੁਰਮੁਖ ਸਿੰਘ ਝੱਬਰ, ਸ਼ੇਰ ਸਿੰਘ ਦੋਲੇਵਾਲੀਆ, ਰਾਗੀ ਉਸਤਾਦ ਹਰਨਾਮ ਸਿੰਘ, ਸੰਤ ਲਾਲ ਸਿੰਘ

ਤੁਸ਼ਈ (ਤਊਸ) ਵਜਾਉਣ ਕਰਕੇ ਇਹਨਾਂ ਦਾ ਨਾਂ ਤੁਸ਼ਈ ਪਿਆ ਤੇ ਮਧਰੇ ਕੱਦ ਦਾ ਹੋਣ ਕਰਕੇ ਇਨ੍ਹਾਂ ਨੂੰ 'ਨਿੱਕੂ' ਵੀ ਆਖਿਆ ਜਾਂਦਾ ਸੀ, ਇਹ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ) ਬੂੜ ਸਿੰਘ (ਜਟਾਲੇ ਦੇ), ਗੁਰਦਿੱਤ ਸਿੰਘ ਤੇ ਹੋਰ ਸਿੱਖਾਂ ਸਾਧਾਂ ਸਮੇਤ ਪੰਦਰਾਂ ਸੌਲਾਂ ਕੁ ਸਰੀਰ ਗੜ੍ਹਦੀਵਾਲਾ ਡੇਰੇ ਵਿਚ ਰਹਿੰਦੇ ਸਨ। ਆਲਾ ਸਿੰਘ ਤੇ ਦੂਨਾ ਸਿੰਘ ਆਦਿ ਬਹੁਤ ਬੰਦਗੀ ਕਰਨ ਵਾਲੇ ਸਿਖ ਵੀ ਉਥੇ ਨਿਵਾਸ ਰੱਖਦੇ ਸਨ। ਜ਼ੈਲਦਾਰ ਸੁੰਦਰ ਸਿੰਘ ਤੇ ਚੌਦਰੀ ਸ਼ਿਵ ਦੇਵ ਸਿੰਘ ਆਦਿ ਪਿੰਡ ਵਿਚਲੇ ਮੰਨੇ ਪ੍ਰਮੰਨੇ ਸਿੱਖ ਸਨ।

ਚੌਧਰੀ ਬੂੜ ਸਿੰਘ ਜੀ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਚੰਗਾ ਤਾਲ ਮੇਲ ਸੀ। ਉਹਨਾਂ ਦੇ ਤਾਲ ਮੇਲ ਨਾਲ ਨਾਮਧਾਰੀਆਂ ਨਾਲ ਉਸ ਸਮੇਂ ਚੰਗੇ ਸੰਬੰਧ ਸਨ। ਉਹਨਾਂ ਦੀ ਫੋਟੋ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦਾ 100 ਸਾਲਾ ਇਤਿਹਾਸ ਜਿਸਨੂੰ ਸ. ਚੇਤਨ ਸਿੰਘ ਜੀ ਸਾਬਕਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ 2021 ਨੇ ਸਕੂਲ ਵਲੋਂ ਪ੍ਰਕਾਸ਼ਤ ਕਰਵਾਈ ਸੀ। ਚੌਧਰੀ ਬੂੜ ਸਿੰਘ ਦੀ ਉਹ ਫੋਟੋ ਧੰਨਵਾਦ ਸਹਿਤ ਇਥੇ ਪ੍ਰਕਾਸ਼ਤ ਕਰਵਾਈ ਹੈ।[5]

ਸੁਵਰਨ ਸਿੰਘ ਵਿਰਕ[6] ਜੀ ਆਪਣੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਦੁਆਰਾ ਦੱਸੀ ਕਥਾ ਆਪਣੇ ਲੇਖ ਵਿਚ ਲਿਖਦੇ ਹਨ ਕਿ 1925 ਤੋਂ 1927 ਤੱਕ ਤਿੰਨ ਸਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ ਗੜ੍ਹਦੀਵਾਲਾ ਡੇਰੇ ਰਹੇ ਅਤੇ ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਦੀ ਸਿੱਖਿਆ ਦਾ ਪ੍ਰਬੰਧ ਵੀ ਡੇਰੇ ਵਿਚ ਕੀਤਾ ਸੀ। ਇਕ ਦਿਨ ਸਤਿਗੁਰੂ ਜੀ ਕਿਧਰੇ ਬਾਹਰ ਗਏ ਹੋਏ ਸਨ।

ਡੇਰੇ ਵਿਚ ਦੁੱਧ ਪੀਣ ਲਈ ਇਕ ਮੱਝ ਤੇ ਗਾਂ ਰੱਖੀ ਹੋਈ ਸੀ। ਜਥੇਦਾਰ ਝੱਬਰ ਜੀ ਦੱਸਦੇ ਹਨ ਕਿ ਮੈਂ ਦੇਵਨੇਤ ਸੌਦਾ ਆਦਿਕ ਲੈਣ ਲਈ ਬਾਜਾਰ ਗਿਆ ਹੋਇਆ ਸਾਂ। ਡੇਰੇ ਨਾਲ ਬਸੰਤੇ ਨਾਮ ਦੇ ਅਕਾਲੀ ਦਾ ਖੇਤ ਸੀ ਜੋ ਬਹੁਤ ਗੁਸੇਖੋਰ ਸੀ। ਗਾਂ, ਬਸੰਤੇ ਦੇ ਖੇਤ ਵਿਚ ਪੈ ਗਈ। ਬਸੰਤੇ ਨੇ ਗਾਂ ਦੇ ਗਲੋਂ ਰੱਸਾ ਲਾਹ ਲਿਆ। ਬੇਅੰਤ ਜੀ ਅਤੇ ਲਾਲ ਸਿੰਘ ਰਸਾ ਲੈਣ ਗਏ ਪ੍ਰੰਤੂ ਰੱਸਾ ਨਾ ਲੱਭਾ। ਜਥੇਦਾਰ ਜੀ ਬਸੰਤੇ ਦੇ ਖੇਤ ਵੱਲ ਗਏ, ਉਹਦਾ ਹਲ ਅਤੇ ਪੰਜਾਲੀ ਚੁੱਕ ਲਿਆਂਦਾ।

ਸਵੇਰ ਸਮੇਂ ਬਸੰਤੇ ਨੇ ਮੋਢਿਆਂ ਤੇ ਕੁਹਾੜੀ ਰੱਖੀ ਹੋਈ ਸੀ, ਡੇਰੇ ਵੱਲ ਵਾਹੋਦਾਹੀ ਦੌੜਾ ਗਾਹਲਾਂ ਕੱਢਦਾ ਆ ਰਿਹਾ ਸੀ। ਸ਼ਹਿਰ ਵਿਚ ਉਸਨੇ ਆਪਣੇ ਸੁਭਾਅ ਨਾਲ ਦਹਿਸ਼ਤ ਪਾ ਰੱਖੀ ਸੀ। ਜੇਕਰ ਉਹ ਆਪਣੀ ਡਾਂਗ ਨਾਲ ਕਿਸੇ ਹੱਥ ਕਿਸੇ ਦੁਕਾਨਦਾਰ ਵੱਲ ਭੇਜ ਦਿੰਦਾ ਤਾਂ ਅਗੋਂ ਉਹ ਦੁਕਾਨਦਾਰ

ਬਿਨਾਂ ਕਿਸੇ ਹੀਲ ਹੁਜਤ ਦੇ ਡਾਂਗ ਨਾਲ ਉਹ ਸ਼ੈਅ ਬੰਨ ਕੇ ਭੇਜ ਦਿੰਦਾ ਸੀ।

ਅੱਜ ਬਸੰਤੇ ਦਾ ਵਾਹ ਨਾਮਧਾਰੀਆਂ ਨਾਲ ਪੈ ਗਿਆ ਸੀ। ਭਾਈ ਹਰਨਾਮ ਸਿੰਘ ਰਾਗੀ ਜੋ ਸਰੀਰ ਪਖੋਂ ਤਕੜਾ ਸੀ ਪ੍ਰੰਤੂ ਉਹ ਵੀ ਬਸੰਤ ਅੱਗੇ ਟਿਕ ਨਾ ਸਕਿਆ ਭਾਵ ਟਿਕਣ ਦਾ ਹੌਸਲਾ ਨਾ ਕੀਤਾ। ਜਥੇਦਾਰ ਗੁਰਮੁਖ ਸਿੰਘ ਨੂੰ ਵਿਚਾਰ ਆਈ, ਪ੍ਰਭੂ ਰਾਮ ਜੀ ਨੇ ਬਾਲੀ ਦਾ ਮੁਕਾਬਲਾ ਕਰਨ ਲਈ ਛੁੱਪ ਕੇ ਤੀਰ ਮਾਰਿਆ ਸੀ ਜੋ ਸਮੇਂ ਅਨੁਸਾਰ ਲੋੜੀਂਦਾ ਸੀ। ਜਥੇਦਾਰ ਗੁਰਮੁਖ ਸਿੰਘ ਨੇ ਮਨ ਵਿਚ ਵਿਚਾਰ ਕਰਕੇ ਤੂਤ ਦੇ ਓਹਲੇ ਖੜੇ ਹੋ ਗਏ।

ਬਸੰਤਾ ਖੜੱਪੇ ਸੱਪ ਵਾਂਗ ਫੁੰਕਾਰੇ ਮਾਰਦਾ ਜਦੋਂ ਤੂਤ ਦੇ ਨੇੜਿਓਂ ਲੰਘਣ ਲੱਗਾ ਤਾਂ ਜਥੇਦਾਰ ਜੀ ਨੇ ਪੂਰੇ ਜੋਰ ਨਾਲ ਬਸੰਤੇ ਦੇ ਡਾਂਗ ਮਾਰੀ ਜੋ ਉਹ ਜ਼ਮੀਨ ਤੇ ਬਸੰਤਾ ਡਿੱਗ ਪਿਆ। ਡਿਗਦੇ ਦੇ ਦੋ ਤਿੰਨ ਵਾਰ ਜਥੇਦਾਰ ਜੀ ਨੇ ਫਿਰ ਕੀਤੇ ਅਤੇ ਉਸਨੂੰ ਦਬਕਾਇਆ ਵੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚੌਧਰੀ ਬੂੜ ਸਿੰਘ ਨਾਲ ਮੇਲ ਜੋਲ ਕਰਵਾ ਦਿੱਤਾ ਹੋਇਆ ਸੀ। ਜਥੇਦਾਰ ਜੀ ਨੇ ਸਾਰਾ ਕੇਸ ਬੂੜ ਸਿੰਘ ਨੂੰ ਦੱਸਿਆ ਤਾਂ ਉਸ ਕਿਹਾ 'ਕੋਈ ਗਲ ਨਹੀਂ, ਉਹ ਸਾਰੇ ਸ਼ਹਿਰ ਨੂੰ ਕੁਟਦਾ ਸੀ, ਤਾਂ ਕੀ ਹੋਇਆ ਜੇ ਤੁਸੀਂ ਉਸਨੂੰ ਕੁਟਿਆ ਹੈ।' ਚੌਧਰੀ ਬੂੜ ਸਿੰਘ ਨੇ ਕਿਸੇ ਤਰ੍ਹਾਂ ਕੇਸ ਰਫਾ ਦਫਾ ਕਰਵਾ ਦਿੱਤਾ। ਇਸ ਵਾਰਦਾਤ ਨਾਲ ਨਾਮਧਾਰੀ ਪੰਥ ਦੀ ਇਜ਼ਤ ਵਿਚ ਬਹੁਤ ਵਾਧਾ ਹੋਇਆ।

ਚੌਧਰੀ ਬੂੜ ਸਿੰਘ ਜਾਤ ਪਾਤ ਦੇ ਆਧਾਰ ਤੇ ਵਿਤਕਰਾ ਕਰਨ ਦੇ ਖਿਲਾਫ ਸਨ। ਉਹ ਨਾਂਹ ਤਾਂ ਕਿਸੇ ਧਰਮ ਤੇ ਮਤ ਭੇਦ ਕਰਦੇ ਸਨ ਅਤੇ ਸਦਾ ਹੀ ਉਹ ਮਾਨਵਤਾ ਦੀ ਸੇਵਾ ਲਈ ਤਤਪਰ ਰਹਿੰਦੇ ਸਨ। ਉਹਨਾਂ ਨੇ ਹਰੀਜਨਾਂ ਨੂੰ ਵਸਾਉਣ ਲਈ ਆਪਣੀ ਜ਼ਮੀਨ ਜੋ ਗੜ੍ਹਦੀਵਾਲਾ ਟਾਂਡਾ ਸੜਕ ਤੇ 'ਕੁਲੀਆਂ' ਪਿੰਡ ਵਿਚ ਚੌਧਰੀ ਬੂੜ ਸਿੰਘ ਨਗਰ ਵਸਾਕੇ ਉਹਨਾਂ ਲੋਕਾਂ ਨੂੰ ਜੱਦੀ ਮਾਲਕ ਬਣਾ ਦਿੱਤੇ ਸਨ।

ਉਹਨਾਂ ਦੀ ਬਾਗਬਾਂਨੀ ਵਿਚ ਬਹੁਤ ਦਿਲਚਸਪੀ ਸੀ। ਉਹਨਾਂ ਨੇ ਚੂਪਣ ਵਾਲੇ ਅੰਬਾ ਦੀਆਂ ਆਪਣੀ ਜ਼ਮੀਨ ਵਿਚ ਕਈ ਕਿਸਮਾਂ ਲਗਾਈਆਂ ਅਤੇ ਫਿਰ ਦੇਸੀ ਅੰਬਾਂ ਦੀਆਂ ਨੁਮਾਇਸ਼ਾਂ ਵਿਚ ਬੜੇ ਸ਼ੋਕ ਨਾਲ ਭਾਗ ਲੈਂਦੇ ਸਨ ਅਤੇ ਇਨਾਮ ਜਿਤਦੇ ਸਨ। ਉਹ ਮਾਨਵਤਾ ਦੇ ਹਿਤੈਸ਼ੀ ਸਮਾਜ ਦੀ ਸੇਵਾ ਲਈ ਸਦਾ ਤਤਪਰ ਰਹਿਣ ਵਾਲੇ ਚੌਧਰੀ ਬੂੜ ਸਿੰਘ 9 ਮਈ 1943 ਈ. ਨੂੰ ਸਦਾ ਲਈ ਸਭ ਨੂੰ ਅਲਵਿਦਾ ਕਹਿ ਗਏ। ਉਹਨਾਂ ਦੇ ਸਦਾ ਕਾਰਨਾਮਿਆਂ ਨੂੰ ਯਾਦ ਕੀਤਾ ਜਾਂਦਾ ਰਹੇਗਾ।

## ਫੁੱਟ ਨੋਟ ਅਤੇ ਟਿਪਣੀਆਂ

1. ਸੁਵਰਨ ਸਿੰਘ ਵਿਰਕ: ਕੂਕਾ ਲਹਿਰ ਦੇ ਅਮਰ ਨਾਇਕ, ਪੰਨਾ 693
2. ਸ. ਚੇਤਨ ਸਿੰਘ ਡਾਇਰੈਕਟਰ (ਸੰਪਾਦਕ) ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲਾ, ਇਤਿਹਾਸ, ਪ੍ਰਾਪਤੀਆਂ ਝਲਕੀਆਂ ਪੰਨਾ 15
3. ਸੰਤ ਇੰਦਰ ਸਿੰਘ ਚਕਰਵਰਤੀ: ਗੋਬਿੰਦ ਦਾਸ ਤੋਂ ਸੰਤ ਹਰਨਾਮ ਸਿੰਘ, ਸਤਿਜੁਗ ਅਖਬਾਰ ਦਾ 'ਬਸੰਤ ਅੰਕ', ਪੰਨਾ 172, 10 ਮਾਘ 1992, 1936 ਈ.
4. ਸੂਬਾ ਸੁਰਿੰਦਰ ਕੌਰ ਖਰਲ: ਪ੍ਰਕਾਸ ਪੁੰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੀਵਨ (ਭਾਗ ਪਹਿਲਾ) ਪੰਨਾ 101-102
5. ਸ. ਚੇਤਨ ਸਿੰਘ: ਓਹੀ, ਪੰਨਾ 15
6. ਸੁਵਰਨ ਸਿੰਘ ਵਿਰਕ: ਓਹੀ, ਪੰਨਾ 696-697

# ਬਾਬਾ ਹਰਨਾਮ ਸਿੰਘ ਜੀ ਦਾ ਅਕਾਲ ਚਲਾਣਾ

ਜੋ ਵੀ ਇਨਸਾਨ ਇਸ ਸੰਸਾਰ ਤੇ ਆਇਆ ਹੈ, ਉਸਦਾ ਅੰਤ ਅਵਸ਼ ਹੋਣਾ ਹੈ ਇਹ ਜਗਤ ਦੀ ਰੀਤ ਹੈ ਅਤੇ ਸੰਪੂਰਨ ਸੱਚ ਹੈ। ਇਨਸਾਨ ਇਹ ਸੱਚ ਬਾਰੇ ਭਲੀ ਭਾਂਤ ਜਾਣਦਾ ਵੀ ਹੈ ਫਿਰ ਵੀ ਜਾਣ ਬੁਝ ਕੇ ਇਸ ਸੱਚ ਵਲੋਂ ਕਿਨਾਰਾ ਕਰਕੇ ਦੁਨਿਆਵੀ ਭੰਬਲ ਭੂਸਿਆਂ ਵਿਚ ਪਿਆ ਰਹਿੰਦਾ ਭਾਵ ਸਾਰੀ ਉਮਰ ਹੀ ਇਸ ਤਰ੍ਹਾਂ ਲੰਘਾ ਦੇਂਦਾ ਹੈ। ਫਿਰ ਜਿਸ ਪਰਿਵਾਰ ਲਈ ਦਿਨ ਰਾਤ ਟੁੱਟ-ਟੁੱਟ ਮਰਦਾ ਹੈ, ਉਹੀ ਪਰਿਵਾਰ ਉਸਦੀ ਬੁਢਾਪੇ ਵਿਚ ਸੇਵਾ ਨਹੀਂ ਕਰਦੇ। ਕਈ ਪਰਿਵਾਰ ਤਾਂ ਬਜੁਰਗਾਂ ਨੂੰ ਆਸ਼ਰਮਾਂ ਵਿਚ ਛੱਡ ਆਉਂਦੇ ਹਨ ਅਤੇ ਸਾਲ, ਛੇ ਮਹੀਨੇ ਬਾਅਦ ਰਕਮ ਭੇਜ ਦੇਂਦੇ ਹਨ ਪ੍ਰੰਤੂ ਬਜ਼ੁਰਗਾਂ ਬਾਰੇ ਕੋਈ ਪੁੱਛ ਗਿਛ ਨਹੀਂ ਕਰਦੇ। ਉਹ ਇਹ ਨਹੀਂ ਜਾਣਦੇ ਕਿ ਅੰਤ ਨੂੰ ਐਸੇ ਕਾਰਜਾਂ ਦਾ ਹਿਸਾਬ ਵੀ ਅੰਤ ਨੂੰ ਅਕਾਲ ਪੁਰਖ ਦੇ ਦਰਬਾਰ ਹੋਣਾ ਹੈ। ਬਾਬਾ ਫਰੀਦ ਜੀ ਇਨਸਾਨ ਨੂੰ ਸਿਖਿਆ ਦੇਂਦੇ ਹੋਏ ਬਚਨ ਕਰਦੇ ਹਨ-

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ, ਸਾਂਈ ਦੇ ਦਰਬਾਰਿ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1381

ਦੂਜੇ ਪਾਸੇ ਗੁਰਮੁਖ ਪਿਆਰੇ ਭਾਗਾਂ ਵਾਲੇ ਇਨਸਾਨ ਹਨ ਜੋ ਹਮੇਸ਼ਾ ਅਕਾਲ ਪੁਰਖ ਦੀ ਬੰਦਗੀ ਕਰਦੇ ਹਨ ਅਤੇ ਫਿਰ ਜੋ ਉਹਨਾਂ ਨੂੰ ਬੰਦਗੀ ਕਰਕੇ ਅਧਿਆਤਮਕ ਤਾਕਤ ਮਿਲਦੀ ਹੈ। ਉਹ ਉਸ ਨਾਲ ਸੰਸਾਰ ਦੇ ਜੀਵਾਂ ਦਾ ਭਲਾ ਕਰਦੇ ਹਨ ਲੋਕਾਈ ਉਹਨਾਂ ਨੂੰ ਬ੍ਰਹਮ ਗਿਆਨੀ, ਮਹਾਂਪੁਰਸ਼, ਸਤਿਗੁਰੂ ਆਦਿਕ ਸ਼ਬਦਾਂ ਨਾਲ ਯਾਦ ਕਰਦੀ ਹੈ। ਉਹ ਆਪ ਵੀ ਬੰਦਗੀ ਅਤੇ ਨਾਮ ਸਿਮਰਨ ਕਰਦੇ ਹਨ ਅਤੇ ਇਹੋ ਹੀ ਉਹ ਗੁਰ ਸਿੱਖਾਂ ਨੂੰ ਕਰਨ ਨੂੰ ਪ੍ਰੇਰਨਾ ਕਰਦੇ ਹਨ। ਬਾਬਾ ਫਰੀਦ ਜੀ ਅੰਮ੍ਰਿਤ ਵੇਲੇ ਉਠਣ ਨੂੰ ਅਤੇ ਉਜੂ ਕਰਕੇ ਨਾਮ ਜਪਣ ਦੀ ਸਿੱਖਿਆ ਦੇਂਦੇ ਹਨ-

ਉਠ ਫਰੀਦਾ ਉਜੂ ਸਾਜਿ, ਸੁਬਹ ਨਿਵਾਜ ਗੁਜਾਰਿ॥
ਜੋ ਸਿਰ ਸਾਈ ਨਾ ਨਿਵੈ, ਸੋ ਸਿਰਕਪਿ ਉਤਾਰਿ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1382

ਜਿਹੜੇ ਮਨਮੁੱਖ ਬੰਦੇ ਨਾਮ ਨਹੀਂ ਜਪਦੇ, ਮਾਇਆ ਵਿਚ ਗਲਤਾਨ ਹਨ, ਉਹਨਾਂ ਦੇ ਮੁੱਖ ਡਰਾਵਣੇ ਹਨ ਸ਼ੇਖ ਫਰੀਦ ਜੀ ਆਪਣੀ ਬਾਣੀ ਵਿਚ ਇਸ ਪ੍ਰਕਾਰ ਕਿਰਪਾ ਕਰਦੇ ਹਨ-

ਫਰੀਦ ਤਿਨਾ ਮੁਖ ਡਰਾਵਣੇ, ਜਿਨਾ ਵਿਸਾਰਓਨੁ ਨਾਉ॥
ਐਥੇ ਦੁਖ ਘਣੇਰਿਆ, ਅਗੈ ਠਉਰ ਨਾ ਨਾਉ॥ 106॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1381

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸਾਨੂੰ ਸਮਾਂ ਵਿਚਾਰਨ ਅਤੇ ਨਾਮ ਸਿਮਰਨ ਦੀ ਵਾਰ-ਵਾਰ ਪ੍ਰੇਰਨਾ ਕਰਦੀ ਹੈ ਅਤੇ ਬੁਰੇ ਕਰਮ ਤੋਂ ਸਾਨੂੰ ਬਚਣ ਲਈ ਪ੍ਰੇਰਦੀ ਹੈ-

ਬੁਰੇ ਕਾਮ ਕਉ ਊਠਿ ਖਲੋਇਆ। ਨਾਮ ਕੀ ਬੇਲਾ ਪੈ ਪੈ ਸੋਇਆ।
ਅਉਸਰੁ ਅਪਨਾ ਬੂਝੈ ਨ ਇਆਨਾ। ਮਾਇਆ ਮੋਹਿ ਰੰਗਿ ਲਪਟਾਨਾ॥

(ਮ:5, ਪੰਨਾ 738)

ਸ੍ਰੀ ਗੁਰੂ ਅਰਜਨ ਦੇਵ ਜੀ ਬਾਣੀ ਵਿਚ ਸਾਨੂੰ ਭੇਖ ਪਖੰਡੀ ਭਾਵ ਕਚੜਿਆਂ ਤੋਂ ਮੁਖ ਵਟਣ ਅਤੇ ਸੰਤਾਂ ਦਾ ਸੰਗ ਕਰਨ ਲਈ ਪ੍ਰੇਰਦੀ ਹੈ-

ਨਾਨਕ ਕਚੜਿਆ ਸਿਉਂ ਤੋੜਿ ਢੂਢਿ ਸਜਣ ਸੰਤ ਪਕਿਆ।
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ।

(ਮ:5, ਪੰਨਾ 1102)

ਗੁਰਮੁਖ, ਸੰਤ, ਬ੍ਰਹਮ ਗਿਆਨੀ ਵਾਲੀ ਸ਼ਖ਼ਸੀਅਤ ਵਾਲੇ ਗੁਣ ਸੱਚ ਤੇ ਪਹਿਰਾ ਦੇਣ ਵਾਲੇ ਸਤਿ ਪੁਰਖ ਬਾਬਾ ਹਰਨਾਮ ਸਿੰਘ ਜੀ ਗੜ੍ਹਦੀਵਾਲਾ ਵਾਲੇ ਸਨ। ਉਹਨਾਂ ਨੇ ਸਾਰੀ ਉਮਰ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਜੋ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲਾਂ ਤੇ ਆਧਾਰਤ ਸੀ ਦਾ ਪ੍ਰਚਾਰ ਕੀਤਾ ਸੀ। ਉਹ ਪੰਜਾਬ ਅਤੇ ਪੰਜਾਬ ਤੋਂ ਬਾਹਰ ਬਿੰਦਰਾਬਨ ਤੱਕ ਮਿਸ਼ਨ ਦੇ ਪ੍ਰਚਾਰ ਕਰਨ ਲਈ ਗਏ। ਆਪ ਜੀ ਲਾਲ ਘੋੜੀ (ਲਾਖੇ ਰੰਗ ਦੀ ਘੋੜੀ) ਤੇ ਸਵਾਰ ਹੋ ਕੇ ਦੂਰ ਦੁਰਾਡੇ ਤੱਕ ਜਾਇਆ ਕਰਦੇ ਸਨ। ਭਾਵੇਂ ਉਹ ਜਿਆਦਾਤਰ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਹੀ ਰਹੇ ਅਤੇ ਜ਼ਿਲ੍ਹਾ ਗੁਰਦਾਸਪੁਰ ਵਿਚ ਕਾਂਦੀਆਂ ਅਤੇ ਜ਼ਿਲ੍ਹਾ ਹੁਸਿਆਰਪੁਰ ਵਿਚ ਪਿੰਡ ਭਟੀਆਂ ਦੇ ਡੇਰੇ ਵਿਚ ਅਤੇ ਗੜ੍ਹਦੀਵਾਲਾ ਦੇ ਡੇਰੇ ਵਿਚ ਰਹਿਣ ਕਾਰਨ ਸ੍ਰੀ ਭੈਣੀ ਸਾਹਿਬ ਦੇ ਇਤਿਹਾਸ ਦੇ ਪੰਨਿਆ ਵਿਚੋਂ ਬਾਬਾ ਜੀ ਦਾ ਨਾਮ ਗਾਇਬ ਹੋ ਗਿਆ ਹੈ।

ਇਨਸਾਨ ਭਾਵੇਂ ਉਹ ਗੁਰਮੁਖ ਬਿਰਤੀ ਵਾਲਾ ਹੋਵੇ ਜਾਂ ਮਨਮੁਖ ਸੁਭਾਅ ਵਾਲਾ ਹੋਵੇ ਜੋ ਉਸਨੇ ਬਚਪਨ ਵਿਚ ਜਾਂ ਜਵਾਨੀ ਸਮੇਂ ਮੱਲਾਂ ਮਾਰੀਆਂ ਹੋਣ, ਉਸਦੇ ਉਲਟ ਬੁਢਾਪੇ ਸਮੇਂ ਵਿਚ ਜਦੋਂ ਸਰੀਰ ਨਿਰਬਲ ਹੋ ਗਿਆ ਹੋਵੇ ਅਤੇ ਹੱਥ ਕੰਬਦੇ ਹੋਣ, ਨੈਣ ਜੋਤ ਹੀਣ ਜਾਂ ਫਿਰ ਘੱਟ ਨਜ਼ਰ ਆ ਰਿਹਾ ਹੋਵੇ

ਤਾਂ ਉਹ ਬਚਪਨ ਜਾਂ ਫਿਰ ਜਵਾਨੀ ਵਿਚ ਕੀਤੇ ਕਰਮਾਂ ਨੂੰ ਯਾਦ ਕਰਦਾ ਹੈ। ਸ਼ੇਖ ਫਰੀਦ ਜੀ ਨੇ ਆਪਣੀ ਬਾਣੀ ਵਿਚ ਉਸ ਅਵਸਥਾ ਬਾਰੇ ਇਸ ਪ੍ਰਕਾਰ ਲਿਖਿਆ ਹੈ-

ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮਿ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1378

ਜ਼ਿੰਦਗੀ ਦੇ ਇਹੋ ਸੱਚ ਦਾ ਸਾਹਮਣਾ ਬਾਬਾ ਜੀ ਨੂੰ ਵੀ ਕਰਨਾ ਪਿਆ ਅਰਥਾਤ ਬਿਰਧ ਉਮਰ ਵਿਚ ਸਰੀਰ ਨਿਰਬਲ ਹੋ ਗਿਆ। ਜਵਾਨੀ ਦੀ ਉਮਰ ਵਿਚ ਪੂਰੇ ਪੰਜਾਬ ਵਿਚ ਵਿਚਰਨ ਵਾਲੇ ਮਹਾਂਪੁਰਸ਼ ਅਤੇ ਉਤਰ ਪ੍ਰਦੇਸ਼ ਵਿਚ ਬਿੰਦਰਾਬਨ ਤੱਕ ਜਾ ਕੇ ਭਗਵਾਨ ਸ੍ਰੀ ਕ੍ਰਿਸ਼ਨ ਵਾਲੀਆਂ ਰਾਸ ਲੀਲਾ ਕਰਨ ਵਾਲੇ ਬਾਬਾ ਫਰੀਦ ਜੀ ਵਾਂਗ ਬਿਰਧ ਉਮਰ ਵਿਚ ਕਮਜ਼ੋਰ ਹੋ ਗਏ। ਕਦੇ ਗੜ੍ਹਦੀਵਾਲਾ ਅਤੇ ਕਦੇ ਪਿੰਡ ਭਟੀਆਂ ਅਤੇ ਹੋਰ ਆਲੇ ਦੁਆਲੇ ਦੇ ਇਲਾਕੇ ਵਿਚ ਘੋੜੀ ਤੇ ਸਵਾਰ ਹੋ ਕੇ ਆਪਣੇ ਸਿਖ ਸੇਵਕਾਂ ਨੂੰ ਦਰਸ਼ਨ ਦੇਣ ਵਾਲੇ ਬਿਰਧ ਉਮਰ ਵਿਚ ਕਮਜ਼ੋਰ ਹੋ ਗਏ। ਬਾਬਾ ਫਰੀਦ ਜੀ ਵਾਂਗ ਵੁਜ਼ੂ ਕਰਨ ਵਾਲਾ ਜਲ ਦਾ ਕੂਜੜਾ ਵੀ ਸੈ ਕੋਹਾਂ ਦੂਰ ਜਾਪਣ ਲੱਗ ਪਿਆ ਸੀ। ਇੰਨਾ ਕੁਝ ਹੁੰਦਿਆਂ ਵੀ ਬਾਬਾ ਹਰਨਾਮ ਸਿੰਘ ਜੀ ਨੇ ਹੌਸਲਾ ਨਾ ਹਾਰਿਆ ਸਗੋਂ ਜਿਥੇ ਵੀ ਬਿਰਧ ਅਵਸਥਾ ਵਿਚ ਸਿੱਖਾਂ ਸੰਗਤਾਂ ਨੂੰ ਲੋੜ ਪੈਂਦੀ। ਬਾਬਾ ਜੀ ਪਲੰਘ ਤੇ ਬੈਠ ਜਾਂਦੇ ਅਤੇ ਉਹਨਾਂ ਦੇ ਚਾਰ ਸੇਵਕ ਪਲੰਘ ਨੂੰ ਮੋਢਿਆਂ ਤੇ ਚੁੱਕ ਕੇ ਜਿਥੇ ਜਾਣਾ ਹੁੰਦਾ, ਬਾਬਾ ਜੀ ਨੂੰ ਉਥੇ ਪਹੁੰਚਾਇਆ ਜਾਂਦਾ ਸੀ।

ਪੁਰਾਣੇ ਸਿੱਖ ਦਸਦੇ ਹਨ ਕਿ ਮੱਕੋਵਾਲ ਦੇ ਪਹਾੜੀ ਇਲਾਕੇ ਵਿਚ ਹੜ੍ਹ ਆ ਗਿਆ ਸੀ, ਸਿੱਖ ਸੇਵਕਾਂ ਦੀ ਜਾਨ ਖਤਰੇ ਵਿਚ ਆ ਗਈ ਸੀ ਅਤੇ ਘਰ ਢਹਿਣੇ ਸ਼ੁਰੂ ਹੋ ਗਏ ਸਨ। ਬਾਬਾ ਜੀ ਨੂੰ ਇਲਾਕੇ ਵਿਚ ਚਰਨ ਪਾਉਣ ਦੀ ਬੇਨਤੀ ਕੀਤੀ ਗਈ। ਮਕੋਵਾਲ ਪਿੰਡ ਦਾ ਇਲਾਕਾ ਪਹਾੜੀ ਹੈ, ਉਹਨਾਂ ਦਿਨਾਂ ਵਿਚ ਜਦੋਂ ਬਾਰਸ਼ ਹੁੰਦੀ ਤਾਂ ਚੋਆਂ ਵਿਚ ਹੜ੍ਹ ਬੜੇ ਜ਼ੋਰ ਨਾਲ ਆਇਆ ਕਰਦਾ ਸੀ। ਬਾਬਾ ਜੀ ਪਲੰਘ ਤੇ ਬੈਠ ਗਏ ਸਿੱਖਾਂ ਨੇ ਪਲੰਘ ਚੁਕਿਆ ਤਾਂ ਮਕੋਵਾਲ ਬਾਬਾ ਜੀ ਗਏ। ਉਹਨਾਂ ਜਾਂਦਿਆਂ ਹੀ ਹੱਥ ਵਿਚ ਪਕੜੀ ਹੋਈ ਛਿੱਟੀ ਨਾਲ ਬਚਨ ਕੀਤਾ ਕਿ ਇਧਰ ਕੋ ਨਹੀ ਉਧਰ ਕੋ ਹੋ ਜਾਓ। ਇਹ ਬਚਨ ਕਰਨ ਤੇ ਸਾਰਾ ਹੜ੍ਹ ਦਾ ਪਾਣੀ ਇਕ ਦਮ ਰੁੱਕ ਗਿਆ ਅਤੇ ਫਿਰ ਦਿਸ਼ਾ ਬਦਲ ਕੇ ਹੋਰ ਪਾਸੇ ਵਲ ਵਹਿਣ ਲੱਗ ਪਿਆ। ਬਾਬਾ ਜੀ ਨੇ ਇਸ ਪ੍ਰਕਾਰ ਸਿੱਖ ਸੇਵਕਾਂ ਦੀ ਜੋ ਮੱਕੋਵਾਲ ਰਹਿੰਦੇ ਸਨ ਉਹਨਾਂ ਦੀ ਰੱਖਿਆ ਕੀਤੀ। ਉਹਨਾਂ ਦਾ ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਦਾ ਪ੍ਰਚਾਰ ਕਰਨ ਦਾ

ਇਹ ਢੰਗ ਅਨੋਖਾ ਸੀ, ਇਸ ਤਰ੍ਹਾਂ ਉਹ ਲੋਕ ਸ੍ਰੀ ਭੈਣੀ ਸਾਹਿਬ ਨਾਲ ਜੁੜ ਜਾਂਦੇ ਸਨ।

ਸੰਮਤ 1971 ਬਿ: (1914 ਈ.) ਦੇ ਸਾਲ ਨੇ ਦਸਤਕ ਦੇ ਦਿੱਤੀ ਸੀ। ਬਾਬਾ ਜੀ ਦੇ ਯਤਨਾਂ ਸਦਕਾ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਗੁਰਦਾਸ ਪੁਰ ਜ਼ਿਲ੍ਹੇ ਵਿਚ ਧੜਾ ਧੜ ਨਾਮਧਾਰੀ ਸਿੱਖ ਸੱਜ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਬਾਅਦ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਤਵ ਦੇ ਮੁੱਢਲੇ ਸਾਲਾਂ ਵਿਚ ਬਾਬਾ ਜੀ ਨੇ ਧਰਮ ਪ੍ਰਚਾਰ ਵਿਚ ਚੋਖਾ ਕੰਮ ਕੀਤਾ ਸੀ।

ਸੰਮਤ 1971 ਬਿ: ਦਾ ਜੇਠ ਮਹੀਨਾ ਆਪਣੀ ਚਾਲ ਅਨੁਸਾਰ ਬਤੀਤ ਹੋ ਰਿਹਾ ਸੀ। ਗਰਮੀ ਬੜੀ ਸਖ਼ਤ ਪੈ ਰਹੀ ਸੀ। ਬਾਬਾ ਜੀ ਪਿੰਡ ਝੱਜ ਵਿਖੇ ਧਰਮ ਪ੍ਰਚਾਰ ਦੇ ਦੌਰੇ ਤੇ ਗਏ ਸਨ ਅਤੇ ਉਥੇ ਜਾ ਕੇ ਆਪਣੇ ਰੂਹਾਨੀ ਟੈਲੀਫੋਨ ਰਾਹੀਂ ਪਲੰਘ ਤੇ ਬੈਠੇ ਹੋਇਆਂ ਨੇ ਪਿੰਡ ਸੂਸਾਂ ਵਾਲੇ ਆਪਣੇ ਸੰਗੀ ਸਾਥੀ ਬਾਬਾ ਜਵਾਹਰ ਦਾਸ ਜੀ ਨਾਲ ਗੱਲ ਕੀਤੀ ਕਿ ਝੱਜ ਪਿੰਡ ਵਿਚ ਹੜ੍ਹ ਬਹੁਤ ਆਇਆ ਹੋਇਆ ਹੈ। ਜੇ ਤੁਸੀਂ ਚਾਹੋ ਤਾਂ ਹੜ੍ਹਦਾ ਪਾਣੀ ਸੂਸਾਂ ਵੱਲ ਭੇਜ ਦੇਈਏ। ਬਾਬਾ ਜਵਾਹਰ ਦਾਸ ਜੀ ਸੂਸਾਂ, ਬਾਬਾ ਨੰਦ ਲਾਲ ਜੀ ਸਹੌੜੇ ਵਾਲੇ ਅਤੇ ਬਾਬਾ ਹਰਨਾਮ ਸਿੰਘ ਜੀ ਨੇ ਤਿੰਨਾਂ ਨੇ ਸਹੌੜੇ ਦੀ ਪਹਾੜੀ ਤੇ 12 ਸਾਲ ਤਪ ਕੀਤਾ ਸੀ। ਜਦੋਂ ਬਾਬਾ ਹਰਨਾਮ ਸਿੰਘ ਜੀ ਨੇ ਰੂਹਾਨੀ ਟੈਲੀਫੋਨ ਬਾਬਾ ਜਵਾਹਰ ਦਾਸ ਜੀ ਨਾਲ ਜੋੜਿਆ ਤਾਂ ਬਾਬਾ ਜਵਾਹਰ ਦਾਸ ਜੀ ਨੇ ਕਿਹਾ ਕਿ ਤੁਸੀਂ ਪਿੰਡ ਝੱਜ ਵਿਚ ਆਏ ਹੜ੍ਹ ਨੂੰ ਸੂਸਾਂ ਵਲ ਭੇਜ ਦੇਵੋ ਕਿਉਂਕਿ ਪਿੰਡ ਸੂਸਾਂ ਵਾਲੇ ਲੋਕ ਅਧਰਮੀ ਹੋ ਗਏ ਹਨ। ਬਾਬਾ ਹਰਨਾਮ ਸਿੰਘ ਜੀ ਦਾ ਹੁਕਮ ਮੰਨ ਕੇ ਹੜ੍ਹ ਦੇ ਪਾਣੀ ਨੇ ਪਿੰਡ ਸੂਸਾਂ ਵੱਲ ਰੁੱਖ ਕਰ ਲਿਆ ਅਤੇ ਸਾਰਾ ਪਿੰਡ ਤਬਾਹ ਹੋ ਗਿਆ। ਜੋ ਪਿੰਡ ਕਾਫੀ ਸਮੇਂ ਬਾਅਦ ਮੁੜ ਵੱਸਿਆ ਸੀ।

ਫਿਰ ਬਾਬਾ ਜੀ ਨੇ ਪਲੰਘ ਉਪਰ ਬਿਰਾਜ ਗਏ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਤੁਸੀਂ ਸਾਨੂੰ ਡੇਰਾ ਭੱਟੀਆਂ ਵੱਲ ਲੈ ਚਲੋ। ਪ੍ਰੰਤੂ ਸਿੱਖਾਂ ਸੇਵਕਾਂ ਨੇ ਮਨ ਮੱਤ ਕੀਤੀ ਅਤੇ ਬਿਨਾਂ ਦੱਸਿਆਂ ਉਹ ਬਾਬਾ ਜੀ ਦਾ ਪਲੰਘ ਡੇਰਾ ਗੜ੍ਹਦੀਵਾਲਾ ਲੈ ਗਏ। ਇਹ ਦੇਖ ਕੇ ਬਾਬਾ ਜੀ ਗੁੱਸੇ ਵਿਚ ਆ ਗਏ ਅਤੇ ਕਿਹਾ ਕਿ ਅਸੀਂ ਤੁਹਾਨੂੰ ਡੇਰਾ ਭੱਟੀਆਂ ਵਿਚ ਲਿਜਾਣ ਲਈ ਕਿਹਾ ਸੀ। ਹੁਣ ਅਸੀਂ ਅਕਾਲ ਚਲਾਣਾ ਕਰਨ ਲੱਗੇ ਹਾਂ। ਜੇ ਤੁਸੀਂ ਸਾਡਾ ਪਲੰਘ ਡੇਰਾ ਭਟੀਆਂ ਵਿਚ ਲੈ ਜਾਂਦੇ ਤਾਂ ਅਸੀਂ ਕੁਝ ਸਮੇਂ ਲਈ ਅਕਾਲ ਚਲਾਣਾ ਟਾਲ ਦੇਣਾ ਸੀ। ਉਸ ਦਿਨ 26 ਜੇਠ 1971 ਬਿ: ਦਾ ਦਿਹਾੜਾ ਸੀ। ਬਾਬਾ ਜੀ ਨੇ ਡੇਰਾ ਗੜ੍ਹਦੀਵਾਲਾ ਵਿਚ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਕਿ ਸਾਡੇ ਸੰਸਕਾਰ

ਦਾ ਪ੍ਰਬੰਧ ਕਰੋ। ਸਾਡੇ ਸੰਸਕਾਰ ਤੋਂ ਬਾਅਦ ਸਾਡਾ ਜ਼ਿਆਦਾ ਫਿਰਕਾ ਡੇਰਾ ਭਟੀਆਂ ਵਿਚ ਹੋਵੇਗਾ। ਆਪ ਜੀ ਇਹ ਬਚਨ ਕਰਕੇ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਸੰਸਕਾਰ ਤੋਂ ਬਾਅਦ ਉਹਨਾਂ ਦੇ ਫੁੱਲ (ਅਸਥ) ਡੇਰਾ ਭੱਟੀਆਂ ਵਿਚ ਲਿਜਾਏ ਗਏ। ਅੱਜ ਕੱਲ੍ਹ ਉਹ ਫੁੱਲ ਅਤੇ ਰਾਖ ਨਿਸ਼ਾਨ ਸਾਹਿਬ ਦੇ ਥੜ੍ਹੇ ਵਿਚ ਸੁਰਖਿਅਤ ਰੱਖੇ ਗਏ ਸਨ। ਇਹ ਸਾਰੀ ਵਾਰਤਾ ਭਾਈ ਹਰਜਿੰਦਰ ਸਿੰਘ ਜੋ ਅੱਜ ਕੱਲ੍ਹ ਡੇਰਾ ਭਟੀਆਂ ਵਿਚ ਹੈੱਡ ਗ੍ਰੰਥੀ ਹਨ, ਉਹਨਾਂ ਨੇ ਦੱਸੀ ਸੀ। ਇਸ ਪ੍ਰਕਾਰ ਇਕ ਯੁਗ ਦਾ ਅੰਤ ਹੋ ਗਿਆ।

# ਬਾਬਾ ਹਰਨਾਮ ਸਿੰਘ ਜੀ ਦੇ ਆਬਾਦ ਅਤੇ ਅਲੋਪ ਹੋ ਚੁੱਕੇ ਅਸਥਾਨ

ਬਾਬਾ ਹਰਨਾਮ ਸਿੰਘ ਜੀ ਨੇ ਲੱਗਭਗ 80 ਸਾਲ ਆਯੂ ਭੋਗੀ ਅਤੇ ਸਤਿਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪ੍ਰਚਾਰ ਕੀਤਾ। ਉਹਨਾਂ ਦਾ ਜਨਮ ਪਿੰਡ ਸਖੋਵਾਲ (ਜ਼ਿਲ੍ਹਾ ਗੁਰਦਾਸਪੁਰ) ਵਿਚ ਹੋਇਆ ਸੀ। ਉਹਨਾਂ ਦੀ ਜੀਵਨ ਲੀਲਾ ਇਥੋਂ ਹੀ ਸ਼ੁਰੂ ਹੋਈ ਸੀ ਅਤੇ ਫਿਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਚਰਨ ਪਾਏ ਸਨ ਅਤੇ ਉਥੋਂ ਬਿੰਦਰਾਬਨ ਵੀ ਗਏ ਅਤੇ ਸ੍ਰੀ ਕ੍ਰਿਸ਼ਨ ਜੀ ਭਗਵਾਨ ਜੀ ਦੇ ਜੀਵਨ ਦੀ ਰਾਸ ਲੀਲਾਵਾਂ ਕੀਤੀਆਂ ਅਤੇ ਉਥੋਂ ਮੁੜ ਕਾਦੀਆਂ (ਜ਼ਿਲ੍ਹਾ ਗੁਰਦਾਸਪੁਰ) ਵਿਚ ਆ ਕੇ ਸਤਿਗੁਰੂ ਰਾਮ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਉਹਨਾਂ ਜੀਵਨ ਵਿਚ ਅਨੇਕ ਲੀਲਾਵਾਂ ਕੀਤੀਆਂ ਅਤੇ ਯਾਦਗਾਰੀ ਸਥਾਨ ਸਥਾਪਤ ਹੋਏ, ਉਹਨਾਂ ਵਿਚੋਂ ਕਾਫ਼ੀ ਸਮੇਂ ਦੇ ਲਿਹਾਜ ਨਾਲ ਖ਼ਤਮ ਹੋ ਚੁੱਕੇ ਹਨ, ਉਹਨਾਂ ਵਿਚੋਂ ਕੁਝ ਇਕ ਬਾਰੇ ਵੇਰਵਾ ਦਰਜ ਕਰਾਂਗਾ।

## 1. ਸਖੋਵਾਲ–

ਸਖੋਵਾਲ, ਜ਼ਿਲ੍ਹਾ ਗੁਰਦਾਸਪੁਰ ਦਾ ਪ੍ਰਸਿੱਧ ਕਸਬਾ ਹੈ, ਜਦੋਂ ਘੁਮਾਣ ਦੇ ਇਲਾਕੇ ਵਿਚ ਬਾਬਾ ਨਾਮਦੇਵ ਜੀ ਨੇ ਚਰਨ ਪਾਏ ਤਾਂ ਉਸ ਸਮੇਂ ਹੀ ਬਾਬਾ ਲੱਧਾ ਰਾਮ ਜੀ ਨੇ ਇਸ ਇਲਾਕੇ ਵਿਚ ਆਉਣਾ ਸ਼ੁਰੂ ਕਰ ਦਿਤਾ। ਉਹ ਕਾਦੀਆਂ ਤੋਂ ਸ੍ਰੀ ਹਰਿ ਗੋਬਿੰਦ ਪੁਰ ਤੱਕ ਘੁੰਮ ਫਿਰਕੇ ਲੂਣ ਤੇਲ ਆਦਿਕ ਵੇਚਿਆ ਕਰਦੇ ਸਨ। ਉਹਨਾਂ ਤੇ ਬਾਬਾ ਨਾਮਦੇਵ ਜੀ ਦੀ ਕਿਰਪਾ ਹੋਈ ਅਤੇ ਨਾਮ ਦਾਨ ਮਿਲਿਆ। ਬਾਬਾ ਨਾਮਦੇਵ ਜੀ ਨੇ ਬਾਬਾ ਲੱਧਾ ਰਾਮ ਜੀ ਨੂੰ ਕਿਹਾ ਕਿ ਤੁਸੀਂ ਕਾਦੀਆਂ ਦਾ ਬਸੇਰਾ ਛੱਡ ਕੇ ਘੁਮਾਣ ਦੇ ਨੇੜੇ ਸਖੋਵਾਲ ਆ ਜਾਵੋ, ਤੁਹਾਡੇ ਤੇ ਬਹੁਤ ਪ੍ਰਭੂ ਦੀ ਕਿਰਪਾ ਹੋਵੇਗੀ ਉਹਨਾਂ ਦੇ ਵੰਸ਼ ਵਿਚ ਬਾਹਰਵੀਂ ਪੀੜੀ ਵਿਚ ਸਖੋਵਾਲ ਵਿਖੇ ਬਾਬਾ ਕਾਹਨ ਦਾਸ ਜੀ ਹੋਏ ਜਿਨ੍ਹਾਂ ਦੇ ਗ੍ਰਹਿ ਵਿਖੇ ਬਾਬਾ ਗੋਬਿੰਦ ਰਾਮ (ਬਾਬਾ ਗੋਬਿੰਦ ਦਾਸ ਜੀ) ਹੋਏ ਜੋ ਬ੍ਰਹਮ ਗਿਆਨੀ ਦੀ ਪਦਵੀ ਨੂੰ ਪ੍ਰਾਪਤ ਹੋਏ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਤੋਂ ਖੰਡੇ ਬਾਟੇ ਦੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਬਾਬਾ ਹਰਨਾਮ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ। ਉਹਨਾਂ ਦਾ ਬਚਪਨ ਕਸਬਾ ਸਖੋਵਾਲ ਵਿਚ ਬਤੀਤ ਹੋਇਆ। ਸਖੋਵਾਲ ਵਿਚ ਬਾਬਾ ਲੱਧਾ ਰਾਮ ਜੀ ਦਾ ਯਾਦਗਾਰੀ ਸਥਾਨ ਉਸਾਰਿਆ ਗਿਆ ਹੈ, ਦੇਸੀ ਘਿਓ ਦੀ ਜੋਤ ਜਗਾਈ ਜਾਂਦੀ ਹੈ ਜੋ ਅਖੰਡ ਜਗਾਦੀ ਹੈ। ਉਥੇ ਹੀ ਮੱਥਾ ਟੇਕਣ ਵਾਲ਼ਿਆਂ ਜਾਂ ਸ਼ਰਧਾ ਰੱਖਣ ਵਾਲ਼ਿਆਂ ਦੀ ਮਨੋਕਾਮਨਾ

ਪੂਰੀ ਹੁੰਦੀ ਹੈ। ਉਥੇ ਮਾਘੀ ਦਾ ਮੇਲਾ ਬੜੀ ਧੂਮ ਧਾਮ ਨਾਲ ਇਲਾਕੇ ਦੀ ਸੰਗਤ ਵਲੋਂ ਮਨਾਇਆ ਜਾਂਦਾ ਹੈ। ਮੈਂ ਪ੍ਰਿੰਸੀਪਲ ਤ੍ਰਿਲੋਕ ਸਿੰਘ ਨਾਲ ਉਸ ਸਥਾਨ ਦੇ ਦਰਸ਼ਨ ਕਰਨ ਗਿਆ ਸੀ। ਉਥੋਂ ਦੇ ਇਤਿਹਾਸ ਦੀ ਜਾਣਕਾਰੀ ਲਈ ਅਤੇ ਪ੍ਰਿੰਸੀਪਲ ਤ੍ਰਿਲੋਕ ਸਿੰਘ ਨੇ ਕੈਮਰੇ ਨਾਲ ਫੋਟੋ ਲਈ ਸੀ। ਉਥੋਂ ਦੇ ਅਰਦਾਸੀਏ ਨੇ ਸਾਡੇ ਲਈ ਅਰਦਾਸ ਕੀਤੀ ਅਤੇ ਬਾਅਦ ਵਿਚ ਉਥੋਂ ਦੇ ਮਹਾਂਪੁਰਸ਼ਾਂ ਦੇ ਕਰਮਵਾਰ ਨਾਮ ਦੱਸੇ ਜੋ ਇਸ ਪ੍ਰਕਾਰ ਹਨ-

ਭਗਤ ਨਾਮਦੇਵ ਜੀ
ਬਾਬਾ ਲੱਧਾ ਰਾਮ ਜੀ
ਬਾਬਾ ਸੰਤ ਰਾਮ ਜੀ
ਬਾਬਾ ਰਾਮ ਚੰਦ ਜੀ
ਬਾਬਾ ਰਾਜਪਾਲ ਜੀ (ਪਠਾਨਕੋਟ ਵਾਲੇ)
ਬਾਬਾ ਪਰਦੁਮਨ ਦਾਸ ਜੀ

ਜਾਪਦਾ ਹੈ ਕਿ ਇਹ ਲਿਸਟ ਅਜੇ ਅਧੂਰੀ ਹੈ। ਬਾਬਾ ਰਾਜਪਾਲ ਜੀ (ਪਠਾਨਕੋਟ ਵਾਲੇ) ਅਜੇ ਜੀਵਤ ਹਨ ਜੋ ਪਠਾਨਕੋਟ ਰਹਿੰਦੇ ਹਨ। ਲੋੜ ਹੈ ਕਿ ਮਹਾਂਪੁਰਸ਼ਾਂ ਦੇ ਨਾਮਾਂ ਦੀ ਭਾਲ ਕੀਤੀ ਜਾਵੇ।

### 2 ਡੇਰਾ ਪਿਪਲੀ ਸਾਹਿਬ-

ਡੇਰਾ ਪਿਪਲੀ ਸਾਹਿਬ ਨਿਰਮਲੇ ਸੰਤਾਂ ਨਾਲ ਸੰਬੰਧਤ ਸਥਾਨ ਸੀ, ਜਿਸਦਾ ਵੇਰਵੇ ਸਹਿਤ ਪਿਛਲੇ ਪੰਨਿਆਂ ਵਿਚ ਜ਼ਿਕਰ ਆ ਚੁੱਕਾ ਹੈ। ਲਗਭਗ ਛੇ ਸਾਲ ਦੀ ਉਮਰ ਵਿਚ ਆਪਣੇ ਪਿਤਾ ਜੀ ਨਾਲ ਬਾਬਾ ਗੋਬਿੰਦ ਰਾਮ ਜੀ ਪਿੰਡ ਖੁਣ ਖੁਣ ਕਲਾਂ ਆ ਗਏ ਅਤੇ ਨਿਰਮਲੇ ਸੰਤਾਂ ਦੇ ਡੇਰੇ ਪਿਪਲੀ ਸਾਹਿਬ ਵਿਖੇ ਮਹੰਤ ਬਾਬਾ ਸੁਖਾ ਸਿੰਘ ਕੋਲ ਪੜ੍ਹਨੇ ਪੈ ਗਏ ਜਿਥੇ ਉਹਨਾਂ ਨੇ ਸੰਸਾਰਕ ਵਿਦਿਆ ਹਾਸਲ ਕੀਤੀ ਅਤੇ ਧਾਰਮਿਕ ਵਿਦਿਆ ਦੀ ਪ੍ਰਾਪਤੀ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਸਵਯੇ, ਸਾਰਕੁਤਾਵਲੀ, ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਅਤੇ ਸੂਰਜ ਪ੍ਰਕਾਸ਼ ਰਚਿੱਤ ਭਾਈ ਸੰਤੋਖ ਸਿੰਘ ਆਦਿਕ ਗ੍ਰੰਥਾਂ ਦਾ ਗਿਆਨ ਹਾਸਲ ਕੀਤਾ। ਅੱਜਕਲ੍ਹ ਡੇਰਾ ਬੇਆਬਾਦ ਹੋ ਚੁੱਕਾ ਹੈ, ਸਿਰਫ ਇਕ ਛੋਟੀ ਜਿਹੀ ਜਗ੍ਹਾ ਹੀ ਰਹਿ ਗਈ ਹੈ ਜੋ ਸ਼ਾਇਦ ਮਹੰਤ ਬਾਬਾ ਸੁਖਾ ਸਿੰਘ ਜੀ ਦੀ ਸਮਾਧ ਹੈ।

### 3 ਪਿੰਡ ਟਿਲੂਵਾਲ ਵਾਲਾ ਖੂਹ-

ਪਿੰਡ ਟਿਲੂਵਾਲ ਵਾਲਾ ਖੂਹ, ਪਿੰਡ ਟਿਲੂਵਾਲ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਨੇੜੇ ਚੌਂਕ ਵਿਚ ਕੁਝ ਸਾਲ ਪਹਿਲਾਂ ਤੱਕ ਮੌਜੂਦ ਸੀ

ਜੋ ਹੁਣ ਅਲੋਪ ਹੋ ਚੁੱਕਾ ਹੈ। ਆਖਿਆ ਜਾਂਦਾ ਹੈ ਬਾਬਾ ਗੋਬਿੰਦ ਰਾਮ (ਹਰਨਾਮ ਸਿੰਘ ਜੀ) ਪਿਪਲੀ ਸਾਹਿਬ ਡੇਰੇ ਵਿਚ ਸਿਖਿਆ ਪ੍ਰਾਪਤ ਕਰ ਰਹੇ ਸਨ ਤਾਂ ਪਿੰਡ ਟਿਲੂਵਾਲ ਦੇ ਚੌਂਕ ਵਿਚ ਖੂਹ ਦਾ ਪਾੜ ਪੁਟਿਆ ਜਾ ਰਿਹਾ ਸੀ। ਖੂਹ ਦੇ ਪਾੜ ਪੁੱਟਣ ਦੀ ਖੁਸ਼ੀ ਵਿਚ ਢੋਲ ਵਜਾਇਆ ਜਾ ਰਿਹਾ ਸੀ ਅਤੇ ਸ਼ਕਰ ਵੰਡੀ ਜਾ ਰਹੀ ਸੀ। ਮਹੰਤ ਸੁਖਾ ਸਿੰਘ ਜੀ ਨੇ ਬਾਬਾ ਗੋਬਿੰਦ ਰਾਮ ਜੀ ਜੋ ਮਹੰਤਾਂ ਕੋਲ ਬੈਠੇ ਸਨ, ਕਹਿਣ ਲੱਗੇ ਕਿ ਜਾਓ, ਖੂਹ ਦਾ ਪਾੜ ਪੁੱਟਿਆ ਜਾ ਰਿਹਾ ਹੈ, ਸ਼ਕਰ ਲੈ ਆਵੋ। ਮਹੰਤਾਂ ਦਾ ਹੁਕਮ ਮੰਨ ਕੇ ਟਿਲੂਵਾਲ ਦੇ ਚੌਂਕ ਵਿਚ ਦੌੜ ਲਗਾ ਕੇ ਪਹੁੰਚ ਗਏ, ਢੋਲੀ ਕੋਲੋ ਸ਼ਕਰ ਦੀ ਮੰਗ ਕੀਤੀ ਜੋ ਇਕ ਇਕ ਮੁੱਠ ਸਾਰਿਆਂ ਨੂੰ ਸ਼ਕਰ ਦੇ ਰਿਹਾ ਸੀ।

ਬਾਬਾ ਗੋਬਿੰਦ ਰਾਮ ਜੀ ਨੇ ਇਕ ਮੁੱਠ ਸ਼ਕਰ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਫਿਰ ਬਾਬਾ ਜੀ ਨੇ ਬੱਟੀ ਸ਼ਕਰ ਲੈਣ ਦੀ ਜ਼ਿੱਦ ਕੀਤੀ ਜੋ ਢੋਲੀ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਬਾਬਾ ਜੀ ਵਾਪਸ ਮੁੜ ਕੇ ਡੇਰਾ ਪਿਪਲੀ ਸਾਹਿਬ ਵੱਲ ਆ ਗਏ ਅਤੇ ਇਹ ਬਚਨ ਕਰ ਆਏ ਕਿ ਖੂਹ ਦਾ ਕਾਰਜ ਸੰਪੂਰਨ ਨਹੀਂ ਹੋਵੇਗਾ, ਤੁਹਾਡੀਆਂ ਇੱਟਾਂ ਡੇਰਾ ਪਿਪਲੀ ਸਾਹਿਬ ਹੀ ਆਉਣਗੀਆਂ।

ਪਿੰਡ ਟਿਲੂਵਾਲ ਦੇ ਲੋਕ ਜ਼ੋਰ ਲਗਾ ਹਟੇ ਪ੍ਰੰਤੂ ਪਾਣੀ ਨਹੀਂ ਆਇਆ। ਬਾਅਦ ਵਿਚ ਲੋਕ ਇਕੱਠੇ ਹੋ ਕੇ ਡੇਰਾ ਪਿਪਲੀ ਸਾਹਿਬ ਆਏ, ਬਾਬ ਜੀ ਤੋਂ ਭੁੱਲ ਬਖਸ਼ਾਈ ਤਾਂ ਬਾਬਾ ਜੀ ਵਲੋਂ ਦਸੀ ਜਗ੍ਹਾ ਤੇ ਪਿੰਡ ਵਾਲਿਆਂ ਵਲੋਂ ਨਵੇਂ ਥਾਂ ਟੱਕ ਲਗਾਇਆ ਤਾਂ ਖੂਹ ਦੀ ਉਸਾਰੀ ਹੋਈ, ਸਾਫ਼ ਪਾਣੀ ਆਇਆ। ਕੁਝ ਸਾਲ ਹੋਏ ਉਸ ਖੂਹ ਦੀਆਂ ਇੱਟਾਂ ਉਖਾੜ ਦਿੱਤੀਆਂ ਗਈਆਂ ਅਤੇ ਖੂਹ ਨੂੰ ਖਤਮ ਕਰ ਦਿੱਤਾ ਗਿਆ ਹੈ। ਪਿੰਡ ਵਿਚ ਪਲੇਗ ਦਾ ਪ੍ਰਕੋਪ ਵੀ ਵਾਪਰ ਗਿਆ ਸੀ, ਬਾਬਾ ਗੋਬਿੰਦ ਰਾਮ ਜੀ ਦੀ ਕਿਰਪਾ ਨਾਲ ਪਲੇਗ ਹਟੀ ਸੀ।

### 4. ਪਿੰਡ ਝਿੰਗੜਾਂ ਵਾਲਾ ਖੂਹ–

ਸੰਤ ਇੰਦਰ ਸਿੰਘ ਚੱਕਰਵਰਤੀ ਨੇ ਆਪਣੇ ਲੇਖ ਵਿਚ ਜੋ ਬਾਬਾ ਹਰਨਾਮ ਸਿੰਘ ਜੀ ਬਾਰੇ ਬਸੰਤ ਅੰਕ ਵਿਚ ਛਾਪਿਆ ਸੀ, ਝਿੰਗੜਾਂ ਪਿੰਡ ਨੂੰ ਲਿੰਗੜਾਂ ਲਿਖਿਆ ਹੈ ਜੋ ਸ਼ਾਇਦ ਪਰੂਫ ਰੀਡਿੰਗ ਦੀ ਗਲਤੀ ਹੈ। ਇਸ ਪਿੰਡ ਦਾ ਨਾਮ ਝਿੰਗੜ ਖੁਰਦ ਹੈ ਜੋ ਆਪ ਲੋਕਾਂ ਵਲੋਂ ਉਸ ਪਿੰਡ ਦਾ ਨਾਮ ਝਿੰਗੜਾਂ ਕਰਕੇ ਬੁਲਾਇਆ ਜਾਂਦਾ ਹੈ।

ਬਾਲ ਗੋਬਿੰਦ ਰਾਮ (ਗੋਬਿੰਦ ਦਾਸ) ਜੀ ਆਪਣੇ ਪਿਤਾ ਕਾਹਨ ਦਾਸ ਜੀ ਨਾਲ ਪਿੰਡ ਖੁਣ ਖੁਣ ਕਲਾਂ ਵੱਲ ਜਾ ਰਹੇ ਸਨ ਤਾਂ ਰਸਤੇ ਵਿਚ ਖੂਹ ਦਾ

ਪਾੜ ਪੁਟਿਆ ਜਾ ਰਿਹਾ ਅਤੇ ਵਰਤਾਵਾ ਪ੍ਰਸ਼ਾਦ ਵਜੋਂ ਸ਼ਕਰ ਦੀ ਮੁੱਠ ਵਰਤਾ ਰਿਹਾ ਸੀ। ਗੋਬਿੰਦ ਰਾਮ ਜੀ ਅੱਗੇ ਹੋਏ ਤਾਂ ਵੱਟੀ ਸ਼ਕਰ ਤੋਲ ਕੇ ਲੈਣ ਦੀ ਮੰਗ ਕੀਤੀ ਅਤੇ ਇਹ ਵੀ ਕਿਹਾ ਕਿ ਖੂਹ ਦਾ ਪਾਣੀ ਖਾਰਾ ਹੈ। ਵੱਟੀ ਸ਼ਕਰ, ਉਸ ਖਾਰੇ ਪਾਣੀ ਵਿਚ ਪਾਉਣੀ ਹੈ ਤਾਂ ਕਿ ਖੂਹ ਦਾ ਖਾਰਾ ਪਾਣੀ ਮਿੱਠਾ ਹੋ ਜਾਵੇ। ਪ੍ਰੰਤੂ ਕਿਸੇ ਨੇ ਬਾਬਾ ਜੀ ਦੀ ਗੱਲ ਵਲ ਧਿਆਨ ਨਾ ਦਿੱਤਾ। ਅਖੀਰ ਜਦੋਂ ਖੂਹ ਲੱਗ ਗਿਆ ਤਾਂ ਪਾਣੀ ਖਾਰਾ ਹੀ ਆਇਆ। ਹੁਣ ਸੋਚ ਪਈ ਅਤੇ ਲੋਕਾਂ ਨੂੰ ਬਾਬਾ ਜੀ ਦੀ ਗੱਲ ਯਾਦ ਆਈ ਤਾਂ ਪਿੰਡ ਦੇ ਲੋਕ ਪਿੰਡ ਖੁਣ ਖੁਣ ਕਲਾਂ ਆਏ ਆਪਣੀ ਭੁੱਲ ਬਖਸ਼ਾਈ ਅਤੇ ਵੱਟੀ ਸ਼ਕਰ ਬਾਬਾ ਗੋਬਿੰਦ ਰਾਮ ਜੀ ਨੂੰ ਦਿੱਤੀ। ਬਾਬਾ ਜੀ ਨੇ ਉਹ ਸ਼ਕਰ ਖੂਹ ਵਿਚ ਪਾਈ ਤਾਂ ਉਹ ਖੂਹ ਦਾ ਪਾਣੀ ਮਿੱਠਾ ਹੋ ਗਿਆ। ਅੱਜ ਉਹ ਖੂਹ ਵੀ ਪੂਰੀ ਤਰ੍ਹਾਂ ਸਮੇਂ ਦੀਆਂ ਪੈੜਾਂ ਵਿਚ ਅਲੋਪ ਹੋ ਚੁੱਕਾ ਹੈ। ਉਸ ਖੂਹ ਦਾ ਨਾਮੋ ਨਿਸ਼ਾਨ ਮਿਟ ਚੁੱਕਾ ਹੈ।

## 5. ਸਹੌੜੇ ਦੀ ਪਹਾੜੀ ਤੇ ਪਾਣੀ ਦਾ ਸੋਮਾ ਫੁੱਟਣਾ

ਬਾਬਾ ਗੋਬਿੰਦ ਰਾਮ ਜੀ ਨੇ ਡੇਰਾ ਪਿਪਲੀ ਸਾਹਿਬ ਵਿਚ ਮਹੰਤ ਸੁਖਾ ਸਿੰਘ ਜੀ ਤੋਂ ਦੁਨਿਆਵੀ ਵਿਦਿਆ ਪ੍ਰਾਪਤ ਕੀਤੀ ਅਤੇ ਗ੍ਰੰਥਾਂ ਦਾ ਗਿਆਨ ਹਾਸਲ ਕੀਤਾ। ਉਥੋਂ ਆਪ ਜੀ ਨਾਮ ਸਿਮਰਨ ਕਰਨ ਅਤੇ ਉਸ ਵਿਚ ਪਰਪਕਤਾ ਹਾਸਲ ਕਰਨ ਲਈ ਸਹੌੜੇ ਦੀ ਪਹਾੜੀ ਤੇ ਚਲੇ ਗਏ, ਉਥੇ ਬਾਬਾ ਨੰਦ ਲਾਲ ਸਹੌੜੇ ਵਾਲੇ ਅਤੇ ਬਾਬਾ ਜਵਾਹਰ ਦਾਸ ਸੂਸਾਂ ਵਾਲੇ ਵੀ ਮੌਜੂਦ ਸਨ। ਉਥੇ ਤਿੰਨਾਂ ਮਹਾਂਪੁਰਸਾਂ ਨੇ ਇਕੋ ਧੂਣੇ ਤੇ ਬਾਰਾਂ ਸਾਲ ਤਪ ਕੀਤਾ ਸੀ। ਬਾਰਾਂ ਸਾਲ ਬਾਅਦ ਜਦੋਂ ਤਿੰਨ ਮਹਾਂ ਪੁਰਸ਼ ਉਠੇ ਤਾਂ ਬਾਬਾ ਨੰਦ ਲਾਲ ਜੀ ਨੇ ਕਿਹਾ, ਪਿਆਸ ਬਹੁਤ ਲੱਗੀ ਹੈ, ਸਾਨੂੰ ਕੋਈ ਪਾਣੀ ਪਿਆਵੇ। ਬਾਬਾ ਗੋਬਿੰਦ ਰਾਮ ਜੀ ਹਰ ਸਮੇਂ ਆਪਣੇ ਹੱਥ ਵਿਚ ਤੀਰ ਰੱਖਿਆ ਕਰਦੇ ਸਨ, ਉਹਨਾਂ ਨੇ ਉਹ ਤੀਰ ਨੂੰ ਐਸੇ ਜ਼ੋਰ ਨਾਲ ਪਹਾੜੀ ਤੇ ਮਾਰਿਆ ਤਾਂ ਪਹਾੜੀ ਤੋਂ ਪਾਣੀ ਦਾ ਸੋਮਾ ਵਗ ਪਿਆ । ਬਾਬਾ ਗੋਬਿੰਦ ਰਾਮ ਜੀ ਨੇ ਬਾਬਾ ਨੰਦ ਲਾਲ ਜੀ ਨੂੰ ਆਖਿਆ ਕਿ ਸਵੱਛ ਪਾਣੀ ਆ ਗਿਆ ਹੈ, ਜਿਨਾਂ ਚਾਹੋ ਪਾਣੀ ਪੀ ਕੇ ਪਿਆਸ ਮਿਟਾ ਲਵੋ।

ਬਾਰਾਂ ਸਾਲ ਤਪ ਕਰਕੇ ਬਾਬਾ ਨੰਦ ਲਾਲ ਜੀ ਨੇ ਸਹੌੜੇ ਦੀ ਪਹਾੜੀ ਤੇ ਆਪਣਾ ਟਿਕਾਣਾ ਕਰ ਲਿਆ ਅਤੇ ਬਾਬਾ ਗੋਬਿੰਦ ਰਾਮ ਜੀ ਦੇ ਤੀਰ ਨਾਲ ਨਿਕਲਿਆ ਪਾਣੀ ਪਹਾੜੀ ਦੇ ਉਪਰ ਅਤੇ ਹੇਠਾਂ ਵਸੇ ਲੋਕਾਂ ਦਾ ਪਾਣੀ ਦਾ ਗੁਜ਼ਾਰਾ ਉਥੋਂ ਹੀ ਹੁੰਦਾ ਸੀ। ਅੱਜਕਲ ਇਹ ਅਸਥਾਨ ਵੀ ਬੇਆਬਾਦ ਹੋ ਚੁੱਕਾ ਹੈ ਕਿਉਂਕਿ ਸਰਕਾਰੀ ਵਾਟਰ ਸਪਲਾਈ ਦਾ ਪਾਣੀ ਉਪਰ ਜਾ ਚੁੱਕਾ ਹੈ।

ਬਾਬਾ ਗੋਬਿੰਦ ਰਾਮ ਜੀ ਪਹਾੜੀ ਤੋਂ ਉਤਰ ਕੇ ਡੇਰਾ ਭਟੀਆਂ ਵਿਖੇ ਆ ਗਏ ਜਿਸਦਾ ਪਿਛਲੇ ਪੰਨਿਆਂ ਵਿਚ ਜ਼ਿਕਰ ਆ ਚੁੱਕਾ ਹੈ।

## 6.ਡੇਰਾ ਭੱਟੀਆਂ ਨੂੰ ਭਾਗ ਲਉਣੇ–

ਡੇਰਾ ਭਟੀਆਂ (ਜ਼ਿਲ੍ਹਾ ਹੁਸ਼ਿਆਰਪੁਰ) ਬਾਰੇ ਪਿਛਲੇ ਪੰਨਿਆਂ ਵਿਚ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1959 ਈ. ਵਿਚ ਪੰਥ ਦੀ ਗੁਰਿਆਈ ਸੰਭਾਲੀ ਸੀ। ਉਹ ਸ਼ੁਰੂ ਤੋਂ ਹੀ ਪੰਥ ਵਿਚ ਖਾਸ ਕਰਕੇ ਨਾਮਧਾਰੀ ਨੌਜਵਾਨਾਂ ਵਿਚ ਜਾਗ੍ਰਤੀ ਲਿਆਉਣੀ ਚਾਹੁੰਦੇ ਸਨ ਕਿਉਂਕਿ ਉਹ ਭਲੀ ਭਾਂਤ ਜਾਣਦੇ ਸਨ ਨੌਜੁਆਨੀ ਤੇ ਪੰਥ ਦਾ ਭਵਿੱਖ ਟਿਕਿਆ ਹੋਇਆ ਹੈ। ਅੱਜ ਦਾ ਬੱਚਾ ਕਲ ਦਾ ਦੇਸ਼ ਦਾ ਨਾਗਰਿਕ ਬਣੇਗਾ ਅਤੇ ਸਤਿਗੁਰੂ ਜੀ ਦਾ ਸਿਖਿਆਵਾਂ ਤੇ ਅਮਲ ਕਰਕੇ ਸੱਚਾ ਸਿੱਖ ਬਣੇਗਾ।

ਸੋ ਇਹ ਕੁਝ ਸੋਚ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਨੌਜਵਾਨਾਂ ਦੀ ਇਕ ਇਕਤਰਤਾ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਲਈ 16 ਭਾਦਰੋਂ ਸੰਮਤ 2019 ਬਿ: ਮੁਤਾਬਿਕ 1 ਸਤੰਬਰ 1962 ਈ. ਨੂੰ ਸ੍ਰੀ ਭੈਣੀ ਸਾਹਿਬ ਬੁਲਾਈ ਗਈ ਜਿਸ ਵਿਚ ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਦੇ ਭਵਿੱਖ ਬਾਰੇ ਵਿਚਾਰਾਂ ਕੀਤੀਆਂ ਅਤੇ ਫਿਰ ਪੰਜਾਬ ਅਤੇ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਜਾ ਕੇ ਨਾਮਧਾਰੀ ਬੱਚਿਆਂ ਅਤੇ ਬਜ਼ੁਰਗਾਂ ਨੂੰ ਮਿਲਣ ਲਈ ਪ੍ਰੋਗਰਾਮ ਬਣਾਏ ਗਏ। ਸੋ ਸੰਸਥਾ ਬਣਾਈ ਗਈ, ਉਸਦਾ ਨਾਮ 'ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ' ਰੱਖਿਆ ਗਿਆ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ 1965 ਈ. ਵਿਚ ਸਮਾਗਮ ਹੋਣੇ ਸ਼ੁਰੂ ਹੋਏ ਅਤੇ ਨਿਰੰਤਰ ਹਰ ਸਾਲ ਹੋ ਰਹੇ ਹਨ। ਸਤਿਗੁਰੂ ਜੀ ਨੇ 1965 ਈ. ਨੂੰ ਡੇਰਾ ਭਟੀਆਂ ਵਿਚ ਜੂਨ ਦੇ ਮਹੀਨੇ ਦੋਆਬੇ ਦੀ ਸੰਗਤ ਨੂੰ ਜਾਗਰੂਕ ਕਰਨ ਲਈ 26 ਜੇਠ ਜਿਸ ਦਿਨ ਬਾਬਾ ਹਰਨਾਮ ਸਿੰਘ ਜੀ ਦੀ ਸਾਲਾਨਾ ਬਰਸੀ ਮਨਾਈ ਜਾਂਦੀ ਹੈ। ਉਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦਾ ਅਖੰਡ ਪਾਠ ਕਰਵਾ ਕੇ ਡੇਰਾ ਭੱਟੀਆਂ ਵਿਖੇ ਸਤਿਗੁਰੂ ਜੀ ਨੇ ਜੰਗਲ ਵਿਚ ਮੰਗਲ ਕਰ ਦਿੱਤਾ। ਪ੍ਰਿੰਸੀਪਲ ਤ੍ਰਿਲੋਕ ਸਿੰਘ ਅਤੇ ਪਿਤਾ ਸੰਤ ਲਛਮਣ ਸਿੰਘ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਡੇਰਾ ਭੱਟੀਆਂ ਵਿਖੇ ਪਹੁੰਚੇ। ਇਹਨਾਂ ਤੋਂ ਬਿਨਾਂ ਅਹੀਆਪੁਰ ਤੋਂ ਸੰਤ ਬੁੱਧ ਸਿੰਘ, ਸੰਤ ਅਨੂਪ ਸਿੰਘ, ਸੰਤ ਸੰਪੂਰਨ ਸਿੰਘ ਤੇ ਉਹਨਾਂ ਦਾ ਬੇਟਾ ਸੰਤ ਮਹਿੰਦਰ ਸਿੰਘ ਕੂਕਾ ਜੋ ਅੱਜਕੱਲ ਫਰੀਦਾਬਾਦ ਰਹਿੰਦਾ ਹੈ ਜੋ ਨਾਮਧਾਰੀ ਪੰਥ ਦਾ ਪ੍ਰਸਿੱਧ ਲੇਖਕ ਹੈ ਭੱਟੀਆਂ ਵਾਲੇ ਡੇਰੇ ਵਿਚ ਆਏ ਅਤੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਪੰਥ ਵਿਚ ਜਾਗ੍ਰਤੀ ਲਿਆਉਣ ਵਾਲੇ ਸਤਿਗੁਰੂ ਜੀ ਦੇ ਪ੍ਰਵਚਨ ਸਰਵਣ ਕੀਤੇ। ਇਹਨਾਂ

ਤੋਂ ਬਿਨਾਂ ਪਿੰਡ ਰੌਲੀਆਂ ਤੋਂ ਮਹੰਤ ਆਤਮਾ ਸਿੰਘ ਸਨਖਤ੍ਰਾ ਅਤੇ ਉਸਦੇ ਪੁੱਤਰ ਮਾਸਟਰ ਅਜੀਤ ਸਿੰਘ ਵੀ ਪਹੁੰਚੇ। ਉਸ ਸਮੇਂ ਸਵਰਨ ਸਿੰਘ ਸਨੇਹੀ ਵੀ ਸਤਿਗੁਰੂ ਜੀ ਦੇ ਹਜ਼ੂਰੀ ਸੇਵਕਾਂ ਵਿਚ ਸੀ, ਉਥੇ ਡੇਰੇ ਵਿਚ ਜੋ ਧੂਫੀਏ ਦੀ ਰੌਲ ਸੀ, ਉਹ ਸਨੇਹੀ ਜੀ ਲਗਾਉਂਦੇ ਰਹੇ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਡੇਰੇ ਨੂੰ ਨਾਮ ਜੱਪਣ ਲਈ ਇਕਾਂਤ ਵਾਤਾਵਰਣ ਨੂੰ ਬਹੁਤ ਪਸੰਦ ਕੀਤਾ ਸੀ। ਡੇਰੇ ਵਿਚ ਜੋ ਬਾਬਾ ਹਰਨਾਮ ਸਿੰਘ ਜੀ ਦੀ ਖੂਹੀ ਹੈ ਜਿਥੇ ਉਥੋਂ ਦੇ ਜਲ ਨਾਲ ਅਨੇਕ ਸਿੱਖ ਸੇਵਕਾਂ ਦੇ ਰੋਗ ਬਾਬਾ ਹਰਨਾਮ ਸਿੰਘ ਜੀ ਠੀਕ ਕਰਦਿਆ ਕਰਦੇ ਸਨ। ਉਸ ਖੂਹੀ ਦੇ ਉਪਰ ਛੱਤ ਸਤਿਗੁਰੂ ਜੀ ਦੇ ਹੁਕਮ ਨਾਲ ਬਾਅਦ ਵਿਚ ਪਾਈ ਗਈ ਸੀ। ਅੱਜ ਕੱਲ ਉਸ ਖੂਹੀ ਵਿਚੋਂ ਜਲ ਸੁਕ ਚੁੱਕਾ ਹੈ ਅਤੇ ਵਰਤਮਾਨ ਸਮੇਂ ਪਿੰਡ ਭਟੀਆਂ ਵਲੋਂ ਸਿਰਜੀ ਗਈ ਪ੍ਰਬੰਧਕ ਕਮੇਟੀ ਨੇ ਖੂਹ ਵਿਚ ਨਲਕਾ ਲਗਵਾ ਲਿਆ ਹੈ ਜਿਥੋਂ ਪਾਣੀ ਕਢਿਆ ਜਾਂਦਾ ਹੈ।

## 7.ਕਾਦੀਆਂ ਵਿਖੇ ਬਾਬਾ ਹਰਨਾਮ ਸਿੰਘ ਜੀ ਦੀ ਕਿਰਪਾ-

ਕਾਦੀਆਂ ਜ਼ਿਲ੍ਹਾ ਗੁਰਦਾਸਪੁਰ ਦਾ ਪ੍ਰਸਿੱਧ ਸ਼ਹਿਰ ਹੈ, ਇਹ ਬਾਬਾ ਹਰਨਾਮ ਸਿੰਘ ਜੀ ਦੇ ਵੰਸ਼ ਵਿਚੋਂ ਉਹਨਾਂ ਦੇ ਬਜ਼ੁਰਗ ਬਾਬਾ ਲੱਧਾ ਰਾਮ ਜੀ, ਕਾਦੀਆਂ ਨਗਰ ਨਾਲ ਸੰਬੰਧਤ ਸਨ ਜੋ ਉਥੋਂ ਸਖੋਵਾਲ ਅਤੇ ਫਿਰ ਸ੍ਰੀ ਹਰਿਗੋਬਿੰਦਪੁਰ ਤੱਕ ਘੁੰਮ ਫਿਰ ਕੇ ਕੁੱਪੀਆ ਵਿਚ ਸਰੋਂ ਦਾ ਤੇਲ ਭਰ ਕੇ ਵੇਚਿਆ ਕਰਦੇ ਸਨ। ਇਸ ਕਰਕੇ ਬਾਬਾ ਹਰਨਾਮ ਸਿੰਘ ਜੀ ਜਿਨ੍ਹਾਂ ਦਾ ਮੁੱਢਲਾ ਨਾਮ ਗੋਬਿੰਦ ਰਾਮ ਸੀ ਉਹ ਕਾਦੀਆਂ ਵਿਚ ਆਇਆ ਜਾਇਆ ਕਰਦੇ ਸਨ।

ਬੀਬੀ ਕੁਲਦੀਪ ਕੌਰ ਕਾਦੀਆਂ ਦੀ ਲਿਖਤ "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਕਾਦੀਆਂ ਵਿਚ ਮੇਲਾ" (ਸਤਿਜੁਗ ਦਾ ਪ੍ਰਦੇਸ ਗਵਨ ਸ਼ਤਾਬਦੀ ਅੰਕ 1972 ਈ.) ਅਨੁਸਾਰ 1868 ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਕਾਦੀਆਂ ਨਗਰ ਵਿਚ ਚਰਨ ਪਾਏ ਸਨ ਅਤੇ ਉਥੇ ਬਾਬਾ ਗੋਬਿੰਦ ਰਾਮ ਜੀ ਨੇ ਕਾਦੀਆਂ ਨਗਰ ਵਿਚ ਚਰਨ ਪਾਏ ਸਨ ਅਤੇ ਉਥੇ ਬਾਬਾ ਗੋਬਿੰਦ ਰਾਮ ਜੀ ਨੂੰ ਨਾਮ ਦੀ ਦਾਤ ਬਖਸ਼ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਸੀ ਅਤੇ ਬਸੰਤੀ ਬਾਣਾ ਪਹਿਨਾ ਕੇ ਨਿਹੰਗ ਸਿੰਘਾਂ ਵਾਲਾ ਸਰੂਪ ਦਿੱਤਾ ਸੀ। ਇਸਦਾ ਵੇਰਵਾ ਸੰਤ ਤਰਨ ਸਿੰਘ ਵਹਿਮੀ ਜੀ ਦੀ ਪੁਸਤਕ 'ਜਸ ਜੀਵਨ ਭਾਗ-6' ਦੇ ਪੰਨਾ 606 ਵਿਚ ਵੇਰਵੇ ਸਹਿਤ ਮਿਲ ਜਾਂਦਾ ਹੈ। ਬਾਬਾ ਗੋਬਿੰਦ ਰਾਮ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਕਾਦੀਆਂ ਕਸਬੇ ਵਿਚ ਬਟਾਲਾ ਦਰਵਾਜੇ ਅੱਗੇ ਜੋ ਗੁਰਦੁਆਰਾ ਗੋਬਿੰਦ ਗੜ੍ਹ ਬਾਬਾ ਗੋਬਿੰਦ ਰਾਮ ਜਿਨ੍ਹਾਂ ਦਾ ਨਾਮ ਬਾਬਾ

ਹਰਨਾਮ ਸਿੰਘ ਨੇ ਰੱਖਿਆ ਸੀ ਨੂੰ ਗੁਰਦੁਆਰਾ ਬਖਸ਼ਿਆ ਸੀ ਪਹਿਲਾਂ ਇਥੇ ਨਿਰਮਲੇ ਸੰਤਾਂ ਦਾ ਡੇਰਾ ਹੋਇਆ ਕਰਦਾ ਸੀ।

ਗੁਰਦੁਆਰਾ ਗੋਬਿੰਦ ਗੜ੍ਹ ਵਿਖੇ ਬਾਬਾ ਹਰਨਾਮ ਸਿੰਘ ਜੀ ਨੇ ਤਪਸਿਆ ਕੁਝ ਸਮਾਂ ਕੀਤੀ ਜਿਥੋਂ ਉਹ ਸਤਿਗੁਰਾਂ ਦੇ ਹੁਕਮ ਨਾਲ 1872 ਈ. ਵਿਚ ਭੱਟੀਆਂ ਡੇਰੇ ਤੋਂ ਹੁੰਦੇ ਹੋਏ ਗੜ੍ਹਦੀਵਾਲਾ ਚਲੇ ਗਏ। ਸੰਤ ਬਾਬਾ ਹਰਨਾਮ ਸਿੰਘ ਜੀ ਤੋਂ ਬਾਅਦ ਉਹਨਾਂ ਦੇ ਸੇਵਕ, ਉਹਨਾਂ ਦਾ ਨਾਮ ਵੀ ਸੰਤ ਹਰਨਾਮ ਸਿੰਘ ਸੀ, ਉਹ ਡੇਰੇ ਦੀ ਸੇਵਾ ਕਰਨ ਲੱਗੇ। ਉਸ ਗੁਰਦੁਆਰੇ ਵਿਚ ਉਹਨਾਂ ਦਾ ਜੀਵਨ ਇਸ ਪ੍ਰਕਾਰ ਲਿਖਿਆ ਹੈ ਜਿਸਦਾ ਉਤਾਰਾ ਕਰਕੇ ਮੈਂ ਲਿਆਇਆ ਸੀ-

"ਸ੍ਰੀ ਸਤਿਗੁਰੂ ਰਾਮ ਸਿੰਘ ਸਹਾਇ॥

ਇਹ ਯਾਦਗਾਰ ਸ੍ਰੀ ਮਾਨ 108 ਸੰਤ ਹਰਨਾਮ ਸਿੰਘ ਜੀ ਦੀ ਹੈ ਜਿਨ੍ਹਾਂ ਨੇ 11 ਕਤਕ ਸੰਮਤ 1947 ਵਿਚ ਇਕ ਛੋਟੇ ਜਿਹੇ ਰਾਮਗੜ੍ਹੀਆ ਪਰਿਵਾਰ ਵਿਚ ਸ. ਗੁਰਦਿਤ ਸਿੰਘ ਜੀ ਦੇ ਘਰ ਅਵਤਾਰ ਧਾਰਿਆ 17 ਸਾਲ ਦੀ ਆਯੂ ਵਿਚ ਆਪ ਜੀ ਨੇ ਸ੍ਰੀਮਾਨ ਸੰਤ ਹਰਨਾਮ ਸਿੰਘ ਜੀ ਗੜ੍ਹਦੀਵਾਲਾ ਜੋ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੂਬੇ ਸਨ, ਉਹਨਾਂ ਤੋਂ ਭਜਨ ਪੁੱਛਿਆ ਅਤੇ ਭਗਤੀ ਕੀਤੀ ਅਤੇ ਇਸ ਗੁਰਦੁਆਰੇ ਦੀ ਸੇਵਾ ਕੀਤੀ। ਲੱਖਾਂ ਹੀ ਪਾਪੀ ਜੀਵਾਂ ਨੂੰ ਤਾਰਦੇ ਹੋਏ 70 ਸਾਲ ਦੀ ਅਵਸਥਾ ਭੋਗ ਕੇ 9 ਪੋਹ 2017 ਨੂੰ ਗੁਰਪੁਰੀ ਸਿਧਾਰ ਗਏ। ਆਪ ਜੀ ਦਾ ਅੰਤਮ ਸੰਸਕਾਰ ਇਸ ਪਵਿੱਤਰ ਅਸਥਾਨ ਤੇ ਕੀਤਾ ਗਿਆ। ਇਹ ਪਾਲਕੀ ਤੇ ਹਾਲ ਆਪ ਜੀ ਦੀ ਯਾਦ ਵਿਚ ਬਣਾਏ ਗਏ। ਇਸ ਤੋਂ ਉਪਰੰਤ ਸੰਤ ਰਣ ਸਿੰਘ ਜੀ ਨੇ ਡੇਰੇ ਦੀ ਸੇਵਾ ਕੀਤੀ। ਇਸ ਤੋਂ ਉਪਰੰਤ ਸੰਤ ਹਰਨਾਮ ਸਿੰਘ ਜੀ ਦੇ ਸੇਵਾਦਾਰ ਸੰਤ ਪੂਰਨ ਸਿੰਘ ਨਾਮਧਾਰੀ ਜੀ ਨੇ ਗੁਰਦੁਆਰੇ ਦੀ ਸੇਵਾ ਕੀਤੀ।"

### 8.ਡੇਰਾ ਸੰਤ ਹਰਨਾਮ ਸਿੰਘ ਜੀ ਨਾਮਧਾਰੀ ਕਾਦੀਆਂ

ਬਾਬਾ ਹਰਨਾਮ ਸਿੰਘ ਗੜ੍ਹਦੀਵਾਲਾ ਦੇ ਕਾਦੀਆਂ ਵਾਲੇ ਸੇਵਕ ਸੰਤ ਰਣ ਸਿੰਘ ਜੀ ਜੋ ਬਾਬਾ ਜੀ ਵਾਂਗ ਬਸੰਤੀ ਕਪੜੇ ਪਾ ਕੇ ਨਿਹੰਗ ਬਾਣੇ ਵਿਚ ਹੀ ਰਹਿੰਦੇ ਸਨ। ਉਹਨਾਂ ਤੋਂ ਬੀਬੀ ਕੁਲਦੀਪ ਕੌਰ ਜੀ ਨੇ ਕਾਦੀਆਂ ਦੇ ਗੁਰਦੁਆਰੇ ਦਾ ਇਤਿਹਾਸ ਸੁਣ ਕੇ ਲੇਖ ਦਾ ਰੂਪ ਦਿੱਤਾ ਸੀ ਜੋ ਸਤਿਜੁਗ ਅਖਬਾਰ ਦੇ ਪ੍ਰਦੇਸ਼ ਗਵਨ ਸ਼ਤਾਬਦੀ ਅੰਕ ਜੋ 1972 ਈ. ਵਿਚ ਪ੍ਰਕਾਸ਼ਤ ਹੋਇਆ ਸੀ।

### 9.ਪਿੰਡ ਪੱਲਾਚੱਕ ਵਿਖੇ ਬਾਬਾ ਹਰਨਾਮ ਸਿੰਘ ਜੀ ਦਾ ਅਸਥਾਨ-

ਪਿੰਡ ਖੁੱਡਾ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਦੱਖਣ ਵੱਲ ਖੁਡਾ ਕੁਰਾਲਾ ਰੇਲਵੇ ਸਟੇਸ਼ਨ ਤੋਂ ਲਗਭਗ ਚਾਰ ਕਿਲੋਮੀਟਰ ਦੂਰ ਪਿੰਡ ਪਲਾ ਚੱਕ ਹੈ ਜਿਥੇ ਭਾਈ ਦੇਵਾ ਸਿੰਘ ਦੇ ਘਰ ਅਨੇਕ ਵਾਰ ਬਾਬਾ ਹਰਨਾਮ ਸਿੰਘ ਜੀ ਨੇ ਘਰ ਚਰਨ ਪਾਏ ਅਤੇ ਘਰ ਨੂੰ ਪਵਿੱਤਰ ਕੀਤਾ। ਉਨ੍ਹਾਂ ਦਾ ਬੰਸ ਬ੍ਰਿਛ ਇਸ ਪ੍ਰਕਾਰ ਹੈ-

ਦੇਵਾ ਸਿੰਘ (ਪੜਦਾਦਾ)
ਅਰਜਨ ਸਿੰਘ
ਬਲਵੰਤ ਸਿੰਘ
ਲਖਵੀਰ ਸਿੰਘ - ਦੇ ਦੋ ਹੋਰ ਭਰਾ ਸਨ ਜੋ ਮਰ ਗਏ ਸਨ
ਹਰਮਹਿੰਦਰ ਸਿੰਘ - ਜੋ ਇਟਲੀ ਬਿਦੇਸ਼ ਵਿਚ ਰਹਿ ਰਹੇ ਹਨ

ਭਾਈ ਦੇਵਾ ਸਿੰਘ ਜੀ ਜੋ ਇਸ ਪਰਿਵਾਰ ਦੇ ਪੜਦਾਦਾ ਸਨ, ਬਾਬਾ ਹਰਨਾਮ ਸਿੰਘ ਜੀ ਉਹਨਾਂ ਕੋਲ ਆਉਂਦੇ ਸਨ ਅਤੇ ਟਾਹਲੀ ਦੇ ਦਰਖਤ ਹੇਠ ਬੈਠਿਆ ਕਰਦੇ ਸਨ। ਅੱਜ ਉਹ ਟਾਹਲੀ ਦਾ ਦਰਖਤ ਸੁਕ ਚੁੱਕਾ ਹੈ ਅਤੇ ਜਗ੍ਹਾ ਪੱਕੀ ਕੀਤੀ ਹੋਈ ਹੈ। ਚਾਰ ਦੀਵਾਰੀ ਕੀਤੀ ਹੋਈ ਹੈ। ਜਗ੍ਹਾ ਦਾ ਘੇਰਾ ਲਗਭਗ ਅੱਠ ਮਰਲੇ ਹੈ। ਜਿਥੇ ਬਾਬਾ ਹਰਨਾਮ ਸਿੰਘ ਜੀ ਅਤੇ ਭਾਈ ਦੇਵਾ ਸਿੰਘ ਬੈਠਿਆ ਕਰਦੇ ਸਨ, ਉਥੇ ਉਹ ਯਾਦਗਾਰੀ ਅਸਥਾਨ ਕਾਇਮ ਕੀਤੇ ਹਨ। ਸੁਕੇ ਟਾਹਲੀ ਦੇ ਦਰਖਤ ਤੋਂ ਬਿਨਾਂ ਬਰਨਾ, ਫਲਾਹ ਕਿੱਕਰ ਅਤੇ ਬੋਹੜ ਦੇ ਦਰਖਤ ਮੌਜੂਦ ਹਨ ਜੋ ਅਸਥਾਨ ਦੀ ਪ੍ਰਾਚੀਨਤਾ ਨੂੰ ਪ੍ਰਗਟ ਕਰ ਰਹੇ ਹਨ।

ਉਪਰੋਕਤ ਅਸਥਾਨ ਦੇ ਨਾਲ ਗੁਰਦੁਆਰਾ ਦੀ ਇਮਾਰਤ ਬਣੀ ਹੋਈ ਹੈ। ਬਾਬਾ ਹਰਨਾਮ ਸਿੰਘ ਜੀ ਦੀ ਤਸਵੀਰ ਅੰਦਰ ਲਗਾਈ ਹੋਈ ਹੈ। ਕਦੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਪ੍ਰਕਾਸ਼ ਕੀਤਾ ਜਾਂਦਾ ਸੀ ਅਤੇ ਸਾਲ ਵਿਚ ਇਕ ਵਾਰ ਵਿਸਾਖੀ ਦਾ ਮੇਲਾ ਮਨਾਇਆ ਜਾਂਦਾ ਹੈ। ਖੁਸ਼ੀ ਗਮੀ ਦੇ ਮੌਕੇ ਤੇ ਇਸ ਅਸਥਾਨ ਤੇ ਪਿੰਡ ਦੇ ਲੋਕ ਇਕੱਠੇ ਹੋਇਆ ਕਰਦੇ ਸਨ ਪ੍ਰੰਤੂ ਅੱਜਕਲ ਹੋਰ ਵੀ ਗੁਰਦੁਆਰਾ ਕਾਇਮ ਹੋ ਗਿਆ ਹੈ। ਇਸ ਸਮੇਂ ਲਖਬੀਰ ਸਿੰਘ ਗੁਰਦੁਆਰੇ ਦੀ ਸੇਵਾ ਕਰ ਰਿਹਾ ਹੈ।

## 10.ਸਮਾਧ ਬ੍ਰਹਮ ਗਿਆਨੀ ਬਾਬਾ ਸੰਤ ਰਾਮ ਜੀ-

ਬ੍ਰਹਮ ਗਿਆਨੀ ਬਾਬਾ ਸੰਤ ਰਾਮ ਜੀ, ਬਾਬਾ ਹਰਨਾਮ ਸਿੰਘ ਜੀ ਦੇ ਭਤੀਜੇ ਸਨ ਜੋ ਬਾਬਾ ਜੀ ਹਰਨਾਮ ਸਿੰਘ ਜੀ ਵਾਂਗ ਰਿਧੀਆਂ ਸਿੱਧੀਆਂ ਦੇ ਮਾਲਿਕ ਸਨ ਜੋ ਬਚਨ ਕਰਦੇ ਸਨ। ਉਹ ਪੂਰਾ ਹੋ ਜਾਇਆ ਕਰਦਾ ਸੀ ਬਚਨ ਦੇ ਬਲੀ ਸਨ। ਉਹਨਾਂ ਦੀ ਸਮਾਧ ਪਿੰਡ ਖੁਣ ਖੁਣ ਕਲਾਂ ਵਿਚ ਮੌਜੂਦ ਹੈ, ਹਰ ਸਾਲ ਗਰਮੀਆਂ ਵਿਚ ਮੇਲਾ ਹੋਇਆ ਕਰਦਾ ਹੈ। ਬਾਬਾ ਹਰਨਾਮ

ਸਿੰਘ ਜੀ ਜਦੋਂ ਵੀ ਪਿੰਡ ਖੁਣ ਖੁਣ ਕਲਾਂ ਆਇਆ ਕਰਦੇ ਸਨ ਤਾਂ ਉਹ ਬਾਬਾ ਸੰਤ ਰਾਮ ਆਪਣੇ ਭਤੀਜੇ ਕੋਲ ਅਵਸ਼ ਆਉਂਦੇ ਸਨ ਅਤੇ ਅਧਿਆਤਮ ਗਿਆਨ ਆਦਿਕ ਦੇ ਬਚਨ ਕਰਿਆ ਕਰਦੇ ਸਨ।

ਇਕ ਵਾਰ ਪਿੰਡ ਖੁਣ ਖੁਣ ਕਲਾਂ ਵਿਚ ਪਲੇਗ ਦੀ ਬੀਮਾਰੀ ਪੈ ਗਈ, ਪਿੰਡ ਦੇ ਵਸਨੀਕ ਧੜਾ ਧੜ ਪਲੇਗ ਦੀ ਮਹਾਂਮਾਰੀ ਕਾਰਨ ਮਰ ਰਹੇ ਸਨ। ਜੇ ਦਸ ਮਰ ਜਾਂਦੇ ਤਾਂ ਉਹਨਾਂ ਦਾ ਸੰਸਕਾਰ ਕਰਕੇ ਪਿੰਡ ਦੇ ਵਸਨੀਕ ਵਾਪਸ ਮੁੜਦੇ ਤਾਂ ਅਗੋਂ ਪਿੰਡ ਵਿਚ ਵੀਹ ਹੋਰ ਲੋਕ ਮਰੇ ਹੁੰਦੇ ਸਨ ਜਾਂ ਮਰ ਰਹੇ ਹੁੰਦੇ। ਅੰਗਰੇਜ਼ੀ ਟ੍ਰੀਬੀਊਨ ਰੋਜ਼ਾਨਾ ਅਖਬਾਰ ਨੇ 1922 ਈ. ਵਿਚ ਲਿਖਿਆ ਸੀ ਕਿ ਪਲੇਗ ਦੀ ਬੀਮਾਰੀ 1898 ਈ. ਵਿਚ ਪੰਜਾਬ ਵਿਚ ਖਟਕੜ ਕਲਾਂ ਅਤੇ ਬੰਗਿਆਂ ਵਿਚ ਪਈ ਸੀ, ਜੋ ਸਾਰੇ ਪੰਜਾਬ ਵਿਚ ਫੈਲ ਗਈ ਉਸ ਸਮੇਂ ਪਲੇਗ ਨਾਲ ਮਰਨ ਵਾਲਿਆਂ ਦੀ ਗਿਣਤੀ ਟ੍ਰੀਬੀਊਨ ਅਖਬਾਰ ਨੇ ਮੁਰਦਿਆਂ ਦੀ ਗਿਣਤੀ 25,000 ਦੱਸੀ ਹੈ। ਇਹ ਬਿਮਾਰੀ ਲਾਇਲਾਜ ਹੋ ਗਈ ਸੀ। ਪਿੰਡ ਖੁਣ ਖੁਣ ਕਲਾਂ ਦੇ ਲੋਕ ਇਕੱਠੇ ਹੋ ਕੇ ਬਾਬ ਸੰਤ ਰਾਮ ਜੀ ਕੋਲ ਆਏ ਅਤੇ ਬੀਮਾਰੀ ਦਾ ਇਲਾਜ ਸੋਚਣ ਲਈ ਆਖਿਆ। ਬਾਬਾ ਸੰਤ ਰਾਮ ਜੀ ਆਪਣੇ ਚਾਚਾ ਬਾਬਾ ਹਰਨਾਮ ਸਿੰਘ ਜੀ ਕੋਲ ਡੇਰਾ ਭੱਟੀਆਂ ਵਿਚ ਵਿਚਾਰ ਕਰਨ ਲਈ ਗਏ।

ਛੇਤੀ ਹੀ ਵਿਚਾਰ ਕਰਕੇ ਬਾਬਾ ਸੰਤ ਰਾਮ ਜੀ ਡੇਰਾ ਭੱਟੀਆਂ ਤੋਂ ਪਿੰਡ ਖੁਣ ਖੁਣ ਕਲਾਂ ਆ ਗਏ। ਪਿੰਡ ਦੇ ਲੋਕ ਜੋ ਬਾਬਾ ਸੰਤ ਰਾਮ ਜੀ ਦੇ ਵਿਚਾਰ ਜਾਨਣ ਲਈ ਉਤਸੁਕ ਸਨ। ਬਾਬਾ ਜੀ ਨੇ ਖੁਣ ਖੁਣ ਕਲਾਂ ਆ ਕੇ ਲੋਕਾਂ ਨੂੰ ਕਹਿ ਦਿੱਤਾ ਕਿ ਅਸੀਂ ਆਪਣਾ ਸਰੀਰ ਤਿਆਗਣ ਲੱਗੇ ਹਾਂ। ਉਸ ਤੋਂ ਬਾਅਦ ਪਿੰਡ ਵਿਚ ਸ਼ਾਂਤੀ ਹੋ ਜਾਏਗੀ ਕਿਉਂਕਿ ਕੋਈ ਵੀ ਇਨਸਾਨ ਪਲੇਗ ਨਾਲ ਨਹੀਂ ਮਰੇਗਾ। ਤੁਸੀਂ ਇਸ ਦਿਨ ਸਾਡੀ ਬਰਸੀ ਮਨਾਇਆ ਕਰਨੀ। ਹਰ ਮਹੀਨੇ ਮਸਿਆ ਦੇ ਦਿਹਾੜੇ ਤੇ ਕੋਈ ਹੱਲ ਨਹੀਂ ਜੋਤੇਗਾ। ਉਸ ਦਿਨ ਕੋਈ ਵੀ ਪਿੰਡ ਦੀ ਬੀਬੀ ਦੁੱਧ ਨਹੀਂ ਰਿੜਕੇਗੀ। ਇਹ ਬਚਨ ਕਰਕੇ ਬਾਬਾ ਜੀ ਜ਼ਮੀਨ ਤੇ ਲੰਮੇ ਪੈ ਗਏ ਤੇ ਸਰੀਰ ਛਡ ਗਏ। ਪਿੰਡ ਵਿਚ ਪਲੇਗ ਦੀ ਬੀਮਾਰੀ ਸਦਾ ਲਈ ਖਤਮ ਹੋ ਗਈ।

## 11.ਡੇਰਾ ਬਾਬਾ ਹਰਨਾਮ ਸਿੰਘ ਗੜ੍ਹਦੀਵਾਲਾ

ਸੰਤ ਹਰਨਾਮ ਸਿੰਘ ਜੀ 1872 ਈ. ਵਿਚ ਕਾਦੀਆਂ ਤੋਂ ਡੇਰਾ ਭਟੀਆਂ ਅਤੇ ਫਿਰ ਗੜ੍ਹਦੀਵਾਲਾ ਆਏ ਸਨ। ਇਸ ਡੇਰੇ ਬਾਰੇ ਪਿਛਲੇ ਪੰਨਿਆਂ ਵਿਚ ਲਿਖਿਆ ਜਾ ਚੁੱਕਾ ਹੈ, ਇਥੇ ਬਾਬਾ ਜੀ ਦੀ ਦੇਹ ਦਾ ਸੰਸਕਾਰ ਹੋਇਆ ਸੀ ਅਤੇ ਫੁੱਲ (ਅਸਥੀਆਂ) ਡੇਰਾ ਭਟੀਆਂ ਵਿਚ ਲਿਆਂਦੇ ਗਏ

ਸਨ। ਇਥੇ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਸਮੇਂ ਸਮੇਂ ਚਰਨ ਪਾਉਂਦੇ ਰਹੇ। ਸਤਿਗੁਰੂ ਉਦੇ ਸਿੰਘ ਜੀ ਨੇ ਡੇਰੇ ਦੀ ਤਰਕੀ ਵੱਲ ਹਰ ਮੁਮਕਿਨ ਕੋਸ਼ਿਸ਼ ਕਰ ਰਹੇ ਹਨ।

## 12. ਪਿੰਡ ਖੁਡਾ ਵਿਚ ਬਾਬਾ ਹਰਨਾਮ ਸਿੰਘ ਜੀ ਦਾ ਅਸਥਾਨ

ਪਿੰਡ ਖੁਡਾ (ਜਿਲਾ ਹੁਸ਼ਿਆਰਪੁਰ) ਵਿਚ ਬਾਬਾ ਹਰਨਾਮ ਸਿੰਘ ਜੀ ਦਾ ਅਸਥਾਨ ਹੈ। ਇਹ ਅਸਥਾਨ ਮਹਲਾ ਵੱਡੀ ਬੋਹੜ, ਰਾਮਗੜ੍ਹੀਆ ਘਰਾਂ ਵਿਚ ਸਥਿਤ ਹੈ। ਇਸ ਮਹੱਲੇ ਵਿਚ ਪਹਿਲਾਂ ਬਾਬਾ ਹਰਨਾਮ ਸਿੰਘ ਜੀ ਆਇਆ ਕਰਦੇ ਸਨ, ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਰਨ ਪਾਏ।

ਪ੍ਰਿੰਸੀਪਲ ਤ੍ਰਿਲੋਕ ਸਿੰਘ ਜੀ ਖੁੱਡੇ ਵਾਲੇ ਦਸਦੇ ਹਨ ਕਿ ਉਹਨਾਂ ਦੀ ਦਾਦੀ ਜੀ ਦੱਸਿਆ ਕਰਦੇ ਸਨ ਕਿ ਬਾਬਾ ਜੀ ਲਾਖੇ ਰੰਗਦੀ ਘੋੜੀ ਤੇ ਸਵਾਰ ਹੋ ਕੇ ਸੰਤ ਹਰਬੰਸ ਸਿੰਘ ਰਾਮਗੜ੍ਹੀਆਂ ਦੇ ਘਰ ਚਰਨ ਪਾਇਆ ਕਰਦੇ ਸਨ ਜੋ ਆਪ ਹਰਬੰਸ ਸਿੰਘ ਜੀ ਸਵਾਸ-ਸਵਾਸ ਨਾਮ ਜਪਣ ਵਾਲੇ ਗੁਰਮੁਖ ਜੀਊੜੇ ਸਨ। ਜਿਸ ਪਾਸੇ ਘਰ ਵਿਚ ਬਾਬਾ ਹਰਨਾਮ ਸਿੰਘ ਜੀ ਬੈਠਿਆ ਕਰਦੇ ਸਨ, ਉਥੇ ਉਹਨਾਂ ਦਾ ਅਜੇ ਵੀ ਆਸਣ ਲਗਾਇਆ ਹੋਇਆ ਹੈ ਅਤੇ ਉਪਰ ਚੰਦੋਆ ਲਗਾਇਆ ਹੋਇਆ ਹੈ, ਕੋਈ ਵੀ ਉਥੇ। ਸੌਂਦਾ ਨਹੀਂ ਹੈ।

ਹਰਬੰਸ ਸਿੰਘ ਰਾਮਗੜ੍ਹੀਆ ਜੋ ਪ੍ਰਿੰਸੀਪਲ ਤ੍ਰਿਲੋਕ ਸਿੰਘ ਦੇ ਪਰਿਵਾਰ ਵਿਚ ਪਹਿਲਾ ਇਨਸਾਨ ਸੀ ਜਿਸ ਨੇ ਬਾਬਾ ਬੂੜ ਸਿੰਘ ਨਾਮਧਾਰੀ ਤੋਂ ਭਜਨ ਪੁਛਿਆ ਸੀ। ਉਸ ਨਾਲ ਪ੍ਰਿਸੀਪਲ ਦੇ ਪਿਤਾ ਜੀ ਸੰਤ ਲਛਮਣ ਸਿੰਘ ਨਾਮਧਾਰੀ ਦਾ ਬਹੁਤ ਪਿਆਰ ਪੈ ਗਿਆ ਸੀ। ਉਸਦੇ ਕਹਿਣ ਤੇ ਲਛਪਣ ਸਿੰਘ ਨੇ ਭਜਨ ਪੁੱਛ ਲਿਆ ਸੀ। ਕੂਕਿਆਂ ਦਾ ਡੇਰਾ ਪਿੰਡ ਭਟੀਆਂ ਵਿਚ ਸੀ ਮਾਤਾ ਖੇਮ ਕੌਰ ਜੀ ਬਾਬਾ ਹਰਨਾਮ ਸਿੰਘ ਜੀ ਕੋਲ ਰਹਿੰਦੀ ਸੀ, ਉਸਦਾ ਭਰਾ ਸੂਬਾ ਜਸਵੰਤ ਸਿੰਘ ਸਿਆਲਕੋਟੀਆ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸੂਬਾ ਸੀ, ਉਸਦਾ ਸੰਤ ਲਛਮਣ ਸਿੰਘ ਨਾਮਧਾਰੀ ਨਾਲ ਬਹੁਤ ਪਿਆਰ ਪੈ ਗਿਆ ਸੀ ਜੋ ਖੁਡੇ ਇਹਨਾ ਦੇ ਘਰ ਆਇਆ ਕਰਦਾ ਸੀ।

ਸੰਤ ਹਰਨਾਮ ਸਿੰਘ ਜੀ ਨੇ ਪਿੰਡ ਖੁਡਾ, ਪਿੰਡ ਰਲਹਣ, ਪਿੰਡ ਕੁਰਾਲਾ, ਪਿੰਡ ਪਲਾ ਚੱਕ ਆਦਿਕ ਵਿਚ ਬਹੁਤ ਧਰਮ ਪ੍ਰਚਾਰ ਕੀਤਾ। ਪਿੰਡ ਕੁਰਾਲੇ ਦੇ ਸੰਤ ਪ੍ਰੇਮ ਸਿੰਘ ਚਾਟੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ ਰਹਿੰਦੇ ਰਹੇ ਜੋ ਗੁਰੂ ਘਰ ਦੀ ਰਸੋਈ ਵਿਖੇ ਦੁੱਧ ਰਿੜਕਣ ਦਾ ਕਾਰਜ ਕਰਦੇ ਸਨ। ਇਹਨਾਂ ਤੋਂ ਬਿਨਾਂ ਪਿੰਡ ਝੱਜ, ਪਿੰਡ ਮੂਨਕ ਕਲਾਂ, ਪਿੰਡ ਹਰਿਆਣਾ, ਭੂੰਗਾ ਪਿੰਡ ਜਾਜਾ ਆਦਿਕ ਵਿਚ ਬਾਬਾ ਹਰਨਾਮ ਸਿੰਘ ਜੀ ਦੀ ਕਿਰਪਾ ਨਾਲ ਸਿੱਖੀ ਸੇਵਕੀ ਦੀ ਜਾਗ ਲਗੀ ਸੀ ਜੋ ਅੱਜ ਕੱਲ ਖਤਮ ਹੋ

ਚੁੱਕੀ ਹੈ।

ਬਾਬਾ ਹਰਨਾਮ ਸਿੰਘ ਜੀ ਦੇ ਸਮੇਂ ਸੰਤ ਹਰਬੰਸ ਸਿੰਘ ਰਾਮਗੜ੍ਹੀਆ ਦਾ ਘਰ ਖੁੱਡੇ ਅਤੇ ਇਸਦੇ ਦੁਆਲੇ ਪਿੰਡਾਂ ਲਈ ਧਰਮ ਸੈਂਟਰ ਬਣ ਚੁੱਕਾ ਸੀ। ਅੱਜ ਉਸ ਮਕਾਨ ਦੀ ਹਾਲਤ ਖਸਤਾ ਹੋ ਚੁਕੀ ਹੈ, ਉਸ ਮਕਾਨ ਦੇ ਮਾਲਕ ਅਮਰੀਕ ਸਿੰਘ ਦੇ ਦਸਣ ਅਨੁਸਾਰ ਮਕਾਨ ਦੋਬਾਰਾ ਬਣਾਇਆ ਜਾਵੇਗਾ। ਉਸ ਮਕਾਨ ਵਿਚ ਜਿਥੇ ਬਾਬਾ ਹਰਨਾਮ ਸਿੰਘ ਜੀ ਬਿਰਾਜਦੇ ਸਨ, ਉਥੇ ਆਸਣ ਬਾਬਾ ਜੀ ਦਾ ਲਗਾਇਆ ਗਿਆ ਹੈ ਅਤੇ ਉਪਰ ਚੰਦੋਆ ਵੀ ਲਗਾਇਆ ਗਿਆ ਹੈ। ਉਸ ਕਮਰੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਚਰਨ ਪਾਏ ਸਨ ਅਤੇ ਬਾਬਾ ਜੀ ਦੇ ਆਸਣ ਤੇ ਬਿਰਾਜੇ ਸਨ।

ਮਾਈ ਖੇਮ ਕੌਰ ਜੋ ਭਟੀਆਂ ਡੇਰੇ ਵਿਚ ਰਹਿੰਦੇ ਸਨ ਦਾ ਭਰਾ ਸੂਬਾ ਜਸਵੰਤ ਸਿੰਘ ਸਿਆਲਕੋਟੀਆ ਦਾ ਸੰਤ ਲਛਮਣ ਸਿੰਘ ਨਾਮਧਾਰੀ ਨਾਲ ਬਹੁਤ ਗੂੜਾ ਪਿਆਰ ਪੈ ਗਿਆ ਸੀ, ਉਹ ਖੁਡੇ ਵੀ ਆਇਆ ਕਰਦੇ ਸਨ। ਉਹਨਾਂ ਦੇ ਕਹਿਣ ਤੇ ਲਛਮਣ ਸਿੰਘ, ਹਰਬੰਸ ਸਿੰਘ ਜੀ ਨੇ ਸਤਿਗੁਰੂ ਜੀ ਅੱਗੇ ਅਰਜ਼ ਕਰਕੇ ਪਿੰਡ ਖੁਡੇ ਦਾ ਦੌਰਾ ਰੱਖਿਆ ਸੀ।

ਪਿੰਡ ਖੁੱਡਾਂ ਦੇ ਸੈਣੀ ਬਾਰ ਦੋਆਬਾ ਹਾਈ ਸਕੂਲ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਕੂਲ ਗਰਾਉਂਡ ਵਿਚ ਸਮਾਗਮ ਰਖੇ ਗਏ। ਸੰਗਤ ਦੇ ਰਹਿਣ ਦਾ ਪ੍ਰਬੰਧ ਵੀ ਕੀਤਾ ਗਿਆ। ਇਹ ਸਕੂਲ ਦਾ ਨਾਮ ਅੱਜਕੱਲ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਹੋ ਗਿਆ ਹੈ। ਸਤਿਗੁਰੂ ਜੀ ਦੇ ਲੰਗਰ ਦਾ ਪ੍ਰਬੰਧ ਹਰਬੰਸ ਸਿੰਘ ਰਾਮਗੜ੍ਹੀਆ ਦੇ ਘਰ ਕੀਤਾ ਗਿਆ ਸੀ। ਸਤਿਗੁਰੂ ਜੀ ਸੰਗਤ ਸਮੇਤ ਹਰਬੰਸ ਸਿੰਘ ਰਾਮਗੜ੍ਹੀਆ ਦੇ ਘਰ ਵਲ ਜਾ ਰਹੇ ਸਨ। ਵਰਤਮਾਨ ਸਮੇਂ ਵਿਚ ਡਾਕਟਰ ਮੋਹਨ ਦੇ ਦਵਾਖਾਨੇ ਨੇੜਿਓ ਲੰਘ ਕੇ ਪਰਜਾਪਤ ਬਰਾਦਰੀ ਦੇ ਕੁਝ ਘਰ ਆਉਂਦੇ ਸਨ ਜੋ ਮਹੰਤ ਆਤਮਾ ਸਿੰਘ ਸਨਖਤ੍ਰਾ (ਸਾਬਕਾ ਸੰਪਾਦਕ ਸਤਿਜੁਗ ਅਖਬਾਰ) ਦੇ ਰਿਸ਼ਤੇਦਾਰ ਸਨ। ਉਹਨਾਂ ਦੇ ਘਰਾਂ ਕੋਲੋਂ ਲੰਘ ਕੇ ਹਰਬੰਸ ਸਿੰਘ ਦੇ ਘਰ ਵੱਲ ਗਏ।

ਉਸ ਘਰ ਦੇ ਨੇੜੇ ਪ੍ਰਤਾਪ ਸਿੰਘ ਅਕਾਲੀ ਦਾ ਵੀ ਘਰ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਅਤੇ ਅੰਮ੍ਰਿਤਧਾਰੀ ਸੀ। ਉਹ ਦੇਹਧਾਰੀ ਗੁਰੂ ਦੇ ਖਿਲਾਫ ਸੀ। ਉਸਨੇ ਸਕੂਲ ਵਿਚ ਨਾਮਧਾਰੀ ਵਿਚਾਰਧਾਰਾ ਬਾਰੇ ਵਿਚਾਰ ਸੁਣੇ ਤਾਂ ਮਨ ਵਿਚ ਜਿਗਿਆਸਾ ਜਾਗੀ ਕਿ ਮੈਂ ਤਾਂ ਹੀ ਸਤਿਗੁਰਾਂ ਨੂੰ ਸਤਿਗੁਰੂ ਜਾਣਾਂਗਾ ਜੇਕਰ ਉਹ ਆਪ ਮੈਨੂੰ ਬੁਲਾਉਣ ਅਤੇ ਮੈਨੂੰ ਆਪ ਮੇਰੇ ਘਰ ਆ ਕੇ ਮੇਰਾ ਹਾਲ ਚਾਲ ਪੁੱਛਣ ਅਤੇ ਮੈਨੂੰ ਨਾਮ ਦੀ ਦਾਤ ਬਖਸ਼ਣ।

ਫਿਰ ਉਸਦੇ ਮਨ ਵਿਚ ਵਿਚਾਰ ਆਈ ਕਿ ਕਿਤੇ ਸਤਿਗੁਰੂ ਜੀ ਉਸਦੇ

ਘਰ ਨਾ ਆ ਜਾਣ! ਅਤੇ ਮੈਨੂੰ ਨਾਮ ਲੈਣਾ ਪੈ ਜਾਵੇ। ਇਸ ਲਈ ਉਹ ਆਪਣੇ ਘਰ ਆ ਕੇ ਛੱਤ ਤੇ ਚੜ੍ਹ ਗਿਆ। ਘਰ ਦੀ ਛੱਤ ਤੇ ਸਰੋਂ ਦਾ ਸਿਰਹਾਟਾ ਸਰੋਂ ਕੱਢ ਕੇ ਬਾਲਣ ਲਈ ਰੱਖਿਆ ਹੋਇਆ ਸੀ। ਉਹ ਘਰ ਦੀ ਛੱਤ ਤੇ ਚੜ੍ਹ ਗਿਆ ਅਤੇ ਲਕੜ ਦੀ ਪੌੜੀ ਜੋ ਛੱਤ ਉਪਰ ਜਾਣ ਲਈ ਲਗਾਈ ਹੋਈ ਸੀ। ਉਸਨੇ ਘਰਵਾਲਿਆਂ ਨੂੰ ਕਿਹਾ ਕਿ ਪੌੜੀ ਚੁੱਕ ਕੇ ਦੂਰ ਰਖ ਦੇਣ। ਘਰ ਵਾਲਿਆਂ ਨੇ ਅਜੇਹਾ ਹੀ ਕੀਤਾ ਅਤੇ ਆਪ ਪ੍ਰਤਾਪ ਸਿੰਘ ਅਕਾਲੀ ਨੇ ਸਰੋਂ ਦੇ ਬਾਲਣ ਵਿਚ ਆਪਣੇ ਆਪ ਨੂੰ ਲੁਕਾ ਲਿਆ।

ਉਧਰ ਸਤਿਗੁਰੂ ਪ੍ਰਤਾਪ ਸਿੰਘ ਜੀ ਸਿੱਖਾਂ ਸਮੇਤ ਹਰਬੰਸ ਸਿੰਘ ਰਾਮਗੜ੍ਹੀਆ ਦੇ ਘਰ ਪ੍ਰਸ਼ਾਦਾ ਛਕਣ ਲਈ ਆ ਰਹੇ ਸਨ। ਹਰਬੰਸ ਸਿੰਘ ਦੇ ਘਰ ਵੱਲ ਮੁੜਣ ਲੱਗੇ ਤਾਂ ਇਕ ਦਮ ਪਿਛੇ ਨੂੰ ਮੁੜ ਕੇ ਪ੍ਰਤਾਪ ਸਿੰਘ ਅਕਾਲੀ ਦੇ ਘਰ ਦੇ ਦਰਵਾਜੇ ਅੱਗੇ ਖਲੋ ਗਏ ਅਤੇ ਦਰਵਾਜਾ ਖੜਕਾਇਆ। ਘਰ ਦਿਆ ਮੈਂਬਰਾਂ ਨੇ ਦਰਵਾਜਾ ਖੋਹਲ ਦਿੱਤਾ। ਸਤਿਗੁਰੂ ਜੀ ਉਸਦੇ ਘਰ ਦੇ ਵਿਹੜੇ ਵਿਚ ਚਲੇ ਗਏ ਅਤੇ ਘਰ ਵਾਲਿਆਂ ਨੂੰ ਪੌੜੀ ਲਗਾਉਣ ਲਈ ਕਿਹਾ। ਘਰ ਦੇ ਮੈਬਰਾਂ ਨੇ ਹੈਰਾਨ ਹੋ ਕੇ ਪੌੜੀ ਲਗਾ ਦਿੱਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਪੌੜੀ ਰਾਹੀਂ ਮਕਾਨ ਦੀ ਛੱਤ ਤੇ ਪਹੁੰਚ ਗਏ ਅਤੇ ਜਾਂਦਿਆਂ ਹੀ ਪ੍ਰਤਾਪ ਸਿੰਘ ਅਕਾਲੀ ਨੂੰ ਜੋ ਸਰੋਂ ਦੇ ਬਾਲਣ ਵਿਚ ਲੁਕਿਆ ਹੋਇਆ ਸੀ, ਉਸ ਤੋਂ ਬਾਲਣ ਚੁੱਕ ਕੇ ਆਖਿਆ ਕਿ ਦਸ ਕੁਝ ਹੋਰ ਵੀ ਦੇਖਣਾ ਹੈ। ਪ੍ਰਤਾਪ ਸਿੰਘ ਅਕਾਲੀ, ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਮੁਆਫੀ ਮੰਗਣ ਲੱਗਾ। ਸਤਿਗੁਰੂ ਜੀ ਨੇ ਕਿਸੇ ਸਿੰਘ ਨੂੰ ਪ੍ਰਤਾਪ ਸਿੰਘ ਅਕਾਲੀ ਨੂੰ ਨਾਮ ਦੇਣ ਲਈ ਕਿਹਾ। ਹੁਣ ਪ੍ਰਤਾਪ ਸਿੰਘ ਅਕਾਲੀ ਦਾ ਹੰਕਾਰ ਖਤਮ ਹੋ ਗਿਆ ਸੀ ਅਤੇ ਸੱਚਾ ਸਿੱਖ ਬਣ ਗਿਆ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਖੁੱਡਾ ਦੇ ਇਲਾਕੇ ਨੂੰ ਭਾਗ ਲਗਾਉਂਦੇ ਹੋਏ ਪਿੰਡ ਪਲਾ ਚੱਕ ਵਲ ਗਏ ਜਿਥੇ ਬਾਬਾ ਹਰਨਾਮ ਸਿੰਘ ਜੀ ਦੇ ਗੁਰਸਿੱਖ ਦੇਵਾ ਸਿੰਘ ਜੀ ਅਤੇ ਉਸਦੇ ਪਰਿਵਾਰ ਨੂੰ ਮਿਲ ਕੇ ਖੁਸ਼ੀਆਂ ਬਖਸ਼ਦੇ ਹੋਏ ਉਸ ਪਿੰਡ ਦੇ ਨੇੜੇ ਨਿਰਮਲੇ ਸੰਤਾਂ ਦਾ ਡੇਰਾ ਗਿਰਵੜੀ ਸਾਹਿਬ ਦੇ ਨੇੜਿਓਂ ਲੰਘ ਕੇ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਮੂਨਕ ਕਲਾਂ ਗਏ, ਉਥੋਂ ਦਾ ਮੁਖ ਗ੍ਰੰਥੀ ਨਾਮਧਾਰੀ ਸੀ। ਉਥੋਂ ਸਤਿਗੁਰੂ ਜੀ ਟਾਂਡਾ ਉੜਮੁੜ ਵਲ ਚਲੇ ਗਏ।

# ਸਹਾਇਕ ਪੁਸਤਕ ਸੂਚੀ


1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ
2. ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ
3. ਗਿਆਨੀ ਗਿਆਨ ਸਿੰਘ: ਸ੍ਰੀ ਗੁਰੂ ਪੰਥ ਪ੍ਰਕਾਸ਼
4. ਸੰਤ ਸੇਵਾ ਸਿੰਘ: ਸੇ ਕਿਨੇਹਿਆ (ਜੀਵਨ ਸੰਤ ਹਰਨਾਮ ਸਿੰਘ ਰਾਮਪੁਰ ਖੇੜਾ)
5. ਸੁਵਰਨ ਸਿੰਘ ਵਿਰਕ: ਕੂਕਾ ਲਹਿਰ ਦੇ ਅਮਰ ਨਾਇਕ, ਸ੍ਰੀ ਭੈਣੀ ਸਾਹਿਬ, 2017
6. ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ): ਮਹਿਮਾ ਸਤਿਗੁਰਾਂ ਦੀ
7. ਬੀਬੀ ਸੁਰਿੰਦਰ ਕੌਰ ਖਰਲ: ਪ੍ਰਕਾਸ਼ ਪੁੰਜ (ਭਾਗ ਪਹਿਲਾ)
8. ਸੰਤ ਤਰਨ ਸਿੰਘ ਵਹਿਮੀ: ਜਸ ਜੀਵਨ (ਛੇ ਹਿੱਸੇ)
9. ਪ੍ਰਿੰਸੀਪਲ ਬੇਅੰਤ ਕੌਰ: ਲਾਲ ਏਹਿ ਰਤਨ (ਪੰਜ ਹਿਸੇ)
10. ਸਿਖ ਇਤਿਹਾਸ ਦੇ ਚੋਣਵੇਂ ਸਵਾਲ ਜਵਾਬ ਪ੍ਰਕਾਸ਼ਕ ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ, ਸ੍ਰੀ ਭੈਣੀ ਸਾਹਿਬ, 1991 ਈ.
11. ਗੁਰਦਿਆਲ ਸਿੰਘ ਰੀਹਲ: ਰਾਮਗੜ੍ਹੀਆ ਇਤਿਹਾਸ (ਭਾਗ ਪਹਿਲਾ)
12. ਸੰਖੇਪ ਇਤਿਹਾਸ ਸ਼੍ਰੋਮਣੀ ਭਗਤ ਨਾਮਦੇਵ ਜੀ, ਘੁਮਾਣ
13. ਭਾਈ ਕਾਹਲਾ ਸਿੰਘ ਨਾਮਧਾਰੀ: ਜਨਮ ਸਾਖੀ ਬ੍ਰਹਮ ਗਿਆਨੀ ਬਾਬਾ ਨਾਮਦੇਵ ਜੀ
14. ਪ੍ਰੋ. ਕ੍ਰਿਪਾਲ ਸਿੰਘ ਕਸੇਲ, ਵਧਾਵਾ ਸਿੰਘ ਭਗਤ ਨਾਮ ਦੇਵ ਜੀ ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬ, ਪਟਿਆਲਾ
15. ਚੇਤਨ ਸਿੰਘ ਸਾਬਕਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਗੁਰ ਤੀਰਥ ਸਾਈਕਲ ਯਾਤਰਾ ਕ੍ਰਿਤ ਭਾਈ ਧੰਨਾ ਸਿੰਘ ਚਹਿਲ, ਪਟਿਆਲਾ
16. ਪੰਜਾਬ ਦੇ ਪਿੰਡ, ਸ਼ਹਿਰ ਅਤੇ ਕਸਬੇ, ਪ੍ਰਕਾਸ਼ਕ ਅਮਰਜੀਤ ਪਬਲਿਸ਼ਰ ਕੰਪਨੀ, 2001 ਈ.
17. ਜਸਵਿੰਦਰ ਸਿੰਘ: ਕੂਕਾ ਜ ਨੋਟ ਇਨਦੀ ਪੰਜਾਬ

19 ਜਾਣਕਾਰੀ ਦੇਣ ਵਾਲੇ ਸੱਜਣ-

- ਸ. ਭੁਲਾ ਸਿੰਘ ਖੁਣ ਖੁਣ ਕਲਾਂ,
- ਬ੍ਰਹਮ ਗਿਆਨੀ ਭਗਤ ਅਰਜਨ ਦਾਸ ਖੁਣ ਖੁਣ ਕਲਾਂ,
- ਸੰਤ ਕਸ਼ਮੀਰ ਸਿੰਘ ਪਿੰਡ ਤੋਏ,
- ਸੰਤ ਪ੍ਰਭਜੀਤ ਸਿੰਘ ਰਾਣੀ ਪਿੰਡ ਵਾਲੇ,
- ਸੰਤ ਸੂਰਤ ਸਿੰਘ ਨਾਮਧਾਰੀ ਖੁਣ ਖੁਣ ਕਲਾਂ ਵਾਲੇ,
- ਚੌਧਰੀ ਅਨੰਤਰਾਮ ਖੁਣ ਖੁਣ ਕਲਾਂ ਵਾਲੇ,
- ਪ੍ਰਿੰਸੀਪਲ ਤ੍ਰਿਲੋਕ ਸਿੰਘ ਪਿੰਡ ਖੁਡਾ,
- ਮਹੰਤ ਆਤਮਾ ਸਿੰਘ ਸਨਖਤ੍ਰਵੀ,
- ਜਥੇਦਾਰ ਗੁਰਬਚਨ ਸਿੰਘ ਨਾਮਧਾਰੀ,
- ਅਮਰੀਕ ਸਿੰਘ ਨਾਮਧਾਰੀ ਖੁਡਾ

20. ਬਾਬਾ ਹਰਨਾਮ ਸਿੰਘ ਜੀ ਬਾਰੇ ਰਿਸਾਲਿਆਂ ਵਿਚ ਵੱਖ-ਵੱਖ ਲੇਖ-

- ਵਰਿਆਮ (ਮਾਸਿਕ) ਜਲੰਧਰ,
- ਰਾਮਗੜੀਆ ਮੰਚ (ਮਾਸਿਕ) ਜਲੰਧਰ,
- ਸ਼ਤਿਜੁਗ (ਪੰਦਰਵਾੜਾ) ਸ੍ਰੀ ਭੈਣੀ ਸਾਹਿਬ,
- ਵਰਤਮਾਨ ਹਿੰਦੋਸਤਾਨ (ਮਾਸਿਕ) ਨਵੀਂ ਦਿਲੀ




ਡੇਰਾ ਭਟੀਆਂ ਦੇ ਗੁਰਦੁਆਰੇ ਦੀ ਤਸਵੀਰ ਅਤੇ ਖੂਹੀ।



ਬਾਬਾ ਹਰਨਾਮ ਸਿੰਘ ਜੀ ਜੋ ਸੀਸ ਉੱਤੇ ਦੁਮਾਲਾ ਸਜਾਉਂਣ ਸਮੇਂ ਚੱਕਰ
ਅਤੇ ਤੀਰ ਜੋ ਹਰ ਸਮੇਂ ਹੱਥ ਵਿਚ ਰਖਿਆ ਕਰਦੇ ਸਨ,
ਡੇਰਾ ਭਟੀਆਂ ਵਿਚ ਮੌਜੂਦ ਹਨ ਅਤੇ
ਬਾਬਾ ਜੀ ਦਾ ਪਲੰਘ ਵੀ ਸੁਰੱਖਿਅਤ ਰੱਖਿਆ ਗਿਆ ਹੈ।



ਡੇਰਾ ਬਾਬਾ ਹਰਨਾਮ ਸਿੰਘ ਜੀ –
ਪਿੰਡ ਪਲਾਹ ਚੱਕ (ਜ਼ਿਲ੍ਹਾ ਹੁਸ਼ਿਆਰਪੁਰ) ਦੀ ਤਸਵੀਰ।



ਡੇਰਾ ਪਿੰਡ ਪਲਾਹ ਚੱਕ (ਜ਼ਿਲ੍ਹਾ ਹੁਸ਼ਿਆਰਪੁਰ) ਦੀ ਇਕ ਹੋਰ ਤਸਵੀਰ।




ਪਿੰਡ ਸਖੋਵਾਲ (ਜ਼ਿਲਾ ਗੁਰਦਾਸਪੁਰ) ਵਿਚ ਬਾਬਾ ਲੱਧਾ ਰਾਮ ਜੀ ਦਾ
ਅਸਥਾਨ ਜਿੱਥੇ ਅਖੰਡ ਜੋਤ ਜਗਦੀ ਹੈ।




ਡੇਰਾ ਬਾਬਾ ਹਰਨਾਮ ਸਿੰਘ ਜੀ ਕਸਬਾ ਕਾਦੀਆਂ (ਜਿਲਾ ਗੁਰਦਾਸਪੁਰ) ਵਿਚ ਸਤਿਗੁਰੂ ਰਾਮ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਕਈ ਸਾਲ ਨਿਰੰਤਰ ਨਾਮ ਸਿਮਰਨ ਕੀਤਾ। ਉਪਰੰਤ ਇਸ ਅਸਥਾਨ ਤੇ ਸੇਵਕ ਸੰਤ ਬਾਬਾ ਹਰਨਾਮ ਸਿੰਘ (ਰਾਮਗੜ੍ਹੀਆ) ਕਾਦੀਆਂ ਵਾਲਿਆਂ ਨੂੰ ਸੇਵਕ ਵਜੋਂ ਥਾਪ ਕੇ ਦੁਆਬੇ ਵੱਲ ਆ ਗਏ।



ਇਹ ਤਸਵੀਰ ਗੁਰਦੁਆਰਾ ਕੁੱਪਾ ਸਾਹਿਬ (ਪਿੰਡ ਸਖੋਵਾਲ) ਦੀ ਹੈ।
(ਜ਼ਿਲ੍ਹਾ ਗੁਰਦਾਸਪੁਰ)



ਸੰਤ ਹਰਨਾਮ ਸਿੰਘ ਜੀ (ਕਾਦੀਆਂ) ਜੋ ਬਾਬਾ ਹਰਨਾਮ ਸਿੰਘ ਜੀ ਗੜ੍ਹਦੀਵਾਲ
ਤੋਂ ਬਾਅਦ ਕਾਦੀਆਂ ਵਾਲੇ ਗੁਰਦੁਆਰੇ ਦੀ ਸਾਂਭ ਸੰਭਾਲ ਕਰਦੇ ਰਹੇ।



ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਗੜ੍ਹਦੀਵਾਲ ਜਿੱਥੇ
ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਬਾਬਾ ਹਰਨਾਮ ਸਿੰਘ ਜੀ ਦੇ ਡੇਰੇ
ਵੱਲੋਂ ਨਾਮਧਾਰੀ ਦੀਵਾਨ ਅਤੇ ਲੰਗਰ ਸਜਾਏ ਜਾਂਦੇ ਸਨ।



ਸਮਾਧ ਬਾਬਾ ਸੰਤ ਰਾਮ ਜੀ ਪਿੰਡ ਖੁਣ ਖੁਣ ਕਲਾਂ,
ਜੋ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਭਤੀਜਾ ਜੀ ਸਨ।



ਸੰਤ ਲਛਮਣ ਸਿੰਘ ਜੀ ਨਾਮਧਾਰੀ ਜਿਨ੍ਹਾਂ ਇਲਾਕੇ ਵਿਚ ਨਾਮਧਾਰੀ ਪੰਥ ਬਾਰੇ ਗੁਰਮਤਿ ਦਾ ਪ੍ਰਚਾਰ ਕੀਤਾ।



ਸੰਤ ਹਰਬੰਸ ਸਿੰਘ ਜੀ ਨਾਮਧਾਰੀ,ਜਿਨ੍ਹਾਂ ਇਲਾਕੇ ਵਿਚ ਨਾਮਧਾਰੀ ਪੰਥ ਬਾਰੇ ਗੁਰਮਤਿ ਦਾ ਪ੍ਰਚਾਰ ਕੀਤਾ।



ਚੌਧਰੀ ਬੂੜ ਸਿੰਘ ਜੀ ਗੜ੍ਹਦੀਵਾਲ, ਜੋ ਸਤਿਗੁਰੂ ਪ੍ਰਤਾਪ ਸਿੰਘ ਜੀ
ਅਤੇ ਨਾਮਧਾਰੀ ਪੰਥ ਦੇ ਹਿਮਾਇਤੀ ਸਨ।



ਪ੍ਰਿੰ. ਸੰਤ ਤ੍ਰਿਲੋਕ ਸਿੰਘ ਜੋ ਤਸਵੀਰਾਂ ਤਿਆਰ ਕਰਨ ਵਿਚ
ਮੇਰੇ ਸਹਾਇਕ ਬਣੇ।